
੧ੴ ਵਾਹਿਗੁਰੂ ਜੀ ਕੀ ਫਤਹਿ ॥

ਗੁਰੂਦੁਆਰੈ ਹੋਇ ਸੋਝੀ ਪਾਇਸੀ ॥

# ਜੀਵਨ ਦਰਸ਼ਨ
# ਸੰਤ ਅਮਰ ਸਿੰਘ ਜੀ ਕਿਰਤੀ






ਲੇਖਕ :

ਗਿਆਨੀ ਗੁਰਮੀਤ ਸਿੰਘ ਖੋਸਾ ਕੋਟਲਾ

੧ੴ ਵਾਹਿਗੁਰੂ ਜੀ ਕੀ ਫਤਹਿ॥

# ਜੀਵਨ ਦਰਸ਼ਨ
# ਸੰਤ ਅਮਰ ਸਿੰਘ ਜੀ ਕਿਰਤੀ



ਸੰਤ ਅਮਰ ਸਿੰਘ ਜੀ ਕਿਰਤੀ

ਲੇਖਕ
ਗਿਆਨੀ ਗੁਰਮੀਤ ਸਿੰਘ ਖੋਸਾ ਕੋਟਲਾ

ਪ੍ਰਕਾਸ਼ਕ
'ਸਚ ਕੀ ਬੇਲਾ'
ਪਿੰਡ ਦੀਵਾਨਾ, ਜ਼ਿਲ੍ਹਾ ਬਰਨਾਲਾ
ਫੋਨ : 98762-04624
www.suchkibela.com
asdiwana@gmail.com

## ਸਾਦਰ ਸਮਰਪਣ


ਕਲਮ ਅਤੇ ਤੇਗ਼ ਦੇ ਧਨੀ
ਗਿਆਨ-ਮੂਲ, ਵਿਦਿਆ-ਮੂਲ
**ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ**
ਦੇ ਪਵਿੱਤਰ ਚਰਨ-ਕਮਲਾਂ ਨੂੰ

ੴ ਸਤਿਗੁਰ ਪ੍ਰਸਾਦਿ॥
**ਅਕਾਲ ਸਹਾਇ॥**
**ਸ੍ਰੀ ਵਾਹਿਗੁਰੂ ਜੀ ਕੀ ਫਤਹਿ॥**
**ਹਰਿ ਸਚੇ ਤਖਤ ਰਚਾਇਆ॥**

ਪ੍ਰਕਾਸ਼ ਅਸਥਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ॥
ਪਟਨਾ ਗੁਰੂ ਕਾ ਘਰ ਹੈ (ਹੁਕਮਨਾਮਾ ਪਾ.੯)

**ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ**
**ਜੱਥੇਦਾਰ, ਤਖਤ ਸ੍ਰੀ ਹਰਿਮੰਦਰ ਸਾਹਿਬ, ਪਟਨਾ ਸਾਹਿਬ**
**ਪਟਨਾ-੮੦੦੦੦੮, ਬਿਹਾਰ (ਭਾਰਤ)**

# ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਲੋਂ ਅਸੀਸ



ਦਸਵੇਂ ਪਾਤਸ਼ਾਹ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਮੁੱਚੀ ਮਾਨਵਤਾ ਨੂੰ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ ਹੈ। ਸਤਿਗੁਰੂ ਜੀ ਦੀ ਬਾਣੀ ਨਾਲ ਜੁੜ ਕੇ ਵਡਭਾਗੇ ਗੁਰੂ ਪਿਆਰੇ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਆਪਣਾ ਜੀਵਨ ਸਫਲ ਕਰਦੇ ਹਨ ਅਤੇ ਹੋਰਨਾਂ 'ਤੇ ਵੀ ਪਰਉਪਕਾਰ ਕਰਦੇ ਹੋਏ ਪੀਵਹੁ ਪਾਹੁਲ ਖੰਡੇਧਾਰ ਹੋਇ ਜਨਮ ਸੁਹੇਲਾ' ਦੇ ਸਿਧਾਂਤ ਦਾ ਪ੍ਰਚਾਰ ਕਰਕੇ ਅਨੇਕਾਂ ਨੂੰ ਗੁਰਬਾਣੀ ਦੇ ਲੜ ਲਾਉਂਦੇ ਹਨ। ਉਨ੍ਹਾਂ ਵਿੱਚੋਂ ਹੀ ਤਿਆਗ ਦੀ ਮੂਰਤ, ਸਾਦਾ ਜੀਵਨ, ਪਰਉਪਕਾਰੀ ਸੁਭਾਅ, ਸ਼ਾਂਤ ਚਿੱਤ ਆਤਮਾ ਸੰਤ ਬਾਬਾ ਅਮਰ ਸਿੰਘ ਕਿਰਤੀ ਜੀ ਸਨ। ਜਿਨ੍ਹਾਂ ਨੇ ਟਕਸਾਲ ਵਿਚੋਂ ਗੁਰਮਤਿ ਦੀ ਵਿੱਦਿਆ ਪ੍ਰਾਪਤ ਕਰਕੇ ਸਾਰੀ ਉਮਰ ਬੇਅੰਤ ਵਿਦਿਆਰਥੀਆਂ ਨੂੰ ਵਿਦਿਆ ਪੜ੍ਹਾਈ। ਕਲਗੀਧਰ ਜੀ ਨੇ ਨਿਮਾਣੇ 'ਤੇ ਕਿਰਪਾ ਕਰਦਿਆਂ ਜੋ ਆਪਣੀ ਵਿੱਦਿਆ ਦੀ ਦਾਤ ਬਖਸ਼ਿਸ਼ ਕੀਤੀ ਹੈ। ਇਸ ਵਿਦਿਆ ਨੂੰ ਸਿਖਣ ਲਈ ਕਿਰਤੀ ਜੀ ਕੋਲ ਰਹਿਣ ਦਾ ਕੁਝ ਸਮਾਂ ਮਿਲਿਆ। ਐਸੇ ਮਹਾਂਪੁਰਖਾਂ ਦਾ ਜੀਵਨ ਮਨੁੱਖਤਾ ਲਈ ਮਾਰਗ ਦਰਸ਼ਕ ਹੁੰਦਾ ਹੈ। ਅੱਜ ਸਾਨੂੰ ਮਹਾਂਪੁਰਖਾਂ ਦੇ ਪਾਏ ਪੂਰਨਿਆਂ 'ਤੇ ਚੱਲਣਾ ਚਾਹੀਦਾ ਹੈ, ਤਾਂ ਜੋ ਸਾਡਾ ਜੀਵਨ ਸਫਲਾ ਹੋ ਸਕੇ। ਹਥਲੀ ਪੁਸਤਕ 'ਜੀਵਨ ਦਰਸ਼ਨ ਸੰਤ ਬਾਬਾ ਅਮਰ ਸਿੰਘ ਜੀ ਕਿਰਤੀ' ਆਪ ਸੰਗਤਾਂ ਨੂੰ ਅਰਪਨ ਕਰਦਿਆਂ ਖੁਸ਼ੀ ਹੋ ਰਹੀ ਹੈ। ਕਲਗੀਧਰ ਪਾਤਸ਼ਾਹ ਜੀ ਸਮੂਹ ਸੰਗਤਾਂ ਉਪਰ ਆਪਣੀਆਂ ਖੁਸ਼ੀਆਂ ਰੱਖਣ।

**ਗੁਰੂ ਪੰਥ ਦਾ ਦਾਸ**
**ਸਹੀ/-**
**(ਇਕਬਾਲ ਸਿੰਘ ਗਿਆਨੀ)**
**ਜਥੇਦਾਰ**

ਅਸੀਸਾਂ

690/3-10/500

ੴ ਵਾਹਿਗੁਰੂ ਜੀ ਕੀ ਫਤਹਿ ॥


97811-30036
98782-37545
Fax: 01655-220036

ਜਥੇਦਾਰ ਬਲਵੰਤ ਸਿੰਘ ਨੰਦਗੜ੍ਹ
ਤਖ਼ਤ ਸ੍ਰੀ ਦਮਦਮਾ ਸਾਹਿਬ (ਗੁਰੂ ਕਾਸ਼ੀ)
ਤਲਵੰਡੀ ਸਾਬੋ, ਜ਼ਿਲਾ ਬਠਿੰਡਾ (ਪੰਜਾਬ)

Jathedar Balwant Singh Nandgarh
Takht Sri Damdama Sahib (Guru Kashi)
Talwandi Sabo, Distt. Bathinda (Pb.)

ੴਸਤਿਗੁਰ ਪ੍ਰਸਾਦਿ ॥
ਅਕਾਲ ਸਹਾਇ ॥
ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥

## ਅਸ਼ੀਸ਼ ਤਖ਼ਤ ਸ਼੍ਰੀ ਦਮਦਮਾ ਸਾਹਿਬ ਗੁਰੂ ਕਾਸ਼ੀ (ਤਲਵੰਡੀ ਸਾਬੋ)



ਧੰਨ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਦੀ ਪਾਵਨ ਧਰਤੀ ਤੋਂ ਦਮਦਮੀ ਟਕਸਾਲ ਦੀ ਸ਼ੁਰੂਆਤ ਕੀਤੀ ਹੈ। ਸਮੇਂ-ਸਮੇਂ ਨਾਲ ਟਕਸਾਲ ਦੇ ਵਿਦਿਆਰਥੀ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਸਾਰ ਅਤੇ ਪ੍ਰਚਾਰ ਦੀ ਸੇਵਾ ਤਨਦੇਹੀ ਨਾਲ ਕਰਦੇ ਆ ਰਹੇ ਹਨ। ਇਨ੍ਹਾਂ ਹੀ ਗੁਰੂ ਪਿਆਰ ਵਾਲਿਆਂ ਵਿੱਚੋਂ ਬਾਬਾ ਅਮਰ ਸਿੰਘ 'ਕਿਰਤੀ' ਜੀ ਵੀ ਹਨ। ਜਿਨ੍ਹਾਂ ਨੇ ਟਕਸਾਲ ਦੀ ਵਿੱਦਿਆ ਪ੍ਰਾਪਤ ਕਰਕੇ ਆਪਣੀ ਜ਼ਿੰਦਗੀ ਦਾ ਲੰਮਾ ਸਮਾਂ ਇਸ ਮਾਲਵੇ ਦੇ ਇਲਾਕੇ ਵਿਚ ਰਹਿ ਕੇ ਵਿਦਿਆਰਥੀਆਂ ਨੂੰ ਗੁਰਮਤਿ ਦੀ ਵਿਦਿਆ ਪੜ੍ਹਾਈ। ਸਿੱਖੀ ਦਾ ਪ੍ਰਚਾਰ ਕਰਕੇ ਜੀਵਨ ਸਫਲ ਕੀਤਾ ਹੈ। ਇਹ ਪੁਸਤਕ 'ਜੀਵਨ ਦਰਸ਼ਨ ਸੰਤ ਬਾਬਾ ਅਮਰ ਸਿੰਘ ਜੀ ਕਿਰਤੀ' ਬਹੁਤ ਹੀ ਸ਼ਲਾਘਾਯੋਗ ਉੱਦਮ ਹੈ। ਆਸ ਹੈ ਸਾਰੀਆਂ ਸੰਗਤਾਂ ਮਹਾਂਪੁਰਖਾਂ ਦੇ ਜੀਵਨ ਤੋਂ ਸੇਧ ਲੈਂਦਿਆਂ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਚਰਨਾਂ ਨਾਲ ਜੁੜ ਕੇ ਆਪਣਾ ਜੀਵਨ ਸਫਲ ਕਰਨਗੀਆਂ ।

ਗੁਰੂ ਪੰਥ ਦਾ ਦਾਸ
ਸਹੀ/-
(ਗਿਆਨੀ ਬਲਵੰਤ ਸਿੰਘ)
ਜਥੇਦਾਰ

# ਅਸ਼ੀਸ਼

ਵਿਦਿਆ ਮਾਰਤੰਡ ਸ੍ਰੀ ਮਾਨ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਮਨ ਵਿੱਚ ਗੁਰਮਤਿ ਦੇ ਬਾਗ ਨੂੰ ਹਰਿਆ ਭਰਿਆ ਦੇਖਣ ਦੀ ਤੀਬਰ ਇੱਛਾ ਸੀ। ਪ੍ਰਚਾਰ ਦੇ ਖੇਤਰ ਵਿੱਚ ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂਵਾਲਿਆਂ ਵੱਲੋਂ ਅਰੰਭੇ ਇਸ ਮਹਾਨ ਪਰਉਪਕਾਰ ਨੂੰ ਜਾਰੀ ਰੱਖਦੇ ਹੋਏ ਉਹਨਾਂ ਨੇ ਵਿਦਿਆ ਪੜ੍ਹਨ-ਪੜ੍ਹਉਣ ਨੂੰ ਸਭ ਤੋਂ ਜ਼ਿਆਦਾ ਤਰਜੀਹ ਦਿੱਤੀ ਅਤੇ ਉਹਨਾਂ ਨੇ ਆਪਣੀ ਕਠਨ ਮਿਹਨਤ ਸਦਕਾ ਗੁਰਬਾਣੀ ਦੀ ਸ਼ੁੱਧ ਸੰਥਿਆ ਕਰਵਾ ਕੇ ਪ੍ਰਚਾਰਕਾਂ ਦੇ ਰੂਪ ਵਿੱਚ ਪੰਥ ਦੀ ਝੋਲੀ ਅਨੇਕ ਹੀਰੇ ਤਰਾਸ ਕੇ ਪਾਏ। ਪ੍ਰਚਾਰਕਾਂ ਦੇ ਇਸ ਭਰੇ ਹੋਏ ਗੁਲਸ਼ਨ ਵਿੱਚ ਸੰਤ ਬਾਬਾ ਅਮਰ ਸਿੰਘ ਜੀ ਕਿਰਤੀ ਉਹਨਾਂ ਦੇ ਪਹਿਲੇ ਵਿਦਿਆਰਥੀਆਂ ਵਿੱਚੋਂ ਸਨ। ਆਪ ਜੀ ਨੇ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਜਥੇ ਵਿੱਚ ਰਹਿ ਕੇ ਸ਼ੁੱਧ ਗੁਰਬਾਣੀ ਪਾਠ ਦੀ ਸੰਥਿਆ ਤੋਂ ਇਲਾਵਾ ਹੋਰ ਬਹੁਤ ਸਾਰੇ ਗ੍ਰੰਥਾਂ ਦਾ ਅਧਿਐਨ ਕੀਤਾ। ਜਥੇ ਵਿੱਚ ਰਹਿੰਦਿਆਂ ਜਦੋਂ ਆਪ ਜੀ ਗੁਰਮਤਿ ਵਿਦਿਆ ਵਿੱਚ ਨਿਪੁੰਨ ਹੋ ਗਏ ਤਾਂ ਆਪ ਜੀ ਨੇ ਗੁਰਮਤਿ ਪ੍ਰਚਾਰ ਲਈ ਮਾਲਵਾ ਖੇਤਰ ਨੂੰ ਚੁਣਿਆ। ਜਿਥੇ ਆਪ ਜੀ ਨੇ ਮਾਲਵਾ ਖੇਤਰ ਵਿੱਚ ਪਿੰਡ-ਪਿੰਡ ਜਾ ਕਰ ਕੇ ਮਹਾਂਪੁਰਖਾਂ ਵੱਲੋਂ ਲੱਗੀ ਗੁਰਮਤਿ ਪ੍ਰਚਾਰ ਦੀ ਸੇਵਾ ਨੂੰ ਬਹੁਤ ਹੀ ਸਿਦਕ ਦਿਲੀ ਨਾਲ ਨਿਭਾਇਆ, ਉਥੇ ਆਪ ਜੀ ਨੇ ਅਨੇਕਾ ਪ੍ਰਾਣੀਆਂ ਨੂੰ ਖੰਡੇ-ਬਾਟੇ ਦਾ ਅੰਮ੍ਰਿਤਪਾਨ ਕਰਵਾ ਕਰ ਕੇ ਗੁਰੂ ਦੇ ਲੜ ਲਾਇਆ। ਆਪ ਜੀ ਅੰਮ੍ਰਿਤ ਵੇਲੇ ਉੱਠ ਕਰ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਸੰਭਾਲ, ਨਿਤਨੇਮ ਕਰਨਾ, ਸਾਦੇ ਲਿਬਾਸ ਵਿਚ ਰਹਿਣਾ ਪਸੰਦ ਕਰਦੇ ਸਨ ਅਤੇ ਸਿੰਘਾਂ ਦੀ ਸੇਵਾ ਅਤੇ ਨਾਮ ਦੀ ਮਸਤੀ ਵਿੱਚ ਰਹਿਣਾ; ਆਪ ਜੀ ਦੇ ਜੀਵਨ ਦੇ ਪ੍ਰਮੁੱਖ ਗੁਣ ਸਨ। ਸੰਤ ਗਿਆਨੀ ਗੁਰਮੀਤ ਸਿੰਘ ਜੀ ਦੁਆਰਾ ਲਿਖੀ ਮਹਾਂ ਪੁਰਸ਼ਾਂ ਦੀ ਜੀਵਨੀ ਇੱਕ ਅਤੀ ਸ਼ਲਾਘਾਯੋਗ ਉਦਮ ਹੈ। ਜਿਥੇ ਗਿਆਨੀ ਗੁਰਮੀਤ ਸਿੰਘ ਜੀ ਨੇ ਮਹਾਂਪੁਰਖਾਂ ਦੇ ਜੀਵਨ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਲਿਖਿਆ ਹੈ, ਉਥੇ ਗਿਆਨੀ ਜੀ ਦੀ ਵਿਦਵਤਾ, ਸ਼ਬਦਾਂ ਉਪਰ ਪਕੜ ਅਤੇ ਸ਼ੈਲੀ ਵੀ ਕਮਾਲ ਦੀ ਹੈ। ਅਸੀਂ "ਸਿੱਖ ਜਗ੍ਰਤੀ ਮੰਚ" ਵੱਲੋਂ ਗਿਆਨੀ ਗੁਰਮੀਤ ਸਿੰਘ ਜੀ ਦੇ ਇਸ ਉਦਮ ਦੀ ਉਹਨਾਂ ਨੂੰ ਵਧਾਈ ਦਿੰਦੇ ਹੋਏ, ਵਾਹਿਗੁਰੂ ਜੀ ਅੱਗੇ ਅਰਦਾਸ ਕਰਦੇ ਹਾਂ ਕਿ ਉਹ ਆਉਣ ਵਾਲੇ ਸਮੇਂ ਵਿੱਚ ਇਸੇ ਤਰ੍ਹਾਂ ਹੀ ਕੌਮ ਦੀ ਸੇਵਾ ਕਰਦੇ ਰਹਿਣ।

ਸੰਤ ਗਿਆਨੀ ਭੁਪਿੰਦਰ ਸਿੰਘ ਜੀ ਚੌਪਾਰਾਏ
ਜੱਥੇਦਾਰ ਬਾਬਾ ਜੋਗਿੰਦਰ ਸਿੰਘ ਜੀ ਰਕਬਾ

# ਦੋ ਸ਼ਬਦ

ਪੰਜਾਬੀ ਸਹਿਤ ਵਿੱਚ ਜੀਵਨ ਗਥਾਵਾਂ ਲਿਖਣ ਦੀ ਪਰੰਪਰਾ ਜਨਮ ਸਾਖੀਆਂ ਨਾਲ ਅਰੰਭ ਹੁੰਦੀ ਹੈ। ਭਾਈ ਮਨੀ ਸਿੰਘ; ਭਾਈ ਵੀਰ ਸਿੰਘ ਤੋਂ ਲਾ ਕੇ ਅੱਜ ਤੱਕ ਗੁਰੂ ਸਹਿਬਾਨਾਂ ਅਤੇ ਗੁਰਸਿੱਖਾਂ ਨਾਲ ਸੰਬੰਧਤ ਸਾਖੀਆਂ ਅਤੇ ਜੀਵਨ ਗਥਾਵਾਂ ਲਿਖੀਆਂ ਜਾਂਦੀਆਂ ਰਹੀਆਂ ਹਨ। ਸੇਵਾ ਸਿਮਰਨ ਅਤੇ ਭਗਤੀ ਨੂੰ ਅਪਣੇ ਜੀਵਨ ਵਿੱਚ ਧਾਰਨ ਕਰਨ ਵਾਲੇ ਗੁਰੂ ਸਹਿਬਾਨ ਦੇ ਜੀਵਨ ਬ੍ਰਿਤਾਂਤ ਅਤੇ ਗੁਰਸਿੱਖਾਂ ਦੇ ਅਮਲੀ ਜੀਵਨ ਵਿੱਚ ਧਾਰਨ ਕੀਤੇ ਗੁਰਮਤਿ ਦੇ ਅਸੂਲਾਂ ਵਾਲੇ ਜੀਵਨ ਨੂੰ ਵਾਚਣਾ ਅਵੱਸ਼ ਜ਼ਰੂਰੀ ਹੈ ਕਿਉਂਕਿ ਅਜਿਹੀਆ ਜੀਵਨ ਗਥਾਵਾਂ ਪੜ੍ਹਨ ਸੁਣਨ ਨਾਲ ਤਿਨਾ ਦੇਖਿ ਮਨਿ ਚਾਉ **"ਠੰਢਾ ਹਉ ਕਦਿ ਪਾਈ ਗੁਣਤਾਸਾ"**। ਦੀ ਲਾਲਸਾ ਪੈਦਾ ਹੁੰਦੀ ਹੈ। ਪਰਮਾਰਥ ਦੇ ਪਾਂਧੀਆਂ ਦੀਆਂ ਜੀਵਨ ਗਥਾਵਾਂ ਜਗਿਆਸੂਆਂ ਦਾ ਮਾਰਗ ਰੌਸ਼ਨ ਕਰਦੀਆਂ ਹਨ। ਗੁਰਸਿੱਖੀ ਜੀਵਨ ਨਾਲ ਲਵਰੇਜ਼ ਗੁਰਸਿਖਾਂ ਦੀਆਂ ਜੀਵਨ ਗਥਾਵਾਂ ਸੁਣਨ ਨਾਲ ਗੁਰਸਿੱਖ ਪ੍ਰੇਮੀਆਂ ਦੇ ਮਨ ਅੰਦਰ ਨਾਮ-ਸਿਮਰਨ ਤੇ ਗੁਰਸਿੱਖੀ ਜੀਵਨ ਲਈ ਉਤਸ਼ਾਹ ਪੈਦਾ ਹੁੰਦਾ ਹੈ। ਸੇਵਾ-ਸਿਮਰਨ, ਭਗਤੀ ਅਤੇ ਗੁਰਸਿਖੀ ਜੀਵਨ ਨੂੰ ਪ੍ਰਣਾਏ ਹੋਏ ਇਹਨਾਂ ਗੁਰਮਤਿ ਦੇ ਪਾਂਧੀਆਂ ਵਿਚੋਂ ਸੰਤ ਬਾਬਾ ਅਮਰ ਸਿੰਘ ਜੀ ਕਿਰਤੀ ਦਾ ਜੀਵਨ ਇੱਕ ਲੰਬੀ ਦਾਸਤਾਨ ਹੈ। ਆਪ ਜੀ ਦੇ ਹਿਰਦੇ ਵਿੱਚ ਸਿੱਖ ਫੁਲਵਾੜੀ ਨੂੰ ਵੱਧਦੇ-ਫੁੱਲਦੇ ਦੇਖਣ ਦਾ ਅਥਾਹ ਚਾਉ ਸੀ। ਜਿਥੇ ਆਪ ਜੀ ਨੇ ਆਪਣੇ ਹਿਰਦੇ ਦੇ ਇਸ ਵਲਵਲੇ ਤਹਿਤ ਨਾਮ-ਸਿਮਰਨ, ਕਥਾ, ਕੀਰਤਨ ਤੇ ਅੰਮ੍ਰਿਤ ਸੰਚਾਰ ਦੇ ਦੈਵੀ ਕਾਰਜਾਂ ਦੀ ਇੱਕ ਲਹਿਰ ਪੈਦਾ ਕੀਤੀ। ਉਥੇ ਆਪ ਜੀ ਨੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਵਿੱਦਿਆ ਪੜ੍ਹਨ-ਪੜ੍ਹਾਉਣ ਦੇ ਮਨੋਰਥ ਨੂੰ ਅੱਗੇ ਵਧਾਉਂਦੇ ਹੋਏ ਸੈਂਕੜੇ ਵਿੱਦਿਆਰਥੀਆਂ ਨੂੰ ਵਿੱਦਿਆ ਪੜ੍ਹਾਉਣ ਦਾ ਕੰਮ ਵੀ ਕੀਤਾ। ਅੱਜ ਵੀ ਬਾਬਾ ਜੀ ਤੋਂ ਵਿੱਦਿਆ ਪ੍ਰਾਪਤ ਕਰਨ ਵਾਲੇ ਵਿੱਦਿਆਰਥੀ ਸਿੱਖੀ ਦੀ ਇਸ ਫੁੱਲਵਾੜੀ ਨੂੰ ਵਧਾਉਣ ਦੇ ਕਾਰਜ ਵਿੱਚ ਜੁਟੇ ਹੋਏ ਹਨ। ਸੰਤ ਗਿਆਨੀ ਗੁਰਮੀਤ ਸਿੰਘ ਜੀ ਦੁਆਰਾ ਲਿਖੀ ਸੰਤ ਬਾਬਾ ਅਮਰ ਸਿੰਘ ਜੀ ਕਿਰਤੀ ਦੀ ਜੀਵਨ ਗਾਥਾ ਜਿਥੇ ਗੁਰਮਤਿ ਦੇ ਪਾਂਧੀਆਂ ਲਈ ਇੱਕ ਨਵਾਂ ਉਤਸ਼ਾਹ ਪੈਦਾ ਕਰੇਗੀ ਉਥੇ ਅੱਜ ਟਕਸਾਲ ਦੇ ਵਿੱਦਿਆਲਿਆਂ ਵਿੱਚੋਂ ਧਾਰਮਿਕ ਗ੍ਰੰਥਾਂ ਨੂੰ ਪੜ੍ਹਨ-ਪੜ੍ਹਾਉਣ ਦੇ ਘੱਟ ਰਹੇ ਰੁਝਾਨ ਲਈ ਪ੍ਰੇਰਣਾਮਈ ਕਾਰਜ ਦਾ ਕੰਮ ਵੀ ਕਰੇਗੀ। ਸੰਤ ਗਿਆਨੀ ਗੁਰਮੀਤ ਸਿੰਘ ਜੀ ਜਿਥੇ ਮੈਗਜ਼ੀਨ "ਸਚ ਕੀ ਬੇਲਾ" ਵਿੱਚ ਹੁਕਮਨਾਮੇ ਦੀ ਵਿਆਖਿਆ ਲਿਖਣ ਦੀ ਮਹਾਨ ਸੇਵਾ ਕਰਦੇ ਹਨ ਉਥੇ ਮਹਾਂਪੁਰਸ਼ਾਂ ਵੱਲੋਂ ਪੰਜਾਬੀ ਸਹਿਤ ਜੀਵਨ ਗਾਥਾ ਦੇ ਇਤਿਹਾਸ ਵਿੱਚ ਬਾਬਾ ਅਮਰ ਸਿੰਘ ਜੀ ਕਿਰਤੀ ਦੀ ਜੀਵਨੀ ਇੱਕ ਵੱਡਮੁਲਾ ਯੋਗਦਾਨ ਹੈ

**ਗਿਆਨੀ ਅਨਭੋਲ ਸਿੰਘ ਦੀਵਾਨਾ**

**ਮੁੱਖ ਸੰਪਾਦਕ**

**"ਸਚ ਕੀ ਬੇਲਾ"**

# ਦੂਜਾ ਐਡੀਸ਼ਨ

ਪੇਸ਼ ਪੁਸਤਕ 'ਸਚ ਕੀ ਬੇਲਾ' ਵੱਲੋਂ ਦੂਜੀ ਐਡੀਸ਼ਨ ਛਪਵਾਉਣ ਦਾ ਉਪਰਾਲਾ ਕੀਤਾ ਗਿਆ ਹੈ। ਪੁਸਤਕ 'ਸਚ ਕੀ ਬੇਲਾ' ਸਮੂਹ ਮਹਾਂਪੁਰਖਾਂ ਵੱਲੋਂ, ਸੰਗਤਾਂ ਦੇ ਰੂਪ ਵਿਚ ਸਰਬੱਤ ਸਮਾਜ ਬਖਸ਼ੀ ਗਈ ਹੈ। ਜਿਸਦਾ ਮਕਸਦ ਪੇਸ਼ ਰਚਨਾਵਾਂ ਅਤੇ ਪੇਸ਼ ਸ਼ਖਸੀਅਤਾਂ ਦੇ ਜੀਵਨਾਂ ਦੁਆਰਾ ਗੁਰੂ ਸਾਹਿਬ ਦੀ ਜੀਵਨ ਸ਼ਖਸ਼ਾਂ ਨੂੰ ਵਰਤਮਾਨ ਸਮੇਂ ਵਿਚ ਪ੍ਰਸਤੁਤ ਕਰਨਾ ਹੈ। ਗੁਰੂ ਕਾਲ ਤੋਂ ਹੀ ਗੁਰੂ ਸਵਾਰੇ ਗੁਰਮੁਖ, ਮਹਾਂਪੁਰਖ, ਸਾਧੂ, ਸੰਤ, ਗੁਰੂ ਸਾਹਿਬ ਜੀ ਦੀਆਂ ਸਿੱਖਿਆਵਾਂ 'ਤੇ ਅਮਲ ਕਰਕੇ, ਆਪਣੀ ਜ਼ਿੰਦਗੀ ਨੂੰ ਸਵਾਰਦਿਆਂ, ਦੂਜਿਆਂ ਲਈ ਪ੍ਰੇਰਣਾ ਸਰੋਤ ਬਣਦੇ ਆਏ ਹਨ। ਜਿਨ੍ਹਾਂ ਗੁਰੂ ਸਵਾਰਿਆਂ ਨੇ ਪੇਸ਼ ਘਾਲਣਾਵਾਂ ਘਾਲੀਆਂ ਹਨ, ਗੁਰੂ ਸਾਹਿਬ ਦੀਆਂ ਬਖਸ਼ਸ਼ਾਂ ਸਦਕੇ ਅਨੇਕਾਂ ਸੰਪ੍ਰਦਾਵਾਂ ਦੇ ਰੂਪ ਵਿਚ ਪੰਥ ਅੰਦਰ ਉਭਰ ਕੇ ਅੱਗੇ ਆਈਆਂ ਹਨ। ਪੰਥ ਨੂੰ ਆਪਣੀਆਂ ਸੰਪ੍ਰਦਾਵਾਂ 'ਤੇ ਮਾਣ ਹੈ; ਜਿਨ੍ਹਾਂ ਨੇ ਵਿਪਰੀਤਤਾਵਾਂ ਭਰੇ ਸਮੇਂ ਵਿਚ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ ਸਤਿਕਾਰ ਪੂਰਨ ਤੌਰ 'ਤੇ ਬਰਕਰਾਰ ਰੱਖਦਿਆਂ ਮਾਨਵਤਾ ਨੂੰ ਸਿੱਖੀ ਸਿਧਾਂਤਾਂ ਨਾਲ ਸਰਸ਼ਾਰ ਕੀਤਾ। ਸਮੂਹ ਸੰਪ੍ਰਦਾਵਾਂ ਵਿਚੋਂ ਭਿੰਡਰਾਂ ਸੰਪ੍ਰਦਾਇ ਅਤੇ ਨਾਨਕਸਰ ਸੰਪ੍ਰਦਾਇ ਸ੍ਰੀ ਗੁਰੂ ਸਾਹਿਬ ਜੀ ਦੀ ਪ੍ਰੇਮ-ਭਾਵਨੀ ਨਾਲ ਸੇਵਾ ਕਰਨ ਦੀ ਸਾਖ ਵਿਸ਼ਵ-ਪ੍ਰਸਿੱਧ ਜਾਣੀਆਂ ਸੰਪ੍ਰਦਾਵਾਂ ਵਿਚੋਂ ਹਨ। ਨਾਨਕਸਰ ਸੰਪ੍ਰਦਾਇ ਦੇ ਮਹਾਂਪੁਰਖ ਸੰਤ ਬਾਬਾ ਨੰਦ ਸਿੰਘ ਜੀ ਅਤੇ ਉਹਨਾਂ ਦੇ ਵਾਰਸ ਸੰਤ ਬਾਬਾ ਈਸ਼ਰ ਸਿੰਘ ਜੀ ਨੇ ਧੰਨ ਗੁਰੂ ਗ੍ਰੰਥ ਸਾਹਿਬ ਜੀ ਅਤੇ ਗੁਰੂ ਕੀ ਸੰਗਤ ਦੀ ਮਹਾਨਤਾ ਨੂੰ ਬਹੁਤ ਹੀ ਨਿਆਰੇ ਢੰਗ ਨਾਲ ਪੇਸ਼ ਕੀਤਾ ਹੈ। ਬਾਬਾ ਨੰਦ ਸਿੰਘ ਜੀ ਨੇ ਸੰਗਤ ਵਿਚ ਨੀਵੇਂ ਥਾਂ 'ਤੇ ਬੈਠ ਕੇ ਕੀਰਤਨ ਸਰਵਣ ਕਰਦਿਆਂ ਹਰ ਪ੍ਰਾਣੀ-ਮਾਤਰ ਨੂੰ ਗੁਰਬਾਣੀ ਦੀ ਭੈ-ਭਾਵਨੀ ਬਾਰ ਬਾਰ ਦ੍ਰਿੜ ਕਰਵਾਈ ਹੈ। ਸੰਤ ਬਾਬਾ ਈਸ਼ਰ ਸਿੰਘ ਜੀ ਦੇ ਸਮੇਂ ਸੇਵਾ-ਸਿਮਰਨ ਦੀ ਸਾਖ ਸਿਰਜਣ ਵਾਲੇ ਬਾਬਾ ਕੁੰਦਨ ਸਿੰਘ ਜੀ, ਬਾਬਾ ਸਾਧੂ ਸਿੰਘ ਜੀ ਅਤੇ ਬਾਬਾ ਰਾਮ ਸਿੰਘ ਜੀ ਆਦਿ ਸਨ। ਨਾਨਕਸਰ ਵਿਖੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਬਾਰ ਸਾਹਿਬ ਦੀ ਸੇਵਾ ਬਾਬਾ ਕੁੰਦਨ ਸਿੰਘ ਜੀ ਬਹੁਤ ਹੀ ਪ੍ਰੇਮ-ਭਾਵ ਨਾਲ ਨਿਭਾਉਂਦੇ ਰਹੇ ਹਨ। ਬਾਬਾ ਰਾਮ ਸਿੰਘ ਜੀ ਦੇ ਨਾਲ ਬਾਬਾ ਸੁੱਖਾ ਸਿੰਘ ਜੀ ਨੂੰ ਗੁਰੂ ਸਾਹਿਬ ਜੀ ਦੀ ਸੇਵਾ ਕਰਨ ਦਾ ਸਮਾਂ ਪ੍ਰਾਪਤ ਹੋਇਆ। ਮਹਾਂਪੁਰਖਾਂ ਨੇ ਬਾਬਾ ਰਾਮ ਸਿੰਘ ਜੀ ਦੀ 'ਬਾਰਾਂਦਰੀ ਬਨਿ ਸੰਗਮ' ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਨ ਦੀ ਸੇਵਾ ਲਗਾਈ ਹੋਈ ਸੀ। ਜੋ ਅੰਮ੍ਰਿਤ

ਵੇਲੇ ਨਿਤਨੇਮ ਉਪਰੰਤ ਆਰੰਭ ਹੋ ਕੇ ਸ਼ਾਮ ਨੂੰ ਰਹਿਰਾਸ ਦੇ ਸਮੇਂ ਤੱਕ ਨਿਰੰਤਰ ਚਲਦੀ ਰਹਿੰਦੀ ਸੀ। ਇਸ ਸੇਵਾ ਵਿਚ ਬਾਬਾ ਸੁੱਚਾ ਸਿੰਘ ਜੀ ਨੂੰ ਬਾਬਾ ਰਾਮ ਸਿੰਘ ਨੇ ਆਪਣੇ ਨਾਲ ਲਗਾ ਲਿਆ। ਕੁਝ ਸਮਾਂ ਸੇਵਾ ਕਰਨ ਉਪਰੰਤ ਸੰਨ-੧੯੭੭ ਵਿਚ ਬਾਰਡਰ ਦੇ ਇਲਾਕੇ ਵਿਚ ਸਿੱਖੀ ਦੇ ਪ੍ਰਚਾਰ ਲਈ ਬਾਬਾ ਸੁੱਚਾ ਸਿੰਘ ਜੀ ਨੇ ਕਰਮ-ਕਸਾ ਕਸ ਲਿਆ। ਇਸ ਇਲਾਕੇ ਨੂੰ ਆਪ ਜੀ ਨੇ ਆਪਣੀ ਮਾਤ-ਭੂਮੀ ਦੇ ਰੂਪ ਵਿਚ ਸਮਝਦਿਆਂ, ਆਪਣਾ ਫਰਜ਼ ਨਿਭਾਉਣ ਲਈ ਗੁਰਸਿੱਖੀ ਦੇ ਸਿਧਾਂਤ ਨੂੰ ਹਰ ਮਨੁੱਖ ਮਾਤਰ ਅੰਦਰ ਪ੍ਰਪੱਕ ਕਰਵਾਉਣ ਵਾਸਤੇ ਨਾਨਕਸਰ ਦੀ ਮਰਿਯਾਦਾ ਅਨੁਸਾਰ ਜਪ-ਤਪ ਸਾਧਨਾ ਦੇ ਨਾਲ ਹੀ ਪਰਉਪਕਾਰ ਕਰਨਾ ਆਰੰਭ ਕਰ ਦਿੱਤਾ। ਸਿੱਖੀ ਦੇ ਪ੍ਰਚਾਰ ਲਈ ਗੁਰਬਾਣੀ ਦਾ ਸੁਧ-ਉਚਾਰਣ ਬਹੁਤ ਜ਼ਰੂਰੀ ਹੈ; ਤਾਂ ਕਿ ਗੁਰਬਾਣੀ ਦੀ ਵਿਚਾਰਧਾਰਾ ਜੀਵਨ ਦਾ ਅੰਗ ਬਣ ਜਾਏ। ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਗੁਰਬਾਣੀ ਨਾਲ ਜੋੜਨ ਦੀ ਸੁਗਮਤਾ ਹਾਸਲ ਹੁੰਦੀ ਰਹੇ। ਆਪ ਜੀ ਦੇ ਸਿਮਰਨ ਦੀ ਸੁਗੰਧੀ ਸਦਕਾ ਗੁਰ-ਚਰਨਾਂ ਦੇ ਪ੍ਰੇਮੀ ਸਿੱਖ, ਸਥਾਨ ਉਪਰ ਆਉਣੇ ਸ਼ੁਰੂ ਹੋ ਗਏ। ਆਪ ਜੀ ਕੋਲ ੧੯੮੦ ਵਿਚ ਭਾਈ ਗੁਰਮੀਤ ਸਿੰਘ 'ਪਿੰਡ ਕਾਲੂ ਰਾਂਈ ਹਿਠਾੜ' ਬਚਪਨੇ ਵਿਚ ਬਾਲ-ਉਪਦੇਸ਼ ਦੁਆਰਾ ਗੁਰਮੁਖੀ ਲਿਪੀ ਪੜ੍ਹਨੀ ਸਿਖ ਕੇ ਫੱਤਾ ਮਾਲੋਕਾ ਵਿਖੇ ਸੰਤ ਬਾਬਾ ਅਮਰ ਸਿੰਘ ਜੀ ਕਿਰਤੀ ਜੀ ਪਾਸ ਵਿਦਿਆ ਪੜ੍ਹਨ ਚਲੇ ਗਏ ਸਨ।

ਆਪ (ਬਾਬਾ ਸੁੱਚਾ ਸਿੰਘ) ਜੀ ਪਾਸ ਮਹੰਤ ਮਿਲਖਾ ਸਿੰਘ ਵੀ ੧੯੮੦ ਵਿਚ ਆਉਣ ਲੱਗੇ ਸਨ। ਮਹੰਤ ਮਿਲਖਾ ਸਿੰਘ ਜੀ ਦਵਾਈ ਲੈਣ ਲਈ 'ਫੱਤਾ ਮਾਲੋਕੇ' ਜਾਂਦੇ ਸਨ। ਇਹਨਾਂ ਨੇ ਬਾਰਡਰ ਦੇ ਏਰੀਏ ਅੰਦਰ ਨਾਨਕਸਰ ਠਾਠ (ਛਾਂਗਾ) ਵਿਖੇ ਸੰਥਿਆ ਕਰਵਾਉਣ ਲਈ ਕਿਰਤੀ ਜੀ ਨੂੰ ਬੇਨਤੀ ਕੀਤੀ, ਕਿ ਸਾਡੇ ਇਲਾਕੇ ਵਿਚ ਕੋਈ ਵੀ ਸ਼ੁੱਧ ਸੰਥਿਆ ਕਰਵਾਉਣ ਵਾਲਾ ਨਹੀਂ ਹੈ। ਬਾਬਾ ਅਮਰ ਸਿੰਘ ਜੀ ਨੇ ਨਿਰਵੈਰ ਸਿੰਘ ਜੀ ਨੂੰ ੧੯੮੮ ਵਿਚ ਭੇਜਿਆ; ਇਹਨਾਂ ਨੇ ਚਾਰ ਮਹੀਨੇ ਸੰਥਿਆ ਕਰਵਾਈ ਫੇਰ ਸ੍ਰੀ ਅਬਚਲ ਨਗਰ ਸ੍ਰੀ ਹਜ਼ੂਰ ਸਾਹਿਬ ਜੀ ਦੀ ਯਾਤਰਾ ਲਈ ਚਲੇ ਗਏ। ਭਾਈ ਸਾਹਿਬ ਜੀ ਨੂੰ ਸਾਰੇ ਬਹੁਤ ਹੀ ਸਤਿਕਾਰ ਨਾਲ ਗਿਆਨੀ ਜੀ ਕਹਿ ਕੇ ਬੁਲਾਉਂਦੇ ਹਨ। ਸੰਤ ਬਾਬਾ ਸੁੱਚਾ ਸਿੰਘ ਜੀ ੧੯੯੦ ਵਿਚ 'ਫੱਤਾ ਮਾਲੋਕਾ' ਗਏ। ਕਿਰਤੀ ਜੀ ਕੋਲ ਗਿਆਨੀ ਜੀ ਨੂੰ ਦੁਬਾਰਾ ਨਾਨਕਸਰ ਠਾਠ ਵਿਖੇ ਸੇਵਾ ਵਿਚ ਭੇਜਣ ਲਈ ਬੇਨਤੀ ਕੀਤੀ। ਸੰਪ੍ਰਦਾਇ ਭਿੰਡਰਾਂ ਦੇ ਵਿਦਿਆਰਥੀ ਹੋਣ ਦੇ ਨਾਤੇ ਸੰਤ ਬਾਬਾ ਅਮਰ ਸਿੰਘ ਜੀ ਕ੍ਰਿਤੀ ਨੇ ਸਾਰੀ ਜਿੰਦਗੀ ਬੇਅੰਤ ਵਿਦਿਆਰਥੀ ਪੜ੍ਹਾਏ; ਜਿਹਨਾਂ ਨੂੰ ਸਿੱਖੀ ਦੇ ਪ੍ਰਚਾਰ ਲਈ ਥਾਂ-ਥਾਂ ਤੇ ਭੇਜਿਆ। ਜਿਵੇਂ ਕਿਸੇ ਵੇਲੇ ਫੱਤੇ ਦੀ ਸੰਗਤ ਕ੍ਰਿਤੀ ਜੀ ਨੂੰ ਸੰਤ ਗਿ. ਗੁਰਬਚਨ ਸਿੰਘ ਜੀ ਖਾਲਸਾ ਪਾਸੋਂ ਬੇਨਤੀ ਕਰਕੇ ਲੈਣ ਆਈ ਸੀ। ਆਪ (ਕਿਰਤੀ ਜੀ) ਨੇ ਮਹਾਂਪੁਰਖਾਂ ਵੱਲੋਂ ਸੰਪ੍ਰਦਾਇ ਦੀ ਲੱਗੀ ਸੇਵਾ ਨੂੰ ਤਨਦੇਹੀ ਨਾਲ ਨਿਭਾਇਆ; ਵਿਦਿਆਰਥੀਆਂ ਨੂੰ ਵੀ ਇਹੀ ਸਿੱਖਿਆ ਅੱਗੇ ਪ੍ਰਸਾਰਿਤ ਕਰਨ ਲਈ ਪ੍ਰੇਰਿਆ। ਕ੍ਰਿਤੀ ਜੀ ਦੇ ਬਹੁਤ ਸਾਰੇ ਵਿਦਿਆਰਥੀ ਵੱਖ-ਵੱਖ ਸਥਾਨਾਂ ਉਪਰ ਗੁਰਬਾਣੀ ਦਾ ਸੁਧ-ਉਚਾਰਨ ਸਿਖਾਉਣ ਅਤੇ ਕਥਾ ਕਰਨ ਦੀ ਸੇਵਾ ਨਿਭਾਉਂਦੇ ਹਨ। ਕਿਰਤੀ ਜੀ ਨੇ ਸੰਤ ਬਾਬਾ ਸੁੱਚਾ ਸਿੰਘ ਜੀ ਦਾ ਬਹੁਤ ਹੀ ਸਤਿਕਾਰ ਕੀਤਾ। ਕਿਰਤੀ ਜੀ ਨੂੰ

ਆਪਣੇ ਆਉਣ ਦਾ ਪ੍ਰਯੋਜਨ ਦੱਸਿਆ; ਕਿਰਤੀ ਜੀ ਬਹੁਤ ਖੁਸ਼ ਹੋਏ । ਕਿਰਤੀ ਜੀ ਨੇ ਫੌਤੇ ਤੋਂ ਕਰੀਬਨ ਮਹੀਨੇ ਪਿਛੋਂ ਵਿਦਿਆ ਦੇ ਪਸਾਰ ਵਾਸਤੇ ਗਿਆਨੀ ਜੀ ਨੂੰ ਸੰਥਿਆ ਦੀ ਸੇਵਾ ਲਈ ਭੇਜ ਦਿੱਤਾ। ਜੋ ਅੱਜ ਤੱਕ ਲਗਾਤਾਰ ਵਿਦਿਆ ਪੜ੍ਹਾਉਣ ਦੀ ਸੇਵਾ ਨਿਭਾ ਰਹੇ ਹਨ। ਇਲਾਕੇ ਵਿਚ ਪਹਿਲਾਂ ਸ਼ੁਧ ਉਚਾਰਨ ਵਾਲੇ ਗ੍ਰੰਥੀ ਸਿੰਘ ਨਹੀਂ ਮਿਲਦੇ ਸਨ; ਹੁਣ ਗੁਰੂ ਕਿਰਪਾ ਨਾਲ ਬੇਅੰਤ ਵਿਦਿਆਰਥੀ ਗੁਰਬਾਣੀ ਦਾ ਸ਼ੁਧ ਉਚਾਰਨ ਸਿਖ ਚੁਕੇ ਹਨ ਅਤੇ ਸਿਖ ਰਹੇ ਹਨ। ਗੁਰਮਤਿ ਵਿਦਿਆਲਾ ਬਹੁਤ ਹੀ ਵਧੀਆ ਢੰਗ ਨਾਲ ਚਲਾਇਆ ਜਾ ਰਿਹਾ ਹੈ। ਇਸ ਅਸਥਾਨ ਤੇ ਤਿੰਨ ਬਹੁਤ ਵੱਡੇ ਸਮਾਗਮ ਕਰਵਾਏ ਜਾਂਦੇ ਹਨ। ਕਿਰਤੀ ਜੀ ਦੇ ਸਚਖੰਡ ਪ੍ਰਸਥਾਨ ਉਪਰੰਤ ਹਰ ਸਾਲ ਬਰਸੀ ਸਮਾਗਮ ਮਨਾਇਆ ਜਾਂਦਾ ਹੈ। ਸੰਗਤਾਂ ਦਾ ਭਾਰੀ ਇਕੱਠ ਹੁੰਦਾ ਹੈ; ਹਰ ਸੰਗਰਾਂਦ ਨੂੰ ਸਤਿਸੰਗੀ ਜਨ ਇਕੱਤਰਤ ਹੋ ਕੇ ਗੁਰੂ ਜਸ ਕਰਦੇ ਹਨ। ੩੦੦ ਸਾਲਾ ਖਾਲਸਾ ਦਿਵਸ ਵੇਲੇ ਨਾਨਕਸਰ ਕਲੇਰਾਂ ਵਾਲੇ ਮਹਾਪੁਰਖ ਬਾਬਾ ਕੁੰਦਨ ਸਿੰਘ ਜੀ ਦੀ ਪ੍ਰੇਰਣਾ-ਉਤਸ਼ਾਹ ਸਦਕੇ ਅੰਮ੍ਰਿਤ ਛਕਾਉਣ ਵਾਲੇ ਪੰਜ ਪਿਆਰੇ ਤਿਆਰ-ਬਰ-ਤਿਆਰ ਰਹਿੰਦੇ ਹਨ। ਅੰਮ੍ਰਿਤ ਛਕਾਉਣ ਵਾਲੇ ਜਥੇ ਦੀ ਸਾਰੀ ਸੇਵਾ ਗਿਆਨੀ ਨਿਰਵੈਰ ਸਿੰਘ ਜੀ ਤਨ-ਦੇਹੀ ਨਾਲ ਨਿਭਾਉਂਦੇ ਹਨ। ਸਥਾਨ ਤੇ ਕਰੀਬਨ ੪੦-੫੦ ਵਿਦਿਆਰਥੀ ਬਹਿੰਗਮ ਰਹਿੰਦੇ ਹਨ; ਸਾਰੀ ਸੇਵਾ ਸੰਗਤਾਂ ਬਹੁਤ ਹੀ ਭਾਵਨਾ ਸਹਿਤ ਕਰਦੀਆਂ ਹਨ। ਸੰਤ ਬਾਬਾ ਅਮਰ ਸਿੰਘ ਜੀ ਦੇ 'ਪਰਉਪਕਾਰਾਂ ਦਾ ਛੋਟਾ ਜਿਹਾ ਗੁਲਦਸਤਾ' ਪੁਸਤਕ ਦੇ ਰੂਪ ਵਿਚ ਸਤਿਕਾਰਯੋਗ ਗਿ: ਦੀਦਾਰ ਸਿੰਘ ਜੀ ਨੇ ਗਿ: ਗੁਰਮੀਤ ਸਿੰਘ 'ਖੋਸਾ ਕੋਟਲਾ' ਨੂੰ ਉਤਸ਼ਾਹਿਤ ਕਰਕੇ ਤਿਆਰ ਕਰਵਾਇਆ ਸੀ। ਉਸ ਪੁਸਤਕ ਨੂੰ ਦੂਜੇ ਐਡੀਸ਼ਨ ਦੇ ਰੂਪ ਵਿਚ ਤਿਆਰ ਕਰਨ ਲਈ ਸੰਤ ਬਾਬਾ ਸੁੱਚਾ ਸਿੰਘ ਜੀ ਨਾਨਕਸਰ ਠਾਠ 'ਛਾਂਗਾ-ਖੁਰਦ' (ਫਿਰੋਜ਼ਪੁਰ) ਵਾਲਿਆਂ ਨੇ ਅਦਾਰਾ 'ਸਚ ਕੀ ਬੇਲਾ' ਨੂੰ ਇਸ ਕਾਰਜ ਦੀ ਸੇਵਾ ਲਾਈ। ਅਦਾਰਾ 'ਸਚ ਕੀ ਬੇਲਾ' ਇਹ ਕਿਤਾਬ ਪਾਠਕਾਂ ਦੇ ਸਨਮੁਖ ਪੇਸ਼ ਕਰਦਾ ਹੋਇਆ ਖੁਸ਼ੀ ਮਹਿਸੂਸ ਕਰ ਰਿਹਾ ਹੈ। ਦੁਬਾਰਾ ਪਰੂਫ ਪੜ੍ਹਨ ਲਈ ਭਾਈ ਜਰਨੈਲ ਸਿੰਘ (+੨) ਅਤੇ ਭਾਈ ਹਰਦੀਪ ਸਿੰਘ (ਬੀ ਏ-ਤੀਜਾ ਸਾਲ) ਨੇ ਸੇਵਾ ਦਾ ਲਾਹਾ ਪ੍ਰਾਪਤ ਕੀਤਾ ਹੈ। ਗੁਰੂ ਸਾਹਿਬ ਇਹਨਾਂ ਨੂੰ ਉਚ-ਵਿਦਿਆ ਦੀ ਦਾਤ ਬਖਸ਼ਣ। ਆਸ ਕਰਦਾ ਹਾਂ !! ਮਹਾਂਪੁਰਖ ਅਤੇ ਇਲਾਕੇ ਦੀ ਸੰਗਤ ਇਸ ਤੁਛ ਜਿਹੀ ਸੇਵਾ ਨੂੰ ਪ੍ਰਵਾਨ ਕਰਕੇ ਅਦਾਰਾ 'ਸਚ ਕੀ ਬੇਲਾ' ਨੂੰ ਆਰੰਭ ਕੀਤੇ ਮਕਸਦ ਤੱਕ ਪਹੁੰਚਣ ਲਈ ਪੂਰਨ ਯੋਗਦਾਨ ਪਾਉਂਦੇ ਰਹਿਣਗੇ।

**ਅਨਭੋਲ ਸਿੰਘ ਦੀਵਾਨਾ**
**ਸੰਪਾਦਕ, ਸਚ ਕੀ ਬੇਲਾ**

# ਆਪਣੇ ਅਜੀਜ਼ ਦੀ ਮਿੱਠੀ ਯਾਦ ਵਿਚ

ਆਪਣੀ ਵਡੇਰੀ ਉਮਰ ਦੇ ਵਿਚ ਪਹੁੰਚ ਕੇ ਮੈਂ ਗਿਆਨੀ ਗੁਰਮੀਤ ਸਿੰਘ ਕਥਾਕਾਰ ਦੇ ਕਹਿਣ ਤੇ ਆਪਣੇ ਪਿਆਰੇ ਮਿੱਤਰ ਅਤੇ ਸਚੇ ਸਾਥੀ ਦੀ ਯਾਦ ਵਿਚ ਕੁਝ ਸ਼ਬਦ ਲਿਖੇ ਹਨ। ਇਹਨਾਂ ਨੇ ਕਿਹਾ ਸੀ ਕਿ ਤੁਸੀਂ ਜਥਾ-ਭਿੰਡਰਾਂ ਵਿਚ ਸੰਤ ਗਿਆਨੀ ਅਮਰ ਸਿੰਘ ਦੇ ਹਮ ਜਮਾਤੀ ਰਹੇ ਹੋ। ਮੈਂ ਉਹਨਾਂ ਦੇ ਕਹੇ ਨੂੰ ਪ੍ਰਵਾਨ ਕਰਕੇ ਆਪਣੇ ਬੁਢੇਪੇ ਦੇ ਚੇਤੇ ਅਨੁਸਾਰ ਜੋ ਯਾਦ ਸੀ ਲਿਖ ਦਿੱਤਾ ਹੈ। ਚੰਗਾ ਮਨੁਖ ਚੰਗੇ ਗੁਣਾਂ ਦਾ ਦਰਪਣ ਹੁੰਦਾ ਹੈ। ਉਸਦੇ ਚੰਗੇ ਗੁਣ ਹੀ ਉਸਦੀ ਪਛਾਣ ਮੰਨੀ ਗਈ ਹੈ। ਜਿਸ ਹਸਤੀ ਦਾ ਮੈਂ ਜਿਕਰ ਦੇ ਰਿਹਾ ਹਾਂ. ਉਹ ਹਨ, ਗਿ: ਅਮਰ ਸਿੰਘ ਜੀ ਕ੍ਰਿਤੀ। ਅਸੀਂ ਜਥਾ ਭਿੰਡਰਾਂ ਵਿਚ ਛੇ ਸਾਲ ਇਕਠੇ ਗੁਜਾਰੇ ਹਨ। ਕ੍ਰਿਤੀ ਜੀ ਗੁਰਬਾਣੀ ਅਰਥ ਬੋਧ ਦੀ ਬਹੁਤ ਮਹਿਨਤ ਕਰਦੇ ਸੀ। ਜਦ ਕਿਤੇ ਮਹਾਂ ਪੁਰਖ ਸੰਤ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦੀ ਨਜ਼ਰ ਚੜਦੇ ਸਨ। ਸੰਤ ਇਹਨਾਂ ਦੀ ਮਹਿਨਤ ਵੇਖ ਕੇ ਬਹੁਤ ਖੁਸ਼ ਹੁੰਦੇ ਸਨ। ਇਕ ਦਿਨ ਅਸੀਂ ਇਕਠੇ ਅਰਥ ਸੰਥਿਆ ਵੀਚਾਰ ਰਹੇ ਸਾਂ, ਸਾਡੇ ਪਾਸ ਮਹਾਂਪੁਰਖ ਚੁਪ-ਕੇ ਜਿਹੇ ਆ ਕੇ ਖੜੇ ਹੋ ਗਏ। ਕ੍ਰਿਤੀ ਜੀ ਨੂੰ ਕੋਈ ਪਤਾ ਨਹੀਂ ਲਗਾ, ਕਿ ਸੰਤ ਆਏ ਹਨ। ਇਹਨਾਂ ਨੂੰ ਵੇਖ ਕੇ ਸੰਤਾਂ ਨੇ ਕਿਹਾ. ਭਾਈ ਤੇਰੀ ਮਹਿਨਤ ਹੀ 'ਉਤਮ ਕ੍ਰਿਤ' ਹੈ। ਅਮਰ ਸਿੰਘ ਨੂੰ ਮਹਾਂਪੁਰਖ ਜਦੋਂ ਅਵਾਜ ਦਿੰਦੇ ਕ੍ਰਿਤੀ ਕਰਕੇ ਅਵਾਜ ਦਿੰਦੇ ਸਨ ਉਸ ਸਮੇਂ ਤੋਂ ਹੀ ਇਹਨਾਂ ਦਾ ਨਾਮ ਕ੍ਰਿਤੀ ਪੈ ਗਿਆ ਅਤੇ ਕ੍ਰਿਤੀ ਕਰਕੇ ਹੀ ਪ੍ਰਸਿਧ ਹੋ ਗਏ।

ਸੇਵਾ, ਸਿਮਰਨ, ਨਿਤਨੇਮ, ਨਿਮ੍ਰਤਾ, ਗਰੀਬੀ, ਹਥ-ਜੋੜਣਾ ਇਹਨਾਂ ਦਾ ਸੀਰਰਕ ਗਹਿਣਾ ਸੀ। ਇਕ ਦਿਨ ਮੈਨੂੰ ਕਹਿਣ ਲਗੇ, ਆਪਾਂ ਬੋਲਣ ਦਾ ਅਭਿਆਸ ਕਰੀਏ। ੧੯੪੫ ਦਾ ਸਮਾਂ ਸੀ, ਉਸ ਸਮੇਂ ਜਥਾ ਪਿੰਡ ਰੋਡੇ ਵਿਚ ਇਕ ਮਹੀਨਾ ਰਿਹਾ ਕਰਦਾ ਸੀ। ਮਹੰਤ ਕ੍ਰਿਪਾਲ ਸਿੰਘ ਜੀ ਅਤੇ ਸਾਰੀ ਸੰਗਤ ਉਤਸ਼ਾਹ ਨਾਲ ਸੇਵਾ ਕਰਦੀ ਸੀ। ਦੋਨੋ ਸਮੇਂ ਕਥਾ ਕੀਰਤਨ ਹੁੰਦਾ ਸੀ। ਜਥੇ ਵਿਚ ੮੦-੯੦ ਵਿਦਿਅਰਥੀ ਸਨ। ਅਸੀਂ ਦੋ ਚਾਰ ਵਿਦਿਆਰਥੀ ਆਪਸ ਵਿਚ ਜੁੜ ਕੇ ਪ੍ਰਸਾਦਾ ਛਕਣ ਤੋਂ ਮਗਰੋ ਪਿੰਡ ਤੋਂ ਦੋ ਫਰਲਾਂਗ ਬਾਹਰ ਇਕ ਟਿੱਬੇ ਤੇ ਸੋਟੀ ਗਡ ਕੇ ਪਰਨੇ

ਦਾ ਇੰਨੂੰ ਬਣਾ ਕੇ ਮਾਇਕ ਜਾਣ ਕੇ ਕੋਈ ਸਾਖੀ ਕੋਈ ਪ੍ਰਕਕਣ ਬੋਲਣਾ ਸ਼ੁਰੂ ਕਰ ਦਿੰਦੇ। ਇਸ ਅਭਿਆਸ ਵਿਚ ੯-੧੦ ਪਾਠਕ ਹੋਰ ਜੁੜ ਗਏ ਸੰਤਾਂ ਨੂੰ ਪਤਾ ਲਗ ਗਿਆ। ਮੈਨੂੰ ਅਤੇ ਕ੍ਰਿਤੀ ਨੂੰ ਸਦ ਕੇ ਕਿਹਾ, ਕਿ ਤੁਸੀਂ ਰਾਤ ਨੂੰ ਕਿਥੇ ਜਾਂਦੇ ਹੋ? ਅਸੀਂ ਕਿਹਾ ਕਿ ਸਟੇਜ ਤੇ ਖਲੋ ਕੇ ਬੋਲਣਾ ਸਿਖਣ ਜਾਂਦੇ ਹਾਂ। ਮਹਾਂਪੁਰਖ ਬਹੁਤ ਖੁਸ਼ ਹੋਏ। ਅਤੇ ਸ਼ਾਬਾਸ਼ ਦਿੱਤੀ । ਇਹ ਪੰਦਰਾਂ ਦਿਨ ਸੀ ਮਸ਼ਕ ਪੂਰੀ ਹੋਈ । ਮਹਾਂ ਪੁਰਖਾਂ ਨੇ ਮੈਨੂੰ ਅਤੇ ਕ੍ਰਿਤੀ ਜੀ ਸਮੇਤ ਪੰਜ ਸਿੰਘਾਂ ਨਾਲ ਜੋੜ ਕੇ ਕੇਵਲ ਲੰਗਰ ਵਰਤਾਉਣ ਦੀ ਸੇਵਾ ਸੌਂਪੀ। ਜਥਾ ਕਿਤੇ ਵੀ ਹੋਵੇ, ਲੰਗਰ ਗੁਰੂ -ਘਰ ਵਿਚ ਜਾਂ ਕਿਸੇ ਦੇ ਘਰ ਭੰਡਾਰਾਂ ਹੋਵੇ ਲੰਗਰ ਵਰਤਾਉਣ ਦੀ ਸੇਵਾ ਪੰਜਾਂ ਨੇ ਹੀ ਕਰਨੀ ਹੈ। ਇਕ ਸਿੰਘ ਗ੍ਰੰਥਾਂ ਦੀ ਪੰਢ ਲੈ ਕੇ ਸੰਤਾਂ ਪਾਸ ਆਇਆ ਅਤੇ ਬੇਨਤੀ ਕੀਤੀ, ਕਿ ਇਹ ਗ੍ਰੰਥ ਪੜਨ ਵਾਲੇ ਸਿੰਘਾਂ ਨੂੰ ਵੰਡ ਦਿਉ। ਸੰਤਾਂ ਨੇ ਕਿਹਾ ਭਾਈ ਲੋੜ ਅਨੁਸਾਰ ਗ੍ਰੰਥ ਲੈ ਲਵੋ। ਮੇਰੇ ਹਥ ਹਿੰਦੀ ਦਾ ਵੀਚਾਰ ਸਾਗਰ ਪੈ ਗਿਆ। ਮੇਰੇ ਪਾਸ ਇਹ ਹੈ ਨਹੀਂ ਸੀ। ਪਰ ਕ੍ਰਿਤੀ ਜੀ ਪੰਜਾਬੀ ਦਾ ਵੀਚਾਰ ਸਾਗਰ ਮਿਲ ਗਿਆ। ਕ੍ਰਿਤੀ ਜੀ ਨੇ ਫੁਰਨਾ ਕੀਤਾ ਕਿ ਹਿੰਦੀ ਦਾ ਵੀਚਾਰ ਸਾਗਰ ਮੈਂ ਲੈ ਲਵਾਂ। ਮਹਾਂਪੁਰਖਾਂ ਨੇ ਸਾਨੂੰ ਬੁਲਾ ਲਿਆ ਅਤੇ ਕਿਹਾ ਜਿਸਦੇ ਕੋਲ ਹਿੰਦੀ ਦਾ ਵੀਚਾਰ ਸਾਗਰ ਹੈ ਉਹ ਹਥ ਖੜਾ ਕਰੇ। ਕ੍ਰਿਤੀ ਜੀ ਨੇ ਹਥ ਖੜਾ ਕਰ ਦਿੱਤਾ। ਮਹਾਂਪੁਰਖਾਂ ਨੇ ਕ੍ਰਿਤੀ ਜੀ ਨੂੰ ਕਿਹਾ ਕਿ ਤੇਰੇ ਕੋਲ ਹਿੰਦੀ ਦਾ ਵੀਚਾਰ ਸਾਗਰ ਹੈ! ਜਾਂ ਲੈਣਾ ਚਾਹੁੰਦਾ ਹੈ? ਕ੍ਰਿਤੀ ਜੀ ਨੇ ਹਥ ਜੋੜ ਕੇ ਕਿਹਾ ਕਿ ਮਨ ਵਿਚ ਐਵੇਂ ਫੁਰਨਾ ਜਿਹਾ ਪੈਦਾ ਹੋ ਗਿਆ। ਸੰਤਾਂ ਨੇ ਕਿਹਾ, ਕ੍ਰਿਤੀਆ! ਬ੍ਰਹਮ ਅਫੁਰ ਹੈ? ਫਿਰ ਵੀ ਅਫੁਰ ਤੋਂ ਸਫੁਰ ਹੋ ਗਿਆ। ਸੰਸਾਰ ਪੈਦਾ ਕਰ ਦਿੱਤਾ। ਭਾਈ ਤੂੰ ਵੀ ਫੁਰਨੇ ਤੋਂ ਰਹਿਤ ਹੋ ਜਾ। ਇਸ ਵਿਚ ਹੀ ਸੁਖ ਹੈ। ਕ੍ਰਿਤੀ ਜੀ ਨੇ ਕਿਹਾ ਕਿ ਆਪ ਜੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਅਰਦਾਸ ਕਰੋ ਤਾਂ ਕਿ ਮੈਂ ਫੁਰਨੇ ਦਾ ਤਿਆਗ ਕਰ ਸਕਾਂ।

**ਕ੍ਰਿਤੀ ਜੀ ਦਾ ਤਿਆਗ**

ਸੰਤ ੧੯੪੪ ਤੋਂ ਲੈ ਕੇ ੧੯੪੯ ਦੇ ਅਖੀਰ ਵਿਚ ਮੈਂ ਅਮ੍ਰਿਤਸਰ ਗਿਆਨੀ ਪਾਸ ਕੀਤੀ। ਵੈਦਿਕ ਦੇ ਗ੍ਰੰਥ ਪੜ੍ਹ ਕੇ ਰਜਿਸਟਰਡ ਹੋਇਆ। ਮੈਂ ਪਿੰਡ ਆ ਕੇ ਮਾਲੋ ਕਾ ਫੱਤਾ ਵਿਚ ਕ੍ਰਿਤੀ ਜੀ ਪਾਸ ਆਇਆ। ਇਹਨਾਂ ਨੇ ਲਿਖਤੀ ਪੱਤਰ ਦੇ ਕੇ ਆਪਣੇ ਪਿੰਡ ਭੇਜਿਆ। ਮੈਂ ਪਿੰਡ ਵਿਚ ਬਜੁਰਗ ਨੂੰ ਮਿਲਿਆ ਅਤੇ ਪੱਤਰ ਦਿਤਾ ਅਤੇ ਜੁਬਾਨੀ ਗੱਲਬਾਤ ਕੀਤੀ। ਕ੍ਰਿਤੀ ਜੀ ਨੇ ਜੋ ਬਚਨ ਮੈਨੂੰ ਕਹੇ ਸਨ। ਮੈਂ ਉਸੇ ਤਰਾਂ ਹੀ ਕਹਿ ਦਿੱਤੇ। ਉਹਨਾਂ ਕਿਹਾ ਕਿ ਮੈਨੂੰ ਘਰ ਜਮੀਨ ਦਾ ਕੋਈ ਮੋਹ ਨਹੀਂ। ਆਪ ਜਿਵੇਂ ਚਾਹੋ ਕਰ ਸਕਦੇ ਹੋ। ਮੇਰਾ ਜੀਵਨ ਤੇ ਅੰਤ ਗੁਰੂ ਘਰ ਵਿਚ ਹੈ। ਮੈਂ ਪਿੰਡ ਨਹੀਂ ਅਵਾਗਾਂ। ਮੇਰਾ ਘਰ ਜ਼ਮੀਨ ਨਾਲ ਕੋਈ ਵਾਸਤਾ ਨਹੀਂ ਹੈ। ਇਹ ਕ੍ਰਿਤੀ ਜੀ ਦਾ ਤਿਆਗ ਸੀ। ਆਪ ਜੀ ਨੇ ਜਥਾ ਛਡਣ ਤੋਂ ਬਾਅਦ ਪਿੰਡ ਮਾਲੋ ਕਾ ਵਿਚ ਗੁਰੂ ਘਰ ਦੀ ਸੇਵਾ ਸਿਮਰਨ ਕਰਕੇ ਸਾਰੀ ਉਮਰ ਬਤੀਤ ਕੀਤੀ। ਭਾਈ ਦਰਸ਼ਨ ਜੀ ਨੇ ਜਿੰਦਗੀ ਦੇ ਅਖਰਿਲੇ ਪਲਾਂ ਵਿਚ ਇਹਨਾਂ ਦੀ ਅਣਥਕ ਸੇਵਾ ਕੀਤੀ।

- ਮੁਖਤਿਆਰ ਸਿੰਘ ਸਾਰੰਗ

# ਕ੍ਰਿਤਗਤਾ

ਦੂਜੀ ਅਡੀਸ਼ਨ ਨੂੰ ਛਪਵਾਉਣ ਲਈ ਸੰਤ ਬਾਬਾ ਸੁੱਚਾ ਸਿੰਘ ਜੀ ਨਾਨਕਸਰ ਠਾਠ (ਛਾਂਗਾ) ਫਿਰੋਜ਼ਪੁਰ ਵਾਲਿਆਂ ਨੇ ਅਦਾਰਾ 'ਸਚ ਕੀ ਬੇਲਾ' ਦੇ ਸਹਿਯੋਗ ਨਾਲ ਯਤਨ ਕੀਤਾ ਹੈ, ਜੋ ਬਹੁਤ ਹੀ ਸ਼ਾਲਾਘਾਯੋਗ ਹੈ। ਮੈਨੂੰ ਇਸ ਗੱਲ ਦੀ ਬਹੁਤ ਖੁਸ਼ੀ ਹੈ, ਕਿ ਮੇਰੀ ਬੇਅੰਤ ਊਣਤਾਈਆਂ ਭਰੀ ਪਲੇਠੀ ਲੇਖਣੀ ਨੂੰ ਪਾਠਕਾਂ ਨੇ ਆਪਣੇ ਵੀਚਾਰਧਾਰਕ ਖੇਤਰ ਵਿਚ ਨਿਵਾਸ ਦੇ ਕੇ ਨਿਵਾਜਿਆ ਹੈ। ਦੂਜੀ ਵਾਰ ਛਪਵਾਉਣ ਲਈ ਯਤਨ ਆਰੰਭਿਆ ਹੈ। ਹੋਰ ਵੀ ਖੁਸ਼ੀ ਦੀ ਗੱਲ, ਸੰਤ ਬਾਬਾ ਅਮਰ ਸਿੰਘ ਜੀ ਕਿਰਤੀ ਜੀ ਦੇ ਹਮ-ਜਮਾਤੀ ਸਤਿਕਾਰਯੋਗ ਗਿਆਨੀ ਮੁਖਤਿਆਰ ਸਿੰਘ ਜੀ ਸਾਰੰਗ ਨਾਲ ਮਿਲਣ ਦਾ ਸਮਾਂ ਬਣਿਆ; ਉਹਨਾਂ ਨੇ ਵੀ ਇਹ ਕਿਤਾਬ ਨੂੰ ਪੜ੍ਹ ਕੇ ਦਾਸ ਨੂੰ ਗੁਰੂ ਕੀਆਂ ਅਸੀਸਾਂ ਦੇ ਯੋਗ ਬਣਾਇਆ। ਆਪਣੀ ਜ਼ਿੰਦਗੀ ਦੇ ਕਿਰਤੀ ਜੀ ਨਾਲ ਬਿਤਾਏ ਲੰਮੇ ਸਮੇਂ ਨੂੰ ਕੁਝ-ਕੁ ਸ਼ਬਦਾਂ ਵਿਚ ਹੀ ਇਕੱਤਰਤ ਕਰਕੇ ਪਰੋ ਦਿੱਤਾ ਹੈ। ਦਾਸ ਗਿਆਨੀ ਮੁਖਤਿਆਰ ਸਿੰਘ ਜੀ ਦਾ ਬਹੁਤ ਹੀ ਅਭਾਰੀ ਹੈ, ਜਿਹਨਾਂ ਨੇ ਆਪਣੇ ਜ਼ਿੰਦਗੀ ਦੇ ਕਮਾਏ ਹੋਏ ਪਿਆਰ ਨੂੰ ਸ਼ਬਦਾਂ ਦਾ ਸਰੂਪ ਦੇ ਕੇ ਪਾਠਕਾਂ ਦੀ ਜਾਣਕਾਰੀ ਵਿਚ ਵਾਧਾ ਕੀਤਾ ਹੈ। ਸਬੰਧ ਵੀਰਾਂ ਵੱਲੋਂ ਮਿਲੇ ਹੋਏ ਸੁਝਾਵਾਂ ਨੂੰ ਧਿਆਨ ਵਿਚ ਰੱਖਦਿਆਂ ਸਾਰੀ ਕਿਤਾਬ ਦੀ ਲੇਖਣੀ ਨੂੰ ਸੁਧਾਰਨ ਦਾ ਨਿਮਾਣਾ ਜਿਹਾ ਯਤਨ ਕੀਤਾ ਹੈ। ਦੁਬਾਰਾ ਪਰੂਫ ਪੜ੍ਹਨ ਲਈ ਭਾਈ ਜਰਨੈਲ ਸਿੰਘ (+2), ਭਾਈ ਅਜੀਤ ਸਿੰਘ (ਬੀ ਏ ਦੂਜਾ ਸਾਲ) ਅਤੇ ਭਾਈ ਹਰਦੀਪ ਸਿੰਘ (ਬੀ ਏ- ਤੀਜਾ ਸਾਲ) ਨੇ ਸੇਵਾ ਦਾ ਲਾਹਾ ਪ੍ਰਾਪਤ ਕੀਤਾ ਹੈ। ਗੁਰੂ ਸਾਹਿਬ ਇਹਨਾਂ ਨੂੰ ਉਚ-ਵਿਦਿਆ ਦੀ ਦਾਤ ਬਖਸ਼ਣ। ਆਸ ਕਰਦਾ ਹਾਂ। ਅੱਗੇ ਨੂੰ ਦਾਸ ਦੀ ਸੇਵਾ ਪ੍ਰਵਾਨ ਕਰਦਿਆਂ ਹੋਇਆਂ ਗੁਰੂ ਸਾਹਿਬ ਜੀ ਪਾਸੋਂ ਬਖਸ਼ਸ਼ਾਂ ਦਾ ਪਾਤਰ ਬਣਾਂਵੋਗੇ। ਇਸ ਕਿਤਾਬ ਨੂੰ ਪੜ੍ਹ ਕੇ ਆਪਣੇ ਵਡਮੁਲੇ ਵੀਚਾਰ ਸੇਵਕ ਦੇ ਫੋਨ ਨੰਬਰ ਤੇ ਜਾਂ ਈਮੇਲ ਰਾਹੀਂ ਭੇਜ ਕੇ ਅੱਗੇ ਨੂੰ ਬੁਧੀ ਦੇ ਖੇਤਰ ਵਿਚ ਤੱਰਕੀ ਲਈ ਸਹਾਇਤਾ ਕਰੋਗੇ।

- ਲੇਖਕ

ਮੋਬਾਇਲ : 94643-62913
E-mail : singhg913@gmail.com

## ਮੁੱਖ-ਬੰਦ
## ਕਰਤੇ ਦੀ ਅਮਰ ਕ੍ਰਿਤੀ-ਬਾਬਾ ਅਮਰ ਸਿੰਘ ਜੀ ਕਿਰਤੀ

**ਸ਼੍ਰੀ ਮਾਨ ਸਵਾਮੀ ਬ੍ਰਹਮਦੇਵ ਜੀ ਉਦਾਸੀ**
**ਮਹਾਂਮੰਡਲੇਸ਼ਵਰ**
**ਬੱਧਨੀ ਕਲਾਂ।**

ਜਦੋਂ ਮਨੁੱਖ ਨੂੰ ਸੰਸਾਰ ਤੋਂ ਇਸਦੇ ਭੋਗ ਪਦਾਰਥ, ਪੁੱਤਰ ਇਸਤਰੀ, ਜ਼ਮੀਨ ਜਾਇਦਾਦ, ਕਾਰ ਕੋਠੀ, ਰਾਜ ਪਾਟ, ਚੌਧਰ ਪਦਵੀ, ਸ਼ਾਨ ਬਾਨ ਆਦਿ ਸਾਰਿਆਂ ਮਿੱਥਿਆ ਆਡੰਬਰਾਂ ਤੋਂ ਗਲਾਨੀ ਹੋ ਜਾਂਦੀ ਹੈ, ਮਨ ਆਪਣੇ ਬੀਤੇ ਸਮੇਂ ਦੇ ਬੇਅਰਥ ਚਲੇ ਜਾਣ ਦੇ ਪਛਤਾਵੇ ਨਾਲ ਭਰ ਜਾਂਦਾ ਹੈ, ਉਸ ਵੇਲੇ ਉਸ ਦੇ ਚਿੱਤ ਵਿੱਚ ਉਸ ਪਰਮ ਸੱਤਾ ਪਰਬ੍ਰਹਮ ਪ੍ਰਮਾਤਮਾ ਦੀ ਸ਼ਰਨ ਵਿੱਚ ਜਾਣ ਦਾ, ਉਸ ਨੂੰ ਮਿਲਣ ਦਾ ਤੇ ਪ੍ਰਾਪਤ ਕਰਨ ਦਾ ਚਾਅ, ਫੁਰਨਾ ਜਾਂ ਸੰਕਲਪ ਫੁਰਦਾ ਹੈ। ਬੂੰਦ ਸਾਗਰ ਵਿੱਚ ਮਿਲਣਾ ਚਾਹੁੰਦੀ ਹੈ। ਅਗਨੀ ਕਣ ਮਹਾਨ ਅਗਨ ਸਾਗਰ ਵਿੱਚ ਮਿਲਣ ਲਈ ਤਾਂਘਦਾ ਹੈ। ਕਿਰਨ ਸੂਰਜ ਵਿੱਚ ਮਿਲਣ ਲਈ ਤੜਪਦੀ ਹੈ। ਅਣੂ ਆਪਣੇ ਮਹਾਨ ਅਣੂ ਬਿੰਬ ਵੱਲ ਦੌੜਦਾ ਹੈ। ਅੰਸ਼ੀ ਅੰਸ਼ ਹੋਣਾ ਚਾਹੁੰਦਾ ਹੈ। ਅਧੂਰਾਪਣ ਸੰਪੂਰਨਤਾ ਵਾਲੇ ਪਾਸੇ ਪ੍ਰਵਿਰਤ ਹੁੰਦਾ ਹੈ। ਵਿਯੋਗ ਸੰਜੋਗ ਲਈ ਕਾਹਲਾ ਪੈਂਦਾ ਹੈ, ਠੀਕ ਓਵੇਂ ਜਿਵੇਂ ਮਛਲੀ ਜਲ ਲਈ, ਮਿਰਗ ਨਾਦ ਵੱਲ ਤੇ ਭੰਵਰੇ ਖ਼ੁਸ਼ਬੂ ਵੱਲ ਦੌੜਦੇ ਹਨ। ਇੱਕ ਕੰਤ ਮਹੇਲੀ ਕੰਤ ਨੂੰ ਆਲਿੰਗਨ ਕਰਨ ਵਾਸਤੇ ਬਿਹਬਲ ਹੁੰਦੀ ਹੈ ਅਤੇ ਇਹ ਕੁਝ ਵਾਪਰੇ ਵੀ ਕਿਉਂ ਨਾ? ਕਿਉਂਕਿ ਆਪਣੇ ਮੂਲ ਵਿੱਚ ਮਿਲੇ ਬਿਨਾਂ ਇਸ ਨੂੰ ਸ਼ਾਂਤੀ ਪ੍ਰਾਪਤ ਹੋ ਹੀ ਨਹੀਂ ਸਕਦੀ ਅਤੇ ਇਸ ਵੇਲੇ ਹੀ ਉਸ ਨੂੰ ਉਸ ਪੁਲ ਦੀ ਜ਼ਰੂਰਤ ਪੈਂਦੀ ਹੈ ਜਿਸ ਰਾਹੀਂ ਉਹ ਇਸ ਸੰਸਾਰ ਸਮੁੰਦਰ ਤੋਂ ਪਾਰ ਹੋ ਸਕੇ। ਉਸ ਨੂੰ ਸ਼ਾਸਤਰ ਗਿਆਨ ਦੇ ਬੇੜੇ ਤੇ ਉਸ ਨੂੰ ਸਮਝਣ ਸਮਝਾਉਣ ਵਾਲੇ ਮਲਾਹ ਜਾਂ ਗੁਰੂ ਦੀ ਲੋੜ ਮਹਿਸੂਸ ਹੁੰਦੀ ਹੈ। ਉਹ ਇਸ ਜੱਗ ਜੰਗਲ ਦੇ ਭੂੱਲ ਭੁਲਾਵਿਆਂ ਵਿੱਚੋਂ ਕਿਸੇ ਡਰ ਰਹਿਤ ਸਿੱਧੇ ਸਾਫ ਰਾਹ ਦੀ ਤਲਾਸ਼ ਕਰਦਾ ਹੈ। ਇੱਕ ਲਘੂ ਨਦੀ ਨੂੰ ਕਿਸੇ ਵਿਸ਼ਾਲ ਗੰਗਾ ਦੀ ਜ਼ਰੂਰਤ ਪੈਂਦੀ ਹੈ ਕਿਉਂਕਿ ਅਤਿ ਛੋਟੀ ਨਦੀ ਖ਼ੁਦ ਸਮੁੰਦਰ ਤੱਕ ਨਹੀਂ ਪਹੁੰਚ ਸਕਦੀ। ਜੀਵਾਤਮਾ ਰੂਪ ਦੁਲਹਨ ਨੂੰ ਰੱਬ ਰੂਪੀ ਵਰ ਪ੍ਰਾਪਤ ਕਰਨ ਵਾਸਤੇ ਕਿਸੇ ਮਹਾਨ ਪ੍ਰੋਹਿਤ

ਅਤੇ ਅਦਭੁਤ ਗੁਰੂ ਵਿਚੋਲੇ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ ਕਿਉਂਕਿ ਜੀਵ ਦੀ ਆਪਣੀ ਬੁੱਧੀ ਬਹੁਤੀ ਮੰਜੀ ਨਾ ਹੋਣ ਕਰਕੇ, ਅੰਤ੍ਰਾਕਰਨ ਸ਼ੁੱਧ ਨਾ ਹੋਣ ਦੀ ਵਜ੍ਹਾ ਕਰਕੇ ਇਹ ਇਸ ਰਾਹ ਦਾ ਸਹੀ ਨਿਰਣਾ ਨਹੀਂ ਕਰ ਸਕਦਾ। ਪ੍ਰਮਾਤਮ ਦੇਵ ਦੇ ਸ਼ਰਨਾਗਤ ਹੋਣ ਵਾਸਤੇ ਕਿਹੜੇ ਸਾਧਕ ਲਈ ਕਿਹੜਾ ਸਾਧਨ, ਮੰਤਰ, ਦੇਵਤਾ, ਪੂਜਾ ਪਾਠ, ਆਸਣ ਧਿਆਨ ਕਲਿਆਣਕਾਰੀ ਹੋਵੇਗਾ ਇਸ ਦਾ ਨਿਰਣਾ ਇੱਕ ਸ਼੍ਰੋਤ੍ਰੀਯ ਬ੍ਰਹਮਨਿਸ਼ਠ ਮਹਾਂਪੁਰਖ ਹੀ ਕਰ ਸਕਦਾ ਹੈ। ਮੁਕਤੀ ਮਾਰਗ ਦੇ ਰਾਹ ਵਿੱਚ ਆਉਣ ਵਾਲੀਆਂ ਮੁਸ਼ਕਿਲਾਂ ਅੜਿੱਚਣਾਂ ਜਾਂ ਕਸ਼ਟਾਂ ਦਾ ਹੱਲ ਵੀ ਉਹ ਸਿੱਧ ਸਤਿਪੁਰਖ ਹੀ ਦੱਸ ਸਕਦਾ ਹੈ। ਕਿਉਂਕਿ ਵੇਦ ਦਾ ਵਾਕ ਹੈ:-

''आचार्यवान् पुरूषों हि वेद''
परीक्ष्य लोकान् कर्मचितान् (मु. १-२-१२)

ਭਾਵ ਕਰਮ ਕਰਕੇ ਵਿਦਵਾਨ ਲੋਕ ਪ੍ਰੀਖਿਆ ਕਰ ਚੁੱਕੇ ਹਨ ਕਿ ਉਹਨਾਂ ਸਤਿਕਰਮਾਂ ਨਾਲ ਜਨਮ ਮਰਨ ਦੇ ਬੰਧਨ ਦਾ ਨਾਸ਼ ਨਹੀਂ ਹੁੰਦਾ ਬਲਕਿ ਕਰਮਾਂ ਦੀ ਰੱਸੀ ਜੀਵ ਰੂਪ ਪਸ਼ੂ ਦੇ ਗਲ ਵਿੱਚ ਹੋਰ ਮਜ਼ਬੂਤ ਹੋਕੇ ਪੈ ਜਾਂਦੀ ਹੈ ਇਸ ਲਈ ਰੱਬ ਦੇ ਪਿਆਰੇ ਅਤੇ ਉਸ ਨੂੰ ਜਾਨਣ ਵਾਲੇ ਕਿਸੇ ਅਜਿਹੇ ਮਹਾਂਪੁਰਖ ਦੀ ਲੋੜ ਪ੍ਰਤੀਤ ਹੁੰਦੀ ਹੈ ਜੋ ਇਸ ਉਲਝਣ ਨੂੰ ਸੁਲਝਾ ਸਕਣ ਦੇ ਸਮਰੱਥ ਹੋਵੇ। ਗੀਤਾ ਦੇ ਚੌਥੇ ਅਧਿਆਇ ਦੇ ੩੪ਵੇਂ ਸ਼ਲੋਕ ਵਿੱਚ ਭਗਵਾਨ ਸ਼੍ਰੀ ਕ੍ਰਿਸ਼ਨ ਨੇ ਵੀ ਆਖਿਆ ਹੈ।

''तद्विद्धि प्रणिपातेन परिप्रशनेन सेवया।... (गी.४-३४)''

ਅਰਥਾਤ ਉਸ ਪਰਮ ਤੱਤ ਨੂੰ ਜਾਨਣ ਵਾਸਤੇ ਕਿਸੇ ਸ਼ਾਸਤਰ ਗਿਆਤਾ ਅਤੇ ਤੱਤਵੇਤਾ ਮਹਾਂਪੁਰਖ ਦੀ ਲੋੜ ਹੁੰਦੀ ਹੈ ਜਿਸ ਦੀ ਸ਼ਰਨ ਵਿੱਚ ਜਾਕੇ ਜਿਗਿਆਸੂ ਭਾਵ ਨਾਲ ਜੀਵ ਪਰਮ ਤੱਤ ਨੂੰ ਪ੍ਰਾਪਤ ਕਰ ਸਕਦਾ ਹੈ। ਸ਼੍ਰੀ ਮਦ ਭਾਗਵਤ ਮਹਾਪੁਰਾਣ ਵਿੱਚ ਭਗਵਾਨ ਵੇਦ ਵਿਆਸ ਦਾ ਵੀ ਇਹੋ ਬਚਨ ਹੈ:

''तस्माद् गुरूं प्रपद्येत जिज्ञासुः ... (भाः ११-३-२१)

ਭਾਵ ਉਸ ਪ੍ਰਮਾਤਮ ਦੇਵ ਦੇ ਪਰਮ ਸਰੂਪ ਨੂੰ ਜਾਨਣ ਵਾਸਤੇ ਕਿਸੇ ਸੱਚੇ ਗੁਰੂ ਦੀ ਸ਼ਰਨ ਗ੍ਰਹਿਣ ਕਰਨੀ ਪਵੇਗੀ।

ਇਸ ਵਾਸਤੇ ਇਹ ਤਾਂ ਗੱਲ ਚਿੱਟੇ ਦਿਨ ਵਰਗੀ ਸ਼ੁੱਧ ਸਾਫ ਅਤੇ ਸਪੱਸ਼ਟ ਹੈ ਕਿ ਕਿਸੇ ਮਹਾਂਪੁਰਖ ਦੇ ਲੜ ਲੱਗੇ ਬਿਨਾਂ ਇਸ ਭਵਸਾਗਰ ਨੂੰ ਤਰਿਆ ਨਹੀਂ ਜਾ ਸਕਦਾ। ਬਿਨਾਂ ਬੇੜੀ ਤੇ ਮਲਾਹ ਦੇ ਪਾਰ ਲੱਗਣਾ ਬਹੁਤ ਮੁਸ਼ਕਿਲ ਹੈ।

ਇਸ ਦੇ ਪ੍ਰਥਾਇ ਇੱਕ ਪ੍ਰਾਚੀਨ ਉਪਾਖਿਆਨ ਭਾਵ ਸਾਖੀ ਹੈ ਕਿ ਕਿਸੇ ਨਦੀ ਦੇ ਕਿਨਾਰੇ ਕੋਈ ਮਲਾਹ ਕਿਸੇ ਦੂਜੇ ਬੰਨ੍ਹੇ ਜਾਣ ਵਾਲੇ ਯਾਤਰੂ ਨੂੰ ਉਡੀਕ ਰਿਹਾ ਸੀ। ਸ਼ਾਮ ਦਾ ਵੇਲਾ ਸੀ। ਦਿਨ ਦਾ ਚੌਥਾ ਪਹਿਰ। ਸੂਰਜ ਅਸਤਾਚਲ ਦੇ ਕਿਨਾਰੇ ਪਹੁੰਚਿਆ ਹੋਇਆ ਸੀ। ਖਿਨ ਖਿਨ ਅੰਧੇਰਾ ਵਧ ਰਿਹਾ ਸੀ। ਮਲਾਹ ਕਾਹਲਾ ਪਿਆ ਹੋਇਆ ਸੀ। ਉਹ ਬੇੜੀ ਦਾ ਰੱਸਾ ਖੋਲ੍ਹਣ ਹੀ ਲੱਗਿਆ ਸੀ ਕਿ ਦੂਰੋਂ ਇੱਕ ਮਹਾਤਮਾ ਆਉਂਦੇ ਦ੍ਰਿਸ਼ਟੀ ਪਏ। ਸਾਧੂ ਮਲਾਹ ਦੇ ਪਾਸ ਪੁੱਜੇ। ਬੇੜੀ ਵਾਲੇ ਨੇ ਮੱਥਾ ਟੇਕਿਆ ਮਹਾਤਮਾ ਨੇ ਸੁਖੀ ਰਹਿਣ ਦੀ ਅਸੀਸ ਦਿੱਤੀ। ਨੌਕਾ ਚਾਲਕ ਨੇ ਬੇਨਤੀ ਕੀਤੀ ਕਿ ਆਉ ਭਗਵਾਨ ਦਾਸ ਦੀ ਬੇੜੀ ਨੂੰ ਭਾਗ ਲਾਉ। ਸੁੱਕੇ ਹਰੇ ਕਰੋ। ਤਾਂ ਸੰਤ ਜੀ ਬੋਲੇ ਕਿ ਸੱਜਣਾਂ ਤੇਰੀ ਇਹ ਬੇੜੀ

ਪਾਰ ਨਹੀਂ ਲੱਗਣੀ ਕਿਉਂਕਿ ਇਸ ਵਿੱਚ ਜਿਹੜੇ ਪ੍ਰਾਣੀ ਤੂੰ ਬਿਠਾਈ ਬੈਠਾ ਏਂ ਇਹ ਇਕੱਲਾ ਇਕੱਲਾ ਥੋਕ ਤੇਰਾ ਬੇੜਾ ਡੋਬਣ ਲਈ ਕਾਫੀ ਹੈ ਤੇ ਤੇਰੇ ਪਾਸ ਤਾਂ ਇਹ ਤਿੰਨ ਆਫਤਾਂ ਹਨ ਜਿਉਂਦੇ ਜਾਗਦੇ ਜਿੰਨ ਜਿੰਨਾਤ। ਪਹਿਲਾ ਬਾਂਦਰ, ਦੂਜਾ ਬਾਲਕ ਤੀਜਾ ਊਠ ਦਾ ਬੱਚਾ। ਇਸ ਲਈ ਮੈਂ ਤੇਰੀ ਬੇੜੀ ਵਿੱਚ ਸਵਾਰ ਨਹੀਂ ਹੋ ਸਕਦਾ। ਅੱਗੋਂ ਨਾਵਕ ਨੇ ਅਰਜ਼ ਕੀਤੀ ਕਿ ਬੱਚਾ ਮੇਰਾ ਇਕਲੌਤਾ ਪੁੱਤਰ ਹੈ ਬਾਂਦਰ ਮੇਰੇ ਮਨ ਪ੍ਰਚਾਵੇ ਦਾ ਸਾਧਨ ਹੈ ਤੇ ਇਸ ਊਠਣੀ ਦੇ ਬੱਚੇ ਦੀ ਮਾਂ ਇਸ ਨੂੰ ਜਨਮ ਦਿੰਦਿਆਂ ਹੀ ਮਰ ਗਈ ਤੇ ਮੈਂ ਇਸ ਤੇ ਤਰਸ ਖਾ ਕੇ ਆਪਣੇ ਘਰ ਲਿਜਾ ਕੇ ਪਾਲਣਾ ਚਾਹੁੰਦਾ ਹਾਂ। ਤੁਸੀਂ ਦਯਾ ਕਰੋ ਬੇੜੀ ਨੂੰ ਪਵਿੱਤਰ ਕਰੋ। ਪਰ ਸੰਤ ਜੀ ਨਾ ਮੰਨੇ ਆਖਿਰ ਮੱਲਾਹ ਨੇ ਬੇੜਾ ਦਰਿਆ ਵਿੱਚ ਠੇਲ੍ਹ ਦਿੱਤਾ। ਧਾਰ ਦੇ ਬਿਲਕੁਲ ਵਿਚਾਲੇ ਪਹੁੰਚਣ ਉੱਪਰ ਬੱਚੇ ਨੇ ਬਾਂਦਰ ਨੂੰ ਉਂਗਲ ਲਾ ਦਿੱਤੀ ਤੇ ਬਾਂਦਰ ਛਾਲ ਮਾਰਕੇ ਊਠ ਦੇ ਬੱਚੇ ਦੇ ਉੱਪਰ ਜਾ ਚੜ੍ਹਿਆ ਤੇ ਜਦੋਂ ਬੋਤੇ ਦਾ ਬੱਚਾ ਘਬਰਾ ਕੇ ਬੁੜ੍ਹਕਿਆ ਉਛਲਿਆ ਤਾਂ ਬੇੜੀ ਡੋਲੀ ਡਗਮਗਾਈ ਗੇੜਾ ਖਾਧਾ ਤੇ ਪਲਟ ਗਈ ਸਾਰੇ ਥੋਕ ਪਾਣੀ ਵਿੱਚ ਰੁੜ੍ਹ ਗਏ ਮਹਾਤਮਾ ਦਿਆਲੂ ਸਨ ਦਰਿਆ ਨੂੰ ਤਰਨ ਜਾਣਦੇ ਸਨ ਇਸ ਲਈ ਉਹਨਾਂ ਨੇ ਤੇਜ਼ੀ ਨਾਲ ਛਾਲ ਮਾਰ ਕੇ ਮੱਲਾਹ ਦੇ ਬੱਚੇ ਨੂੰ ਬਚਾ ਲਿਆ ਤੇ ਮੱਲਾਹ ਤਰ ਕੇ ਦੂਜੇ ਬੰਨੇ ਪਹੁੰਚ ਗਿਆ ਅਤੇ ਉਸ ਦੇ ਨਾਲ ਹੀ ਸੰਤ ਜੀ ਕਿਨਾਰੇ ਜਾ ਲੱਗੇ ਅਤੇ ਉਸ ਆਕੁਲ ਵਿਆਕੁਲ ਹੋਏ ਪੁੱਤਰ ਦੇ ਮੋਹ ਅਤੇ ਵਿਛੋੜੇ ਵਿੱਚ ਰੋਂਦੇ ਪਿੱਟਦੇ ਨੂੰ ਉਸ ਦਾ ਬੱਚਾ ਸੌਂਪ ਦਿੱਤਾ। ਨੌਕਾ ਵਾਲੇ ਨੇ ਸੰਤਾਂ ਦੇ ਚਰਨ ਚੁੰਮੇ ਧੂੜ ਮੱਥੇ ਨੂੰ ਲਾਈ ਤੇ ਅਰਜ਼ ਕੀਤੀ ਕਿ ਮਹਾਰਾਜ ਮੈਨੂੰ ਨਹੀਂ ਪਤਾ ਸੀ ਕਿ ਤੁਸੀਂ ਏਡੇ ਵੱਡੇ ਜੋਤਸ਼ੀ ਹੋ ਜਿਨ੍ਹਾਂ ਨੂੰ ਅੱਗੋਂ ਘਟਨ ਵਾਲੀ ਘਟਨਾ ਦਾ ਪਹਿਲਾਂ ਹੀ ਪਤਾ ਲੱਗ ਜਾਂਦਾ ਹੈ ਤਾਂ ਮਹਾਂਪੁਰਖਾਂ ਨੇ ਹੱਸ ਕੇ ਆਖਿਆ ਨਹੀਂ ਓਇ ਭੋਲ਼ਿਆ ਭਗਤਾ ਇਹ ਜੋਤਿਸ਼ ਦਾ ਚਮਤਕਾਰ ਨਹੀਂ ਇਹ ਅਕਲ ਦੀ ਖੇਡ ਹੈ ਕਿਉਂਕਿ ਤੇਰੀ ਬੇੜੀ ਵਿੱਚ ਬਿਰਾਜੇ ਹੋਏ ਇਹ ਤਿੰਨੇ ਪ੍ਰਾਣੀ ਹੀ ਚੰਚਲ ਸਨ ਤਾਂ ਉਸ ਨੇ ਪੁੱਛਿਆ ਕਿ ਮਹਾਰਾਜ ਜੀ ਜੇ ਇਹੋ ਜਿਹਾ ਸਮਾਨ ਬੰਨੇ ਲਗਾਉਣਾ ਹੀ ਹੋਵੇ ਤਾਂ ਕੀ ਉਪਰਾਲਾ ਕਰੀਏ ? ਤਾਂ ਉਸਦਾ ਇਹ ਪ੍ਰਸ਼ਨ ਸੁਣਕੇ ਬਾਬਾ ਜੀ ਬੋਲੇ ਕਿ ਸੱਜਣਾਂ ਉੱਠ ਦੇ ਬੱਚੇ ਨੂੰ ਇੱਕ ਬੰਨੇ ਅਤੇ ਬਾਂਦਰ ਨੂੰ ਦੂਜੇ ਬੰਨੇ ਬੰਨ੍ਹ ਦੇਣਾ ਚਾਹੀਦਾ ਹੈ ਤੇ ਬੱਚੇ ਨੂੰ ਆਪਣੀ ਦੇਖ-ਰੇਖ ਵਿੱਚ ਪਾਸ ਬਿਠਾ ਕੇ ਰੱਖਣਾ ਚਾਹੀਦਾ ਹੈ ਇਸ ਪ੍ਰਕਾਰ ਇਹ ਚੰਚਲ ਚੀਜ਼ਾਂ ਪਾਰ ਉੱਤਰ ਵੀ ਸਕਦੀਆਂ ਹਨ। ਪਵਿੱਤਰ ਗੁਰਬਾਣੀ ਦਾ ਕਥਨ ਹੈ:

> ਉਸਾਰੰਗ ਕੀ ਵਾਰ ਮਹਲਾ ੪ ਰਾਇ ਮਹਮੇ ਹਸਨੇ ਕੀ ਧੁਨਿ॥
> ੧ਓ ਸਤਿਗੁਰ ਪ੍ਰਸਾਦਿ॥
> ਸਲੋਕ ਮਹਲਾ ੨॥
> ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥
> ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ ॥੧॥(ਪੰਨਾ ੧੨੩੭)"

ਪਰ ਇਸ ਦ੍ਰਿਸ਼ਟਾਂਤ ਦਾ ਅੰਤਰੀਵ ਭਾਵ ਓਹੀ ਹੈ ਕਿ ਸਰੀਰ ਬੇੜੀ ਹੈ ਮਨ ਸੰਕਲਪਾਂ ਦਾ ਪੁੰਜ ਬਾਲਕ ਅਤੇ ਕਾਮ ਕ੍ਰੋਧ ਆਦਿਕ ਬਾਂਦਰ ਤੇ ਊਠ ਦੇ ਬੱਚੇ ਹਨ। ਭਗਵਾਨ ਸ਼੍ਰੀ ਕ੍ਰਿਸ਼ਨ ਏਸੇ ਵਿਸ਼ੇ ਦਾ ਵਿਸਥਾਰ ਕਰਦਿਆਂ ਕਹਿੰਦੇ ਹਨ ਕਿ ਸੰਗ ਦੋਸ਼ ਤੋਂ ਮਨ ਕਾਮ ਦੀ ਪੂਰਤੀ ਦਾ ਭਾਵ ਇਸਤਰੀ ਮਿਲਾਪ ਦਾ ਸੰਕਲਪ ਕਰਦਾ ਹੈ ਉਸ ਵਿੱਚ ਵਿਘਨ ਪੈਣ ਉਪਰ ਕ੍ਰੋਧ ਜਨਮਦਾ ਹੈ ਕ੍ਰੋਧ ਨਾਲ ਮੂਢਤਾ ਜਾਂ ਸੰਮੋਹ ਪ੍ਰਾਪਤ ਹੁੰਦਾ ਹੈ ਇਸ ਗੂੜ੍ਹ ਮੋਹ ਜਾਂ ਮੂਢਤਾ ਕਰਕੇ ਸਿਮ੍ਰਤੀ ਭਾਵ ਸਮਝਣ ਸੋਚਣ ਮਨ

ਨੂੰ ਰੋਕਣ ਥੰਮਣ ਜਾਂ ਸੰਜਮ ਵਿੱਚ ਰੱਖਣ ਦੀ ਸਮਰੱਥਾ ਨਸ਼ਟ ਹੋ ਜਾਂਦੀ ਹੈ। ਇਸ ਸਿਮ੍ਰਤੀ ਦੇ ਭਟਕ ਜਾਣ ਨਾਲ ਚੰਗੇ ਮਾੜੇ ਦਾ ਵਿਸ਼ਲੇਸ਼ਣ ਕਰਨ ਵਾਲੀ ਬੁੱਧੀ ਨਸ਼ਟ ਹੋ ਜਾਂਦੀ ਹੈ। ਫਿਰ ਬੁੱਧੀ ਦੇ ਨਾਸ਼ ਹੋ ਜਾਣ ਨਾਲ ਮਨੁੱਖ ਅਨੇਕ ਅਨੇਕ ਜਨਮ ਜਨਮਾਂਤਰਾ ਦੇ ਚੱਕਰ ਵਿੱਚ ਫਸ ਜਾਂਦਾ ਹੈ। ਇਸ ਪ੍ਰਕਾਰ ਅਸੀਂ ਵੇਖਦੇ ਹਾਂ ਕਿ ਜਿਹੋ ਜਿਹੇ ਮਹਾਂ ਚੰਚਲ, ਵਿਗੜੇ ਤਿਗੜੇ ਪਰਸਪਰ ਵਿਰੋਧੀ ਤੱਤ ਇਸ ਸਾਡੀ ਸਰੀਰ ਰੂਪ ਬੇੜੀ ਵਿੱਚ ਵਿਰਾਜਦੇ ਹਨ ਇਹਨਾਂ ਨੂੰ ਕਾਬੂ ਕਰਕੇ ਇਸ ਸਰੀਰ ਰੂਪ ਬੇੜੇ ਨੂੰ ਕੋਈ ਪੂਰਨ ਮਹਾਂਪੁਰਖ ਹੀ ਬੰਨੇ ਲਾ ਸਕਦਾ ਹੈ ਜਿਸ ਦਾ ਅਸੀਂ ਪਿਛੇ ਜ਼ਿਕਰ ਕਰ ਰਹੇ ਸੀ ਕਿ ਇਸ ਜਿਗਿਆਸੂ ਰੂਪ ਕੰਨਿਆ ਦਾ ਪਰਮ ਸ਼ਿਵ ਨਾਲ ਗਠਬੰਧਨ ਕਰਨ ਵਾਸਤੇ ਕਿਸੇ ਸਮਰੱਥ ਵਿਚੋਲੇ ਦੀ ਲੋੜ ਹੈ ਕਿਉਂਕਿ ਜਿਵੇਂ ਇਹ ਬੇੜੀ ਦਾ ਉਦਾਹਰਨ ਹੈ ਏਸੇ ਪ੍ਰਕਾਰ ਹੀ ਸ਼ਾਸਤਰਾਂ ਨੇ ਇਸ ਸਰੀਰ ਨੂੰ ਨਗਰੀ ਵੀ ਆਖਿਆ ਹੈ ।

"ਕਾਇਆ ਮਹਲੁ ਮੰਦਰੁ ਘਰੁ ਹਰਿ ਕਾ ਤਿਸੁ ਮਹਿ ਰਾਖੀ ਜੋਤਿ ਅਪਾਰ ॥
ਨਾਨਕ ਗੁਰਮੁਖਿ ਮਹਲਿ ਬੁਲਾਈਐ ਹਰਿ ਮੇਲੇ ਮੇਲਣਹਾਰ ॥੪॥੫॥ (ਪੰਨਾ ੧੨੫੬)"

ਭਾਵ ਇਹ ਕਾਇਆ ਪ੍ਰਮੇਸ਼ਵਰ ਦਾ ਮੰਦਰ ਜਾਂ ਘਰ ਹੈ ਜਿਸ ਵਿੱਚ ਅਪਾਰ ਸ਼ਕਤੀਸ਼ਾਲੀ ਪ੍ਰਚੰਡ ਜੋਤ ਜਗ ਰਹੀ ਹੈ ਪਰ ਰਜੋਗੁਣ ਵਿੱਚ ਲਿਵਲੀਨ ਲੋਕਾਂ ਵਾਸਤੇ ਇਹ ਮਹਲ ਹੈ ਜਿੱਥੇ ਸੁੰਦਰ ਸੁਹਾਵਣੀਆਂ ਸੁਗੰਧਿਤ ਫੁੱਲਾਂ ਨਾਲ ਸ਼ਿੰਗਾਰੀਆਂ ਸੇਜਾਂ ਹਨ ਅਤਿਅੰਤ ਰੂਪਵਾਨ ਸੁੰਦਰੀਆਂ ਨੱਚਣ ਵਾਲੀਆਂ ਨ੍ਰਿਤਯਾਂਗਣਾਂ ਰਾਗ ਗੀਤ ਦੇ ਜਾਣੂੰ ਗੰਧਰਵ ਗਵੱਈਏ ਦਰਵਾਜ਼ਿਆਂ ਉੱਪਰ ਝੂਲ਼ਦੇ ਮਦਮਸਤ ਹਾਥੀ ਅਤੇ ਪਵਨ ਸੇ ਵੇਗ ਦੇ ਸਮਾਨ ਚੰਚਲ ਤੁਰੰਗ ਭਾਵ ਘੋੜੇ ਸ਼ਹਿਨਾਈਆਂ ਤੇ ਨਗਾਰੇ ਚਤੁਰ ਵਜ਼ੀਰ ਤੇ ਆਗਿਆਕਾਰੀ ਅਹਿਲਕਾਰ ਇਹੋ ਜਿਹੀ ਸਮੱਗਰੀ ਵਿੱਚ ਵਸਣ ਵਾਲਿਆਂ ਲਈ ਇਹ ਮਹਿਲ ਹੈ। ਪ੍ਰਮਾਤਮ ਦੇਵ ਦੀ ਪੂਜਾ ਤੁਲਸੀ ਚੰਦਨ ਦੇ ਉਪਹਾਰ ਦਿੱਬ ਖੁਸ਼ਬੂ ਨਾਲ ਸਰਸ਼ਾਰ ਇਤਰ ਫਲੇਲ ਤੇ ਧੂਫਾਂ ਅਖੰਡ ਮੰਡਲਾਕਾਰ ਘੁੰਮਦੀਆਂ ਦਮਕਦੀਆਂ ਤੇ ਚਮਕਦੀਆਂ ਆਰਤੀਆਂ ਪ੍ਰੇਮ ਨਿਮਰਤਾ ਕਰੁਣਾ ਬੇਨਤੀ ਗਿਆਨ ਤੇ ਵੈਰਾਗ ਨਾਲ ਪਰਿਪੂਰਤ ਜਿਥੇ ਮਨੋਹਰ ਪਦ ਗਾਏ ਜਾਂਦੇ ਹੋਣ ਉਹਨਾਂ ਲਈ ਇਹ ਹਰੀ ਦਾ ਮੰਦਰ ਹੈ। ਤੇ ਜਿਨ੍ਹਾਂ ਨੇ ਖਾਣਾ ਪੀਣਾ ਤੇ ਪੇਟ ਪੂਰਤੀ ਲਈ ਟੇਢੇ ਵਿੰਗੇ ਢੰਗ ਨਾਲ ਧਨ ਇਕੱਠਾ ਕਰਨਾ ਠੱਗੀ ਠੋਰੇ ਨਾਲ ਇਕੱਠੀ ਕੀਤੀ ਦੌਲਤ ਰਾਹੀਂ ਚਾਰ ਦਿਨਾਂ ਦੀ ਚਾਂਦਨੀ ਵਰਗੀ ਫੋਕੀ ਚੌਧਰ ਚਮਕਾਉਣੀ ਨੱਚਣਾ ਟੱਪਣਾ ਹੱਸਣਾ ਰੋਣਾ ਫਜ਼ੂਲ ਜਿਹਾ ਭੜਥੂ ਪਾਕੇ ਦਿਨ ਬਤੀਤ ਕਰਨਾ ਤੇ ਝਖ ਮਾਰਦਿਆਂ ਰਾਤ ਅੱਧੀ ਜਾਗਦਿਆਂ ਤੇ ਅੱਧੀ ਸੌਂਦਿਆਂ ਕੱਟਣੀ ਕਦੇ ਹਰਖ ਕਦੇ ਸੋਗ ਵਿੱਚ ਲਿਪਟੇ ਰਹਿਣਾ ਉਹਨਾਂ ਲਈ ਇਹ ਸਰੀਰ ਘਰ ਹੈ। ਜਿਸ ਵਾਸਤੇ ਗੁਰਬਾਣੀ ਦਾ ਪਵਿੱਤਰ ਆਦੇਸ਼ ਹੈ:

ਉਮਚ ੧॥
ਦਸ ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ॥
ਚਾਲੀਸੀ ਪੁਰੁ ਹੋਇ ਪਚਾਸੀ ਪਗੁ ਖਿਸੈ ਸਠੀ ਕੇ ਬੋਢੇਪਾ ਆਵੈ॥
ਸਤਰਿ ਕਾ ਮਤਿਹੀਣੁ ਅਸੀਹਾਂ ਕਾ ਵਿਉਹਾਰੁ ਨ ਪਾਵੈ॥
ਨਵੈ ਕਾ ਸਿਹਜਾਸਣੀ ਮੂਲਿ ਨ ਜਾਣੈ ਅਪ ਬਲੁ॥
ਢੰਢੋਲਿਮੁ ਢੂਢਿਮੁ ਡਿਠੁ ਮੈ ਨਾਨਕ ਜਗੁ ਧੂਏ ਕਾ ਧਵਲਹਰੁ ॥੩॥(ਪੰਨਾ ੧੩੮)"

ਇਸ ਪ੍ਰਥਾਇ ਥੋੜ੍ਹੀ ਜਿਹੀ ਵਿਚਾਰ ਜੇ ਹੋਰ ਕਰੀਏ ਤਾਂ ਇਸ ਅਤਿ ਗੁੰਝਲਦਾਰ ਮਸਲੇ ਨੂੰ

ਸੁਲਝਾਉਣ ਵਾਸਤੇ, ਉਹਨਾਂ ਕਾਮਲ ਮੁਰਸ਼ਿਦਾਂ ਵਾਸਤੇ ਜਾਂ ਪਰਿਪੂਰਨ ਮਹਾਂਪੁਰਖਾਂ ਵਾਸਤੇ ਸ਼ਾਸਤਰ ਗੁਰਬਾਣੀ ਸਾਡੇ ਰਾਹ ਰੌਸ਼ਨ ਇਸ ਪ੍ਰਕਾਰ ਕਰਦੇ ਹਨ।

ਕਿ ਜੋ ਸਤਿਪੁਰਖ ਕੁਲੀਨ ਸਦਾਚਾਰੀ ਹੋਵੇ, ਜਿਸ ਦੀਆਂ ਭਾਵਨਾਵਾਂ ਸ਼ੁੱਧ ਹੋਣ, ਇੰਦਰੀਆਂ ਵੱਸ ਵਿੱਚ ਹੋਣ, ਜੋ ਸਮੂਹ ਸ਼ਾਸਤਰਾਂ ਦੇ ਸਾਰ ਨੂੰ ਜਾਣਦਾ ਹੋਵੇ, ਜਿਸ ਦਾ ਹਿਰਦਾ ਪਰਉਪਕਾਰੀ ਹੋਵੇ, ਜਿਸ ਦੀ ਬਾਣੀ ਅਮੋਘ ਹੋਵੇ, ਜੋ ਜਪ ਅਤੇ ਪੂਜਾ ਵਿੱਚ ਸੰਲਗਨ ਹੋਵੇ, ਜਿਸ ਨੂੰ ਸ਼ਾਂਤੀ ਕਦੇ ਤਿਆਗਦੀ ਨਾ ਹੋਵੇ, ਜੋ ਵੇਦ ਤੇ ਵੇਦਾਂ ਦੇ ਅਰਥਾਂ ਦਾ ਪਾਰਦਰਸ਼ੀ ਹੋਵੇ, ਜਿਸ ਨੂੰ ਯੋਗ ਮਾਰਗ ਦਾ ਪੂਰਨ ਗਿਆਨ ਹੋਵੇ, ਜਿਸ ਦਾ ਹਿਰਦਾ ਦੇਵਤਿਆਂ ਸਮਾਨ ਸੁੱਖ ਦਾਤਾ ਹੋਵੇ, ਐਸੇ ਸ਼ੁਭ ਗੁਣ ਸੰਪੰਨ ਮਹਾਂਪੁਰਖ ਹੀ ਸੱਚੇ ਮਹਾਂਪੁਰਖ ਆਖੇ ਜਾ ਸਕਦੇ ਹਨ। ਫਿਰ ਉਹਨਾਂ ਨੂੰ ਰਿਖੀ, ਮੁਨੀ, ਸਾਧੂ, ਸੁਜਾਨ ਪੁਰਖ, ਸੰਤ, ਸੱਜਣ, ਸੁਆਮੀ, ਸੁਪਰਮੈਨ, ਬੁੱਧ ਪੁਰਖ, ਬ੍ਰਹਮਗਿਆਨੀ ਆਦਿ ਕੁਝ ਵੀ ਕਹਿ ਲਵੋ ਕੋਈ ਫਰਕ ਨਹੀਂ ਪੈਂਦਾ। ਇਹ ਸਾਰੇ ਇੱਕੋ ਹੀ ਕਿਸੇ ਦਿੱਬ ਜੋਤ ਦੇ ਲਖਾਇਕ ਪ੍ਰਯਾਯਵਾਚੀ ਸ਼ਬਦ ਹਨ।

ਇਸ ਪ੍ਰਕਾਰ ਜੋ ਵਿਅਕਤੀ ਬ੍ਰਹਮਗਿਆਨ ਦੇ ਸਾਗਰ ਵਿੱਚ ਡੁੱਬ ਗਿਆ ਭਾਵ ਲਿਵਲੀਨ ਹੋ ਗਿਆ ਜਾਂ ਜਿਸਨੇ ਆਪਣੇ ਮਨ ਦੀਆਂ ਸਾਰੀਆਂ ਮੰਦ ਭਾਵਨਾਵਾਂ ਨੂੰ ਕੁਚਲ ਦਿੱਤਾ ਹਉਮੈ ਨੂੰ ਪੀਸ ਦਿੱਤਾ। ਜਿਸ ਨੇ ਕਾਮ ਆਦਿਕ ਪੰਜਾਂ ਸੂਰਬੀਰਾਂ ਨੂੰ ਮਾਰ ਕੇ ਬਿਦਾਰ ਕੇ ਗੁਦਾਰ ਦਿੱਤਾ।

"ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ ॥
ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ॥ (ਪੰਨਾ ੪੦੪)"

ਜਿਵੇਂ ਸ਼ੇਰ ਨੂੰ ਤੀਰ ਤਲਵਾਰ ਗੋਲੀ ਨਾਲ ਮਾਰਨਾ ਉਸ ਨੂੰ ਮੌਤ ਦੇਣਾ ਹੁੰਦਾ ਹੈ, ਉਸ ਨੂੰ ਜਖ਼ਮੀ ਕਰਕੇ ਸੰਗਲ ਮਾਰਕੇ ਬੰਨ੍ਹਣਾ ਬਿਦਾਰਨਾ ਹੁੰਦਾ ਹੈ। ਅਤੇ ਸ਼ੇਰ ਦੇ ਨੱਕ ਵਿੱਚ ਨਕੇਲ ਪਾਕੇ ਉਸਨੂੰ ਮਨ ਮਰਜ਼ੀ ਨਾਲ ਨਚਾਉਣਾ, ਟਪਾਉਣਾ, ਘੁਮਾਉਣਾ ਤੇ ਫਿਰਾਉਣਾ ਬਿਦਾਰਨਾ ਹੁੰਦਾ ਹੈ ਇਸ ਪ੍ਰਕਾਰ ਦੇ ਸਾਧੂ ਨੂੰ ਹੀ ਸੱਚਾ ਮਾਰਗ ਦਰਸ਼ਕ ਆਖਿਆ ਜਾਂਦਾ ਹੈ ।

ਪਰ ਉਸ ਪਹੁੰਚੇ ਹੋਏ ਸਿੱਧ ਪੁਰਖ ਨੂੰ ਖੋਜਣ ਬਾਰੇ ਇਹ ਨੁਕਤਾ ਧਿਆਨ ਵਿੱਚ ਜ਼ਰੂਰ ਰੱਖਣਾ ਚਾਹੀਦਾ ਹੈ ਕਿ ਸਿਰਫ ਸ਼ਾਸਤਰ ਗਿਆਤਾ ਸਾਧੂ ਉਸ ਗੂੜ੍ਹ ਤੱਤ ਨੂੰ ਨਹੀਂ ਜਾਣ ਸਕਦਾ ਅਤੇ ਨਾ ਹੀ ਕੇਵਲ ਅਨੁਭਵੀ ਮਹਾਤਮਾ ਹੀ ਉਸਨੂੰ ਸਮਝਾਉਣ ਦੇ ਪੂਰਨ ਸਮਰੱਥ ਹੁੰਦੇ ਹਨ। ਧਰਮ ਗ੍ਰੰਥਾਂ ਨੇ ਧਾਰਮਿਕ ਆਗੂਆਂ ਵਿੱਚ ਦੋਵੇਂ ਗੁਣਾਂ ਦੀ ਹੋਂਦ ਨੂੰ ਹੀ ਸਹੀ ਮੰਨਿਆ ਹੈ। ਉਂਝ ਮੇਰੀ ਰਾਇ ਵਿੱਚ ਕੇਵਲ ਅਨੁਭਵ ਸੰਪੰਨ ਮਹਾਂਪੁਰਖ ਦੀ ਸੰਗਤ ਨਾਲ ਕੰਮ ਬਣ ਸਕਦਾ ਹੈ ਪਰ ਏਥੇ ਵੀ ਇੱਕ ਬਹੁਤ ਵੱਡੀ ਸਮੱਸਿਆ ਜਗਿਆਸੂ ਦੇ ਸਾਹਮਣੇ ਇਹ ਆਕੇ ਖੜ੍ਹ ਜਾਂਦੀ ਹੈ ਕਿ ਇਹ ਕਿਵੇਂ ਜਾਣਿਆ ਜਾਵੇ ਕਿ ਕਿਸ ਮਹਾਤਮਾ ਨੇ ਈਸ਼ਵਰ ਨੂੰ ਪ੍ਰਾਪਤ ਕਰ ਲਿਆ ਜਾਂ ਕਿਸ ਨੇ ਨਹੀਂ ਕੀਤਾ ਜਿਵੇਂ ਮਾਨਵ ਬੁੱਧੀ ਆਦਿ ਇੰਦਰੀਆਂ ਨਾਲ ਅਸੀਂ ਪਰਬ੍ਰਹਮ ਨੂੰ ਨਹੀਂ ਛੋਹ ਸਕਦੇ ਏਸੇ ਤਰ੍ਹਾਂ ਇੱਕ ਸੰਤ ਨੂੰ ਵੀ ਆਮ ਜਗਿਆਸੂ ਨਹੀਂ ਜਾਣ ਸਕਦਾ ਕਿਉਂਕਿ ਪਹੁੰਚੇ ਹੋਏ ਨੂੰ ਪਹਿਚਾਨਣ ਵਾਸਤੇ ਪਹੁੰਚੀ ਹੋਈ ਰੂਹ ਹੀ ਸਮਰੱਥ ਹੋ ਸਕਦੀ ਹੈ। ਇੱਕ ਪਹੁੰਚੇ ਹੋਏ ਫ਼ਕੀਰ ਨੂੰ ਸਮਝਣਾ ਜਾਂ ਜਾਨਣਾ ਇਸ ਲਈ ਬਹੁਤਾ ਔਖਾ ਹੈ ਕਿਉਂਕਿ ਉਹ ਖ਼ੁਦ ਨਹੀਂ ਇਹ ਗੱਲ ਚਾਹੁੰਦੇ ਹੁੰਦੇ ਕਿ ਉਹਨਾਂ ਨੂੰ ਕੋਈ ਜਾਣੇ, ਮੰਨੇ ਜਾਂ ਉਹਨਾਂ ਦੀ ਪੂਜਾ ਕਰੇ ਪਰ ਫਿਰ ਵੀ ਅੱਜ ਤੱਕ ਦਾ ਧਾਰਮਿਕ ਇਤਿਹਾਸ ਇਹ ਦੱਸਦਾ ਹੈ ਕਿ ਇਹੋ ਜਿਹੇ ਮਹਾਂਪੁਰਖਾਂ ਨੂੰ ਲੱਭਣ ਲਈ ਜਗਿਆਸੂਆਂ ਨੂੰ ਵਕਤ ਭਾਵੇਂ ਕਿੰਨੇ ਹੀ ਲੱਗ ਗਏ ਪਰ ਹਾਸਿਲ

ਕਰਨ ਵਾਲਿਆਂ ਨੇ ਇਹੋ ਜਿਹੇ ਗੁਰੂਆਂ ਦੀ ਪ੍ਰਾਪਤੀ ਵੀ ਕੀਤੀ ਹੈ ਅਤੇ ਉਹਨਾਂ ਦੀ ਚਰਨ ਸ਼ਰਨ ਵਿੱਚ ਜਾਕੇ ਈਸ਼ਵਰ ਦੀ ਪ੍ਰਾਪਤੀ ਕੀਤੀ ਹੈ। ਇਸ ਲਈ ਓਸੇ ਰਾਹ ਉਪਰ ਚੱਲਕੇ ਸਾਨੂੰ ਵੀ ਅਜਿਹੇ ਮਹਾਂਪੁਰਖ ਮਿਲ ਸਕਦੇ ਹਨ। ਜਦੋਂ ਜੱਗਦੱਤ ਪਹਾੜ ਉੱਪਰ ਚੜ੍ਹ ਸਕਦਾ ਹੈ ਤਾਂ ਫਿਰ ਦੇਵਦੱਤ ਵੀ ਓਥੇ ਪਹੁੰਚ ਸਕਦਾ ਹੈ। ਇਹ ਬਾਤ ਸਿਧਾਂਤ ਸਿੱਧ ਹੈ। ਜਦੋਂ ਅਸੀਂ ਇਹੋ ਜਿਹੇ ਪ੍ਰਬੁੱਧ ਮਹਾਂਪੁਰਖਾਂ ਦੇ ਮਿਲਾਪ ਬਾਰੇ ਸੋਚਦੇ ਹਾਂ ਤਾਂ ਇੱਕ ਤਾਂ ਇਹੋ ਜਿਹੇ ਸਾਧੂ ਹੁੰਦੇ ਹਨ ਕਿ ਉਹਨਾਂ ਦੇ ਜੋ ਗਿਆਨ ਜਾਂ ਅਨੁਭਵ ਅੰਦਰ ਹੁੰਦਾ ਹੈ ਉਹ ਬਾਹਰੋਂ ਵੀ ਓਸੇ ਤਰ੍ਹਾਂ ਹੀ ਪ੍ਰਤੀਤ ਹੁੰਦੇ ਹਨ। ਇਹਨਾਂ ਦੀ ਸ਼ਰਨ ਪਿਆਂ ਮਸਲਾ ਬਹੁਤ ਜਲਦੀ ਹੱਲ ਹੋ ਜਾਂਦਾ ਹੈ। ਪਰ ਇਹੋ ਜਿਹੇ ਸੰਤ ਮਿਲਦੇ ਬਹੁਤ ਮੁਸ਼ਕਿਲ ਨਾਲ ਹਨ। ਦੂਜੇ ਉਹ ਸਿੱਧ ਮਹਾਂਪੁਰਖ ਹੁੰਦੇ ਹਨ ਕਿ ਜਿਹੜੇ ਅੰਦਰੋ ਤਾਂ ਬਿਲਕੁਲ ਰੱਬ ਨਾਲ ਮਿਲੇ ਹੋਏ ਹੁੰਦੇ ਹਨ ਪਰ ਬਾਹਰੋਂ ਸੰਸਾਰੀ ਲੋਕਾਂ ਵਰਗਾ ਕਾਰੋਬਾਰ ਜਾਂ ਆਚਰਣ ਕਰਦੇ ਪ੍ਰਤੀਤ ਹੁੰਦੇ ਹਨ। ਸਾਡਾ ਭਾਵ ਹੈ ਉਹ ਆਮ ਦੁਨੀਆਂਦਾਰ ਵਾਂਗੂੰ ਘਰਬਾਰੀ ਵੀ ਹੁੰਦੇ ਹਨ। ਉਹਨਾਂ ਦੇ ਸ਼ੌਕ ਵੀ ਦੁਨੀਆਦਾਰਾਂ ਨਾਲ ਮਿਲਦੇ ਜੁਲਦੇ ਹੁੰਦੇ ਹਨ। ਪਰ ਅੰਦਰਲੀ ਅਵਸਥਾ ਉਹਨਾਂ ਦੀ ਬਿਲਕੁਲ ਹੀ ਹੋਰ ਹੁੰਦੀ ਹੈ। ਅਜਿਹੇ ਸਾਧੂਆਂ ਨੂੰ ਸਮਝਣਾ ਬਹੁਤ ਔਖਾ ਹੁੰਦਾ ਹੈ। ਕਿਉਂਕਿ ਉਹ ਲੋਕਾਂ ਦੇ ਸਾਹਮਣੇ ਆਪਣੇ ਆਪ ਨੂੰ ਛੁਪਾ ਕੇ ਰੱਖਣਾ ਹੀ ਠੀਕ ਸਮਝਦੇ ਹਨ। ਦੂਜੀ ਗੱਲ ਜੇ ਉਹ ਕਦੇ ਕਦਾਈ ਇਹੋ ਜਿਹਾ ਇਸ਼ਾਰਾ ਕਰ ਵੀ ਦੇਣ ਤਾਂ ਲੋਕ ਨਹੀਂ ਮੰਨਦੇ ਕਿ ਇਹ ਸਾਥੋਂ ਵੀ ਵੱਧ ਰਜੋਗੁਣ ਵਿੱਚ ਫਸਿਆ ਹੋਇਆ ਬੰਦਾ ਆਤਮ ਤੱਤਵੇਤਾ ਕਿਵੇਂ ਹੋ ਸਕਦਾ ਹੈ। ਦੂਜਾ ਪੱਖ ਹੈ ਅੱਜ ਕੱਲ੍ਹ ਦੇ ਪਾਖੰਡੀ ਬਾਬਿਆਂ ਦਾ। ਉਹ ਵੀ ਕੁਝ ਤਾਂ ਇਹੋ ਜਿਹੇ ਹਨ ਕਿ ਉਹ ਅੰਦਰੋਂ ਵੀ ਵਿਗੜੇ ਤਿਗੜੇ ਹੁੰਦੇ ਹਨ ਅਤੇ ਉਹਨਾਂ ਦਾ ਬਾਹਰਲਾ ਵਰਤ ਵਰਤਾਰਾ ਅਤੇ ਝਲਕ ਝਲਕਾਰਾ ਵੀ ਛਲ ਕਪਟ ਜਾਂ ਦੰਭ ਪੂਰਨ ਹੁੰਦਾ ਹੈ। ਇਹਨਾਂ ਨੂੰ ਪਹਿਚਾਨਣਾ ਵੀ ਬਹੁਤ ਸੌਖਾ ਹੁੰਦਾ ਹੈ ਤੇ ਦੂਜੇ ਚਲੰਤੂ ਬਾਬੇ ਉਹ ਵੇਖੇ ਜਾਂਦੇ ਹਨ ਜਿਹੜੇ ਬਾਹਰੋਂ ਤਾਂ ਪੂਰੇ ਸੰਤ, ਸੰਜਮੀ, ਤਪ, ਤਿਆਗ ਦੀ ਮੂਰਤ, ਸਰਲ ਚਿੱਤ, ਪਰਉਪਕਾਰੀ, ਨਿਮਰਤਾ ਦੇ ਪੁੰਜ ਅਤੇ ਗੁਰਮੁਖ ਪਿਆਰੇ ਪ੍ਰਤੀਤ ਹੁੰਦੇ ਹਨ ਪਰ ਅੰਦਰੋਂ ਉਹਨਾਂ ਦੀ ਅਵਸਥਾ ਉਸ ਬਗਲੇ ਵਰਗੀ ਹੁੰਦੀ ਹੈ ਜਿਹੜਾ ਇੱਕ ਲੱਤ ਦੇ ਭਾਰ ਅੱਖਾਂ ਮੀਟ ਕੇ ਪਾਣੀ ਵਿੱਚ ਖੜ੍ਹਾ ਹੋਕੇ ਵੀ ਡੱਡਾਂ ਫੜ੍ਹਨ ਤੇ ਖਾਣ ਵਿੱਚ ਤੱਤਪਰ ਰਹਿੰਦਾ ਹੈ ਜਾਂ ਇਹੋ ਜਿਹੇ ਲੋਕਾਂ ਨੂੰ ਅਸੀਂ ਸੁਨਹਿਰੀ ਕਲਹਿਰੀ ਮੋਰ ਦੀ ਉਪਮਾ ਵੀ ਦੇ ਸਕਦੇ ਹਾਂ ਜੋ ਕਿ ਬਾਹਰੋਂ ਵੇਖਣ ਵਿੱਚ ਤਾਂ ਇੱਕ ਦਮ ਲਿਸ਼ਕਦੇ ਪੁਸ਼ਕਦੇ ਪ੍ਰਤੀਤ ਹੁੰਦੇ ਹਨ ਪਰ ਅੰਦਰੋਂ ਕਾਲੇ ਕੋਬਰੇ ਭਾਵ ਭਿਅੰਕਰ ਨਾਗਾਂ ਨੂੰ ਵੀ ਭੱਛ ਕਰ ਜਾਂਦੇ ਹਨ। ਫਿਰ ਹੋਰ ਤਾਂ ਕਿਸੇ ਨੂੰ ਬਖ਼ਸ਼ਣਾ ਹੀ ਕੀ ਹੈ? ਇਹੋ ਜਿਹੇ ਖ਼ਤਰਨਾਕ ਜਗਤ ਗੁਰੂਆਂ ਤੋਂ ਬਚਣਾ ਕਠਿਨ ਨਹੀਂ ਬਹੁਤ ਹੀ ਕਠਿਨ ਹੈ ਅਤੇ ਅੱਜ-ਕੱਲ੍ਹ ਗਿਣਤੀ ਵੀ ਜ਼ਿਆਦਾ ਇਹੋ ਜਿਹੇ ਬਾਬਿਆਂ ਦੀ ਹੀ ਵੇਖਣ ਵਿੱਚ ਆਉਂਦੀ ਹੈ। ਉਹਨਾਂ ਦੇ ਕੋਝੇ ਚਿੱਤਰਾਂ ਚਰਿੱਤਰਾਂ ਦੀ ਚਰਚਾ ਹਰ ਰੋਜ਼ ਹੀ ਸਾਨੂੰ ਅਖ਼ਬਾਰਾਂ ਤੇ ਟੀ ਵੀ ਰਾਹੀਂ ਵੇਖਣ ਤੇ ਸੁਣਨ ਨੂੰ ਮਿਲਦੀ ਰਹਿੰਦੀ ਹੈ ਪਰ ਜਿਸ ਪੂਰਨ ਪੁਰਖ ਨਿਰਮਲ ਆਤਮਾ ਸਰਵ ਭਾਂਤ ਸਮਰੱਥ ਪੂਰਨ ਮਹਾਤਮਾ ਦੀ ਮੈਂ ਤੁਹਾਡੇ ਨਾਲ ਗੱਲ ਸਾਂਝੀ ਕਰਨ ਲੱਗਿਆਂ ਹਾਂ ਉਹਨਾਂ ਦਾ ਪਵਿੱਤਰ ਨਾਮ ਹੈ 'ਸ਼੍ਰੀਮਾਨ ਸੰਤ ਬਾਬਾ ਅਮਰ ਸਿੰਘ ਜੀ ਕਿਰਤੀ'।

ਆਪ ਕਲਗੀਧਰ ਸੁਆਮੀ ਦੀ ਤੋਰੀ ਹੋਈ ਚੱਕਰਵਰਤੀ ਵਿੱਦਿਆ ਪ੍ਰਚਾਰ ਪਰੰਪਰਾ ਦੇ ਮਹਾਨ ਆਗੂਆਂ ਵਿੱਚੋਂ ਸ਼੍ਰੀਮਾਨ ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂ ਵਾਲੇ ਮਹਾਂਪੁਰਖਾਂ ਦੀ ਤੋਰੀ ਹੋਈ

ਗੁਰਮਤਿ ਗਿਆਨ ਗੰਗਾ ਦੇ ਪਰਮ ਉੱਜਲ ਹੀਰੇ ਹੰਸ ਹੋਏ ਹਨ। ਆਪ ਨੂੰ ਇਸ ਅਤਿਅੰਤ ਪਾਕ ਪਵਿੱਤਰ ਟਕਸਾਲ ਦੇ ਸੁਪ੍ਰਸਿੱਧ ਬਾਨੀਆਂ ਵਿੱਚੋਂ ਸ਼੍ਰੀਮਾਨ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਵਿੱਦਿਆ ਮਾਰਤੰਡ ਹੋਰਾਂ ਦੇ ਸਹਿਪਾਠੀ ਹੋਣ ਦਾ ਜਿੱਥੇ ਮਾਨ ਪ੍ਰਾਪਤ ਹੈ ਓਥੇ ਆਪ ਉਹਨਾਂ ਦੇ ਸੁਯੋਗ ਵਿੱਦਿਆਰਥੀ, ਸਖਾ, ਸੰਗੀ ਅਤੇ ਸੁਹਿਰਦ ਮਿੱਤਰ ਸੰਤ ਪਿਆਰੇ ਸਨ। ਆਪਣਾ ਸੰਪੂਰਨ ਜੀਵਨ ਆਪ ਨੇ ਪਿੰਡ ਫੱਤਾ ਮਾਲੋ ਕਾ ਜ਼ਿਲ੍ਹਾ ਬਠਿੰਡਾ ਪੰਜਾਬ ਵਿਖੇ ਹੀ ਜਪ ਤਪ ਕਰਦਿਆਂ ਆਪਣੇ ਗੁਰਮਤਿ ਵਿਦਿਆਲੇ ਰਾਹੀਂ ਬੇਅੰਤ ਗੁਰਮੁਖਾਂ ਪਿਆਰਿਆਂ ਨੂੰ ਉਸ ਪਰਮ ਪਾਵਨ ਪੰਥ ਦੇ ਪੰਥੀ ਬਣਾਇਆ। ਜਿਵੇਂ ਕਿ ਬ੍ਰਹਮ ਗਿਆਨੀ ਮਹਾਂਪੁਰਖ ਇੱਕ ਪਰਮ ਪਦ ਪ੍ਰਾਪਤ ਸਾਧਕ ਦੇ ਲਕਸ਼ਣ ਕਰਦਿਆਂ ਲਿਖਦੇ ਹਨ:

ਕਿ ਉਹ ਜਗਿਆਸੂ ਪੁਰਖ ਜਿਸਨੇ ਨਿਸ਼ਕਾਮ ਕਰਮ ਕਰਕੇ ਆਪਣੇ ਅੰਤ੍ਰਾਕਰਨ ਨੂੰ ਪਵਿੱਤਰ ਕੀਤਾ ਹੈ, ਜੋ ਸ਼ੁੱਧ ਸਤੋਗੁਣੀ ਭਾਵ ਨਾਲ ਆਪਣੇ ਇਸ਼ਟ ਦੇਵ ਦੇ ਪੂਜਨ ਸਿਮਰਨ ਧਿਆਨ ਵਿੱਚ ਨਿਮਗਨ ਹੈ, ਜਿਸਨੇ ਆਪਣੇ ਹਿਰਦੇ ਦੀ ਚੰਚਲਤਾ ਨੂੰ ਦੂਰ ਕਰ ਲਿਆ ਹੈ, ਜਿਸ ਨੂੰ ਵਿਵੇਕ, ਵੈਰਾਗ, ਸ਼ਮ ਦਮ ਆਦਿ ਖਟ ਸੰਪੱਤੀਆਂ ਅਤੇ ਮੁਕਤੀ ਦੀ ਇੱਛਾ ਆਦਿ ਚਾਰੋਂ ਸਾਧਨ ਪ੍ਰਾਪਤ ਹੋ ਗਏ ਹਨ, ਉਸ ਸਾਧਨ ਸੰਪੰਨ ਸਾਧਕ ਨੂੰ ਹੀ ਅਸਲੀ ਮੁਰੀਦ ਜਾਨਣਾ ਚਾਹੀਦਾ ਹੈ। ਆਪਣੇ ਗੁਰੂ ਦੀ ਆਗਿਆ ਵਿੱਚ ਨਾ ਰਹਿਣ ਵਾਲਾ ਵਿਅਕਤੀ ਇਸ ਪਰਮ ਪਦ ਨੂੰ ਪ੍ਰਾਪਤ ਨਹੀਂ ਕਰ ਸਕਦਾ। ਪੜ੍ਹੋ ਇਸ ਬਾਰੇ ਭਾਈ ਗੁਰਦਾਸ ਦੇ ਮਹਾਨ ਵਿਚਾਰ:-

**"ਮੁਰਦਾ ਹੋਇ ਮੁਰੀਦੁ ਨ ਗਲੀ ਹੋਵਣਾ।**
**ਸਾਬਰੁ ਸਿਦਕਿ ਸਹੀਦ ਭਰਮ ਭਉ ਖੋਵਣਾ।**
**ਗੋਲਾ ਮੁਲਿ ਖਰੀਦੁ ਕਾਰੇ ਜੋਵਣਾ।**
**ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।**
**ਪੀਹਣਿ ਹੋਇ ਜਦੀਦ ਪਾਣੀ ਢੋਵਣਾ।**
**ਪਖੇ ਦੀ ਤਾਗੀਦ ਪਗ ਮਲਿ ਧੋਵਣਾ।**
**ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।**
**ਦਰ ਦਰਵੇਸ ਰਸੀਦੁ ਪਿਰਮ ਰਸ ਭੋਵਣਾ।**
**ਚੰਦ ਮੁਮਾਰਖ ਈਦ ਪੁਗ ਖਲੋਵਣਾ॥"**

ਭਾਈ ਗੁਰਦਾਸ ਜੀ ਦੁਆਰਾ ਉਪਰੋਕਤ ਇਹ ਤਮਾਮ ਸ਼ੁੱਭ ਗੁਣ ਸ਼੍ਰੀਮਾਨ ਬਾਬਾ ਅਮਰ ਸਿੰਘ ਜੀ ਵਿੱਚ ਪਾਏ ਜਾਂਦੇ ਸਨ। ਉਹ ਸੱਚਮੁੱਚ ਹੀ ਆਪਣੀਆਂ ਦੁਰ-ਵਾਸਨਾਵਾਂ ਨੂੰ ਮਾਰਨ ਵਾਲੇ ਮੁਰਦਾ ਮੁਰੀਦ ਕਾਮਲ ਪੁਰਖ ਸਨ। ਸਬਰ, ਸ਼ੁਕਰ ਦੇ ਧਾਰਨੀ, ਭਰਮ ਭੈਅ, ਅਗਿਆਨ ਜਾਂ ਸੰਸ਼ਯ ਆਦਿ ਤੋਂ ਰਹਿਤ ਮੁੱਲ ਖਰੀਦੇ ਹੋਏ ਗੁਲਾਮਾਂ ਵਾਂਗੂੰ ਸੁਆਸ ਸੁਆਸ ਆਪਣੇ ਗੁਰੂ ਦੀ ਦਰਸਾਈ ਅਗੰਮੀ ਕਾਰ ਵਿੱਚ ਲੱਗੇ ਰਹਿਣ ਵਾਲੇ, ਆਪਣੀ ਹਰ ਪ੍ਰਕਾਰ ਦੀ ਅੰਦਰਲੀ ਬਾਹਰਲੀ ਭੁੱਖ ਨੂੰ ਤਿਆਗ ਕੇ ਮਾਇਆ ਮੋਹ ਦੀ ਘਨਘੋਰ ਅਗਿਆਨਮਈ ਰਾਤਰੀ ਵਿੱਚ ਸਦਾ ਜਾਗਦੇ ਰਹਿਣ ਵਾਲੇ ਨਿੰਦਰਾਜਿੱਤ ਸਾਧੂ, ਆਪਣੇ ਗੁਰੂ ਅਤੇ ਗੁਰੂ ਦੀਆਂ ਸੰਗਤਾਂ ਵਾਸਤੇ ਹੱਥੀ ਚੱਕੀਆਂ ਚਲਾਕੇ ਲੰਗਰ ਚਲਾਉਣ ਵਾਲੇ, ਅੰਮ੍ਰਿਤ ਵੇਲੇ ਤੋਂ ਲੈ ਕੇ ਰਾਤ ਪੈਣ ਤੱਕ ਗੁਰੂ ਪਿਆਰਿਆਂ ਦੀ ਪ੍ਰਸ਼ਾਦੇ ਪਾਣੀ ਰਾਹੀਂ ਸੇਵਾ ਦੀ ਘਾਲ ਘਾਲਣ ਵਾਲੇ ਅਤੇ ਸਤਿਗੁਰੂ ਦੇ ਪਿਆਰੇ ਸਿੱਖ ਸਾਧੂਆਂ ਦੇ ਚਰਨ ਕਮਲ ਧੋਣ ਵਾਲੇ ਅਤੇ ਦਸ਼ਮੇਸ਼

ਦੀਆਂ ਸਾਜੀਆਂ ਸੰਗਤਾਂ ਉੱਪਰ ਹੱਥੀਂ ਪੱਖੇ ਚਲਾਕੇ ਹਵਾ ਕਰਨ ਵਾਲੇ, ਸੰਜੀਦਾ ਸੇਵਕਾਂ ਵਾਂਗੂੰ ਸੇਵਾ ਵਿੱਚ ਲਿਵਲੀਨ ਰਹਿਣ ਵਾਲੇ, ਤਿਆਗ, ਪ੍ਰੇਮ, ਨਿਮਰਤਾ, ਸ਼ਾਂਤੀ ਅਤੇ ਗੁਰੂ ਭਗਤੀ ਦੀ ਸਾਖਿਆਤ ਮੂਰਤ ਸਨ ਬਾਬਾ ਅਮਰ ਸਿੰਘ ਜੀ ਕਿਰਤੀ।

ਆਪ ਜੀ ਦੇ ਇਸ ਪ੍ਰਕਾਰ ਦੇ ਜਗਤ ਵਿਲੱਖਣ ਜੀਵਨ ਦਰਸ਼ਨ ਦਾ ਬਿਹੰਗਮੀ ਚਿਤਰਨ ਸਾਡੇ ਪਰਮ ਪਿਆਰੇ ਗਿਆਨੀ ਗੁਰਮੀਤ ਸਿੰਘ ਉਰਫ 'ਸੰਤ ਜੀ' ਨੇ ਕੀਤਾ ਹੈ ਜੋ ਮਹਾਂਮੇਧਾ ਸੰਪੰਨ, ਕ੍ਰਾਂਤੀਕਾਰੀ ਦਾਰਸ਼ਨਿਕ ਵਿਅਕਤੀਤਵ ਦੇ ਧਾਰਨੀ ਹੋਣ ਦੇ ਨਾਲ ਨਾਲ ਇੱਕ ਸੱਚੇ ਸੁੱਚੇ ਸਿੱਖ ਮਰਾਲ ਦੀ ਰੂਹ ਦੇ ਸਵਾਮੀ ਵੀ ਹਨ। ਕਿਸੇ ਵੀ ਵਿਸ਼ੇ ਦਾ ਸਹੀ ਵਿਕਾਸ ਪ੍ਰਕਾਸ਼ ਓਸੇ ਹੀ ਲੇਖਕ ਦੀ ਕਲਮ 'ਚੋ ਹੋ ਸਕਦਾ ਹੈ ਜੋ ਉਸ ਵਿਧਾ ਜਾਂ ਪਰੰਪਰਾ ਦਾ ਪੂਰਨ ਮਰਮੱਗ ਹੋਵੇ। ਜਿਵੇਂ ਕੋਈ ਹਟਵਾਣੀਆਂ ਕਿਸੇ ਪਹੁੰਚੇ ਹੋਏ ਪਹਿਲਵਾਨ ਦਾ ਅਖਾੜੇ ਵਿੱਚ ਜ਼ੋਰ ਜਾਂ ਅਭਿਆਸ ਨਹੀਂ ਕਰਵਾ ਸਕਦਾ। ਏਸੇ ਪ੍ਰਕਾਰ ਹੀ ਕੋਈ ਭੇਖੀ, ਪਾਖੰਡੀ ਜਾਂ ਕੇਵਲ ਸ਼ਬਦਾਂ ਦਾ ਜਾਦੂਗਰ ਚਰਿੱਤਰਹੀਣ ਲਿਖਾਰੀ ਕਿਸੇ ਸਾਹਿਬੇ-ਕਮਾਲ ਮਹਾਂਪੁਰਖ ਦੇ ਜੀਵਨ ਦਰਸ਼ਨ ਸਾਨੂੰ ਨਹੀਂ ਕਰਵਾ ਸਕਦਾ। ਮੈਂ ਗਿਆਨੀ ਜੀ ਦੇ ਇਸ ਅਤੀ ਸ਼ਲਾਘਾਯੋਗ ਉੱਦਮ ਦੀ ਦਿਲੋਂ ਵਧਾਈ ਦਿੰਦਾ ਹਾਂ ਅਤੇ ਨਾਲ ਹੀ ਪਰਮ ਪੰਥ ਗੁਰਮਤਿ ਮਾਰਗ ਦੇ ਜਗਿਆਸੂਆਂ ਨੂੰ ਇਸ ਰਚਨਾ ਦੇ ਪੜ੍ਹਨ ਵਿਚਾਰਨ ਤੇ ਧਾਰਨ ਕਰਨ ਦੀ ਸਿਫਾਰਿਸ਼ ਵੀ ਕਰਦਾ ਹਾਂ। ਇਸ ਰਚਨਾ ਨੂੰ ਪ੍ਰਕਾਸ਼ਿਤ ਕਰਵਾਉਣ ਤੋਂ ਪਹਿਲਾਂ ਗਿਆਨੀ ਜੀ ਨੇ ਇਸਦੇ ਕੱਚੇ ਖਰੜੇ ਉੱਪਰ ਮੇਰੀ ਝਾਤ ਪਵਾਈ ਸੀ ਜਿਸ ਕਰਕੇ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਕਾਰਜ ਗਿਆਨੀ ਜੀ ਹੋਰਾਂ ਨੇ ਜ਼ਰਾ ਜਲਦੀ ਵਿੱਚ ਕੀਤਾ ਹੈ ਜਿਸ ਕਰਕੇ ਕਈ ਪ੍ਰਸੰਗਾਂ ਵਿੱਚ ਵਿਸ਼ੇ ਨੂੰ ਸੰਪੂਰਨ ਵਿਧੀ ਨਾਲ ਨਿਰੂਪਣ ਦੀ ਕਮੀ ਕੁਝ ਥਾਵਾਂ ਉੱਪਰ ਸਾਫ ਝਲਕਦੀ ਹੈ ਪਰ ਉਹਨਾਂ ਵਿਚਾਰਾਂ ਨੂੰ ਅਗਲੀ ਵਾਰ ਸੋਧਿਆ ਅਤੇ ਸੰਵਾਰਿਆ ਜਾ ਸਕਦਾ ਹੈ।

ਗਿਆਨੀ ਜੀ ਦੀ ਇਸ ਪਲੇਠੀ ਧਾਰਮਿਕ ਦੁਨੀਆਂ ਦੀ ਰਚਨਾ ਨੂੰ ਗੁਰਮਤਿ ਗਿਆਨ ਦੇ ਵਿਹੜੇ ਵਿੱਚ ਆਗਮਨ ਉੱਪਰ ਮੈਂ ਜੀ ਆਇਆਂ ਆਖਦਾ ਹਾਂ। ਜ਼ਾਹਰ ਪੀਰ ਜਗਤ ਗੁਰੂ ਬਾਬੇ ਦੇ ਚਰਨਾਂ ਵਿੱਚ ਇਹ ਬੇਨਤੀ ਵੀ ਕਰਦਾਂ ਹਾਂ ਕਿ ਉਹ ਸੰਤ ਜੀ ਨੂੰ ਦੀਰਘ ਆਯੂ, ਉੱਚ ਆਚਰਨ ਅਤੇ ਸੁਘੜ ਸਿਆਣਪ ਨਾਲ ਭਰੇ ਸਾਊਪੁਣੇ ਵਾਲੇ ਉੱਤਮ ਜੀਵਨ ਦੀ ਬਖਸ਼ਿਸ਼ ਕਰਨ ਤਾਂ ਕਿ ਆਉਣ ਵਾਲੇ ਸਮਿਆਂ ਵਿੱਚ ਉਹ ਰੂਹਾਨੀ ਦੁਨੀਆਂ ਦੇ ਪੰਥੀਆਂ ਦੇ ਮਾਰਗ ਏਸੇ ਤਰ੍ਹਾਂ ਰੌਸ਼ਨ ਕਰਦੇ ਰਹਿਣ।

॥ ਆਮੀਨ ॥

ਗੁਰੂ ਗ੍ਰੰਥ ਅਤੇ ਗੁਰੂ ਪੰਥ ਦੀ ਚਰਨ ਧੂੜ,
**ਸਵਾਮੀ ਬ੍ਰਹਮਦੇਵ 'ਉਦਾਸੀ'**
**ਬੱਧਨੀ ਕਲਾਂ।**
**ਜ਼ਿਲ੍ਹਾ ਮੋਗਾ (ਪੰਜਾਬ)**
**ਮੋਬਾਈਲ ਨੰ: ੯੪੧੭੩-੫੭੫੫੨**

# ਭੂਮਿਕਾ

ਗੁਰੂ ਸਵਾਰੇ ਮਹਾਂਪੁਰਖਾਂ ਦਾ ਜੀਵਨ ਲਿਖਣਾ ਬਹੁਤ ਕਠਨ ਕਾਰਜ ਹੈ। ਕਿਉਂਕਿ ਸਤਿਗੁਰੂ ਜੀ ਦੇ ਪਿਆਰਿਆਂ ਦੀ ਸੋਭਾ ਕਿਸੇ ਵੀ ਕਥਨ ਵਿਚ ਨਹੀਂ ਆਉਣ ਵਾਲੀ ਹੈ।

**ਸਾਧ ਕੀ ਮਹਿਮਾ ਬੇਦ ਨ ਜਾਨਹਿ ॥**
**ਜੇਤਾ ਸੁਨਹਿ ਤੇਤੇ ਬਖਿਆਨਹਿ ॥**
**ਸਾਧ ਕੀ ਸੋਭਾ ਸਦਾ ਬੇਅੰਤ ॥ (ਪੰ:੨੭੨)**
**ਸੁਸੰਬਦਹ ਨਹਿ ਕਹਿ ਸਕੋਂ ਲੱਛਨ ਸੰਤ ਮਹੰਤ ॥**
**ਪ੍ਰਸੰਬਦਹ ਕਹੇ ਕਛੂ (ਵੀਚਾਰ ਮਾਲਾ ਬਿ: ੨)**

ਕਲਗੀਧਰ ਪਿਤਾ ਜੀ ਨੇ ਬ੍ਰਹਮ ਵਿਦਿਆ ਦੇ ਪੜ੍ਹਨ ਪੜ੍ਹਾਉਣ ਦੀ ਸੇਵਾ ਦਮਦਮੀ ਟਕਸਾਲ ਦੀ ਲਗਾਈ ਹੈ। ਇਸ ਟਕਸਾਲ ਦੀਆਂ ਪ੍ਰਣਾਲੀਆਂ ਨੇ ਆਪੋ ਆਪਣੇ ਸਮੇਂ ਪੰਥ ਵਿਚ ਤਨ-ਮਨ-ਧਨ ਨਾਲ ਯੋਗਦਾਨ ਪਾਇਆ ਹੈ। ਟਕਸਾਲ ਦੀਆਂ ਸਾਖਾਵਾਂ ਵਿਚੋਂ ਸੰਪ੍ਰਦਾਇ ਭਿੰਡਰਾਂ ਦਾ ਨਾਮ ਕਾਬਿਲੇ ਜ਼ਿਕਰ ਹੈ। ਸੰਤ ਗਿਆਨੀ ਸੁੰਦਰ ਸਿੰਘ ਜੀ ਨੇ ਪਹਿਲਾਂ ਆਪ ਆਪਣੇ ਜੀਵਨ ਕਾਲ ਦੌਰਾਨ ਬ੍ਰਹਮ ਵਿਦਿਆ ਦਾ ਬਹੁਤ ਹੀ ਗਹਿਨ ਅਭਿਆਸ ਕੀਤਾ। ਫਿਰ ਬੇਅੰਤ ਵਿਦਿਆਰਥੀਆਂ ਨੂੰ ਬ੍ਰਹਮ ਵਿਦਿਆ ਪੜ੍ਹਾਈ। ਮਹਾਂਪੁਰਖਾਂ ਨੇ ਜ਼ਿੰਦਗੀ ਦੇ ਆਖਰੀ ਪਲਾਂ ਉਪਰ ਆਪਣੇ ਪਾਸ ਯੋਗ ਅਧਿਕਾਰੀ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਨੂੰ ਟਕਸਾਲ ਦੀ ਸੇਵਾ ਸੌਂਪ ਦਿੱਤੀ। ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਨੇ ਵੀ ਆਪਣੇ ਨਾਲ ਬਹੁਤ ਸਾਰੇ ਵਿਦਿਆਰਥੀ ਰੱਖ ਕੇ ਗੁਰੂ ਘਰ ਦੀ ਵਿਦਿਆ ਨੂੰ ਵੰਡਿਆ। ਸੰਤਾਂ ਦੇ ਪਹਿਲੇ ਵਿਦਿਆਰਥੀਆਂ ਵਿਚੋਂ ਹੀ ਸੰਤ ਬਾਬਾ ਅਮਰ ਸਿੰਘ ਕ੍ਰਿਤੀ ਜੀ ਸਨ। ਆਪ ਜੀ ਦੀ ਲੰਗਰ ਦੀ ਸੇਵਾ ਨਾਲ ਅਥਾਹ ਪ੍ਰੇਮ ਵੇਖ ਕੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਨੇ ਆਪ ਨੂੰ ਕਿਰਤੀ ਦਾ ਤਖ਼ਲਸ ਦਿੱਤਾ ਸੀ। ਵਿਦਿਆ ਪ੍ਰਾਪਤੀ ਤੋਂ ਬਾਅਦ ਵਿਚ ਸੰਗਤਾਂ ਦੀ ਬੇਨਤੀ ਕਰਨ ਉਪਰੰਤ ਆਪ 'ਵੱਤਾ ਮਾਲੋਕਾ' ਵਿਖੇ ਆ ਗਏ ਸਨ। ਇਥੇ ਆ ਕੇ ਆਪ ਜੀ ਨੇ ਗੁਰਮਤਿ ਵਿਦਿਆਲਾ ਸ਼ੁਰੂ ਕੀਤਾ। ਜ਼ਿੰਦਗੀ ਦੇ ਰਹਿੰਦੇ ਸੁਆਸ ਇਸੇ ਅਸਥਾਨ ਤੇ ਸੇਵਾ ਕਰਦਿਆਂ, ਬਾਣੀ ਪੜ੍ਹਦਿਆਂ ਪੜ੍ਹਾਉਂਦਿਆਂ ਸਫਲ ਕੀਤੇ ਹਨ।

ਸਤਿਕਾਰਯੋਗ ਬਾਬਾ ਹਰਚਰਨ ਸਿੰਘ ਜੀ ਕਮਾਣੇ ਵਾਲਿਆਂ ਅਤੇ ਗਿਆਨੀ ਦੀਦਾਰ ਸਿੰਘ ਜੀ ਹਾਂਸਪੁਰ ਵਾਲਿਆਂ ਵੱਲੋਂ ਬਖਸ਼ੇ ਉਤਸ਼ਾਹ ਸਦਕਾ ਇਸ ਮਹਾਨ ਕਾਰਜ ਕਰਨ ਦੇ

# ਭੂਮਿਕਾ

ਗੁਰੂ ਸਵਾਰੇ ਮਹਾਂਪੁਰਖਾਂ ਦਾ ਜੀਵਨ ਲਿਖਣਾ ਬਹੁਤ ਕਠਨ ਕਾਰਜ ਹੈ। ਕਿਉਂਕਿ ਸਤਿਗੁਰੂ ਜੀ ਦੇ ਪਿਆਰਿਆਂ ਦੀ ਸੋਭਾ ਕਿਸੇ ਵੀ ਕਥਨ ਵਿਚ ਨਹੀਂ ਆਉਣ ਵਾਲੀ ਹੈ।

**ਸਾਧ ਕੀ ਮਹਿਮਾ ਬੇਦ ਨ ਜਾਨਹਿ ॥**
**ਜੇਤਾ ਸੁਨਹਿ ਤੇਤੇ ਬਖਿਆਨਹਿ ॥**
**ਸਾਧ ਕੀ ਸੋਭਾ ਸਦਾ ਬੇਅੰਤ ॥** (ਪੰ:੨੭੨)
**ਸੁਸੰਬੇਦਹ ਨਹਿ ਕਹਿ ਸਕੌਂ ਲੱਛਨ ਸੰਤ ਮਹੰਤ ॥**
**ਪ੍ਰਸੰਬੇਦਹ ਕਹੇ ਕਛੁ** (**ਵੀਚਾਰ** ਮਾਲਾ ਬਿ: ੨)

ਕਲਗੀਧਰ ਪਿਤਾ ਜੀ ਨੇ ਬ੍ਰਹਮ ਵਿਦਿਆ ਦੇ ਪੜ੍ਹਨ ਪੜ੍ਹਾਉਣ ਦੀ ਸੇਵਾ ਦਮਦਮੀ ਟਕਸਾਲ ਦੀ ਲਗਾਈ ਹੈ। ਇਸ ਟਕਸਾਲ ਦੀਆਂ ਪ੍ਰਣਾਲੀਆਂ ਨੇ ਆਪੋ ਆਪਣੇ ਸਮੇਂ ਪੰਥ ਵਿਚ ਤਨ-ਮਨ-ਧਨ ਨਾਲ ਯੋਗਦਾਨ ਪਾਇਆ ਹੈ। ਟਕਸਾਲ ਦੀਆਂ ਸ਼ਾਖਾਵਾਂ ਵਿਚੋਂ ਸੰਪ੍ਰਦਾਇ ਭਿੰਡਰਾਂ ਦਾ ਨਾਮ ਕਾਬਿਲੇ ਜ਼ਿਕਰ ਹੈ। ਸੰਤ ਗਿਆਨੀ ਸੁੰਦਰ ਸਿੰਘ ਜੀ ਨੇ ਪਹਿਲਾਂ ਆਪ ਆਪਣੇ ਜੀਵਨ ਕਾਲ ਦੌਰਾਨ ਬ੍ਰਹਮ ਵਿਦਿਆ ਦਾ ਬਹੁਤ ਹੀ ਗਹਿਨ ਅਭਿਆਸ ਕੀਤਾ। ਫਿਰ ਬੇਅੰਤ ਵਿਦਿਆਰਥੀਆਂ ਨੂੰ ਬ੍ਰਹਮ ਵਿਦਿਆ ਪੜ੍ਹਾਈ। ਮਹਾਂਪੁਰਖਾਂ ਨੇ ਜ਼ਿੰਦਗੀ ਦੇ ਆਖਰੀ ਪਲਾਂ ਉਪਰ ਆਪਣੇ ਪਾਸ ਯੋਗ ਅਧਿਕਾਰੀ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਨੂੰ ਟਕਸਾਲ ਦੀ ਸੇਵਾ ਸੌਂਪ ਦਿੱਤੀ। ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਨੇ ਵੀ ਆਪਣੇ ਨਾਲ ਬਹੁਤ ਸਾਰੇ ਵਿਦਿਆਰਥੀ ਰੱਖ ਕੇ ਗੁਰੂ ਘਰ ਦੀ ਵਿਦਿਆ ਨੂੰ ਵੰਡਿਆ। ਸੰਤਾਂ ਦੇ ਪਹਿਲੇ ਵਿਦਿਆਰਥੀਆਂ ਵਿਚੋਂ ਹੀ ਸੰਤ ਬਾਬਾ ਅਮਰ ਸਿੰਘ ਕ੍ਰਿਤੀ ਜੀ ਸਨ। ਆਪ ਜੀ ਦੀ ਲੰਗਰ ਦੀ ਸੇਵਾ ਨਾਲ ਅਥਾਹ ਪ੍ਰੇਮ ਵੇਖ ਕੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਨੇ ਆਪ ਨੂੰ ਕਿਰਤੀ ਦਾ ਤਖਲਸ ਦਿੱਤਾ ਸੀ। ਵਿਦਿਆ ਪ੍ਰਾਪਤੀ ਤੋਂ ਬਾਅਦ ਵਿਚ ਸੰਗਤਾਂ ਦੀ ਬੇਨਤੀ ਕਰਨ ਉਪਰੰਤ ਆਪ 'ਫੱਤਾ ਮਾਲੋਕਾ' ਵਿਖੇ ਆ ਗਏ ਸਨ। ਇਥੇ ਆ ਕੇ ਆਪ ਜੀ ਨੇ ਗੁਰਮਤਿ ਵਿਦਿਆਲਾ ਸ਼ੁਰੂ ਕੀਤਾ। ਜ਼ਿੰਦਗੀ ਦੇ ਰਹਿੰਦੇ ਸੁਆਸ ਇਸੇ ਅਸਥਾਨ ਤੇ ਸੇਵਾ ਕਰਦਿਆਂ, ਬਾਣੀ ਪੜ੍ਹਦਿਆਂ ਪੜ੍ਹਾਉਂਦਿਆਂ ਸਫਲ ਕੀਤੇ ਹਨ।

ਸਤਿਕਾਰਯੋਗ ਬਾਬਾ ਹਰਚਰਨ ਸਿੰਘ ਜੀ ਕਮਾਣੇ ਵਾਲਿਆਂ ਅਤੇ ਗਿਆਨੀ ਦੀਦਾਰ ਸਿੰਘ ਜੀ ਹਾਂਸਪੁਰ ਵਾਲਿਆਂ ਵੱਲੋਂ ਬਖਸ਼ੇ ਉਤਸ਼ਾਹ ਸਦਕਾ ਇਸ ਮਹਾਨ ਕਾਰਜ ਕਰਨ ਦੇ

ਗਿਆਨੀ ਕੌਰ ਸਿੰਘ ਜੀ ਫੱਤਾ ਮਾਲੋਕਾ ਵਾਲਿਆਂ ਨੇ ਵੀ
ਯੋਗ ਹੋਇਆ ਹਾਂ। ਸਤਿਕਾਰਯੋਗ ਗਿਆਨੀ ਕੌਰ ਸਿੰਘ ਜੀ ਫੱਤਾ ਮਾਲੋਕਾ ਵਾਲਿਆਂ ਨੇ ਵੀ ਸੰਤ ਕਿਰਤੀ ਜੀ ਦੇ ਜੀਵਨ ਸਬੰਧੀ ਲਿਖੀ ਹੋਈ ਕਾਪੀ ਸੌਂਪ ਕੇ ਇਸ ਉਤਸ਼ਾਹ ਨੂੰ ਸਕਾਰ ਕਰਨ ਵਿਚ ਬਹੁਤ ਵੱਡਾ ਯੋਗਦਾਨ ਪਾਇਆ ਹੈ। ਗਿਆਨੀ ਨਛੱਤਰ ਸਿੰਘ 'ਭੋਲਾ' ਸੰਤ ਗਿਆਨੀ ਇਕਬਾਲ ਸਿੰਘ ਜੀ ਤੁਗਲ ਵਾਲੇ ਗਿਆਨੀ ਭੋਲਾ ਸਿੰਘ ਜੀ ਮੀਰਪੁਰ ਵਾਲੇ ਜੋ 'ਕਿਰਤੀ ਜੀ' ਮਹਾਂਪੁਰਖਾਂ ਦੇ ਹੋਣਹਾਰ ਵਿਦਿਆਰਥੀਆਂ ਵਿਚੋਂ ਹਨ, ਨੇ ਵੀ ਮਹਾਂਪੁਰਖਾਂ ਦੇ ਜੀਵਨ ਸਬੰਧੀ ਬਹੁਤ ਸਾਰੀ ਜਾਣਕਾਰੀ ਦਿੱਤੀ। ਦਾਸ ਤਨੋ ਮਨੋ ਇਹਨਾਂ ਗੁਰੂ ਸਵਾਰਿਆਂ ਦਾ ਧੰਨਵਾਦ ਕਰਦਾ ਹੈ। ਇਸੇ ਉਪਕਾਰ ਸਦਕਾ ਸੰਤ ਬਾਬਾ ਅਮਰ ਸਿੰਘ ਜੀ ਦਾ ਜੀਵਨ ਦਰਸ਼ਨ ਲਿਖਣ ਦੁਆਰਾ ਦਾਸ ਨੂੰ ਟਕਸਾਲ ਵਲੋਂ ਪ੍ਰਾਪਤ ਵਿਦਿਆ ਰਾਹੀਂ ਜ਼ਿੰਦਗੀ ਦੇ ਕੁਝ ਪਲ ਸਫਲ ਕਰਨ ਦਾ ਮੌਕਾ ਮਿਲਿਆ ਹੈ। ਸ੍ਰੀਮਾਨ ਸੰਤ ਬਾਬਾ ਰਤਨ ਸਿੰਘ ਜੀ ਅਤਰਸਰ ਵਾਲੇ ਜਿਹਨਾਂ ਨੇ ਗੁਰੂ ਘਰ ਦੀ ਸੇਵਾ ਵਿਚ ਲਗਾ ਕੇ ਫਿਰ ਸਮੇਂ ਸਿਰ ਗੁਰੂ ਘਰ ਦੀ ਬ੍ਰਹਮ ਵਿਦਿਆ ਪੜ੍ਹਨ ਲਈ ਟਕਸਾਲ ਦੇ ਮੁਖ ਕੇਂਦਰ ਗੁਰਦੁਆਰਾ ਸਚਖੰਡ ਸਾਹਿਬ ਬੋਪਾਰਾਏ ਕਲਾਂ ਵਿਖੇ ਭੇਜਿਆ। ਸੰਤ ਗਿਆਨੀ ਨਿਰੰਜਨ ਸਿੰਘ ਜੀ ਵੈਦ ਜਿਹਨਾਂ ਨੇ ਬਹੁਤ ਹੀ ਪ੍ਰੇਮ ਸਹਿਤ ਵਿਦਿਆ ਦੀ ਸ਼ੁਰੂਆਤ ਸੰਤ ਗਿਆਨੀ ਭੁਪਿੰਦਰ ਸਿੰਘ ਜੀ ਪਾਸੋਂ ਕਰਵਾਈ। ਉਪਰੰਤ ਸੰਤ ਗਿਆਨੀ ਕਿਰਪਾਲ ਸਿੰਘ ਜੀ ਬੋਪਾਰਾਏ, ਗਿਆਨੀ ਵੀਰ ਸਿੰਘ ਜੀ ਮੱਦੋਕੇ, ਗਿਆਨੀ ਨਾਹਰ ਸਿੰਘ ਜੀ, ਸੁਆਮੀ ਨਿਰੰਜਨ ਦੇਵ ਜੀ ਉਦਾਸੀ ਮਹਾਂਪੁਰਖ ਆਦਿ ਤੋਂ ਵਿਦਿਆ ਪ੍ਰਾਪਤ ਕੀਤੀ। ਅਜ-ਕਲ੍ਹ ਮਹਾਂ ਮੰਡਲੇਸ਼ਵਰ ਸੁਆਮੀ ਬ੍ਰਹਮਦੇਵ ਜੀ ਪਾਸੋਂ ਲਘੂ ਸਿਧਾਂਤ ਕੌਮਦੀ (ਵਿਆਕਰਨ) ਦੀ ਸੰਥਿਆ ਚਲਦੀ ਹੈ। ਦਾਸ ਇਹਨਾਂ ਸਮੂਹ ਮਹਾਂਪੁਰਖਾਂ ਦਾ ਵੀ ਅਭਾਰੀ ਹੈ, ਜਿਹਨਾਂ ਨੇ ਗੁਰਮਤਿ ਦੀ ਵਿਦਿਆ ਵਿਚ ਪ੍ਰਪੱਕ ਕਰਕੇ ਇਸ ਸੇਵਾ ਦੇ ਯੋਗ ਬਣਾਇਆ ਹੈ।

ਭਾਈ ਕਸ਼ਮੀਰ ਸਿੰਘ, ਕਨਵੀਨਰ, ਸਿੱਖ ਜਾਗੋ ਲਹਿਰ ਅਤੇ ਭਾਈ ਅਨਭੋਲ ਸਿੰਘ ਸੰਪਾਦਕ ਮੈਗਜ਼ੀਨ 'ਸਚ ਕੀ ਬੇਲਾ' ਅਤੇ 'ਸਿਖ ਜਾਗ੍ਰਤੀ ਮੰਚ' ਜਿਨ੍ਹਾਂ ਨੇ ਇਸ ਪੁਸਤਕ ਸਬੰਧੀ ਵੱਡਮੁਲੇ ਸੁਝਾਅ ਦਿਤੇ। ਭਾਈ ਤਰਦੀਪ ਸਿੰਘ, ਬਿਬੇਕ ਪ੍ਰਕਾਸ਼ਨ, ਸ੍ਰੀ ਅੰਮ੍ਰਿਤਸਰ, ਜਿਨ੍ਹਾਂ ਨੇ ਇਸ ਪੁਸਤਕ ਨੂੰ ਛਾਪਣ ਦੀ ਸੇਵਾ ਨਿਭਾਈ। ਇਹਨਾਂ ਸਾਰਿਆਂ ਦਾ ਵੀ ਮੈਂ ਤਹਿ ਦਿਲੋਂ ਧੰਨਵਾਦੀ ਹਾਂ। ਦਾਸ ਗਿਆਨੀ ਹਰਚੰਦ ਸਿੰਘ ਜੀ ਦਾ ਅਤੇ ਆਪਣੇ ਛੋਟੇ ਵੀਰ ਭਾਈ ਹਰਦੇਵ ਸਿੰਘ ਅਤੇ ਭਾਈ ਹਰਪਾਲ ਸਿੰਘ ਜਿਹੜੇ ਆਪਣੀ ਵਿਦਿਆ ਪੜ੍ਹਦੇ ਹੋਏ ਸਮੇਂ ਵਿਚੋਂ ਸਮਾਂ ਕਢ ਕੇ ਇਸ ਗ੍ਰੰਥ ਨੂੰ ਸੰਪੂਰਨ ਕਰਨ ਵਿਚ ਸਹਾਈ ਹੋਏ। ਮੇਰੇ ਸਤਿਗੁਰੂ ਜੀ ਇਹਨਾਂ ਨੂੰ ਉਚ ਵਿਦਿਆ ਬਖਸ਼ਣ ਗੁਰੂ ਘਰ ਦੀ ਸੇਵਾ ਕਰਨ ਦਾ ਬਲ ਬਖਸ਼ਣ।

ਅੰਤ ਵਿਚ ਦਾਸ ਦੱਸਣਾ ਚਾਹੁੰਦਾ ਹੈ ਕਿ ਲਿਖਣ ਸੇਵਾ ਦਾ ਦਾਸ ਵਲੋਂ ਇਹ ਨਿਮਾਣਾ ਜਿਹਾ ਪਹਿਲਾ ਯਤਨ ਹੈ। ਬਹੁਤ ਯਤਨਾਂ ਦੇ ਬਾਵਜੂਦ ਵੀ ਮਹਾਂਪੁਰਸ਼ਾਂ ਦਾ ਜੀਵਨ ਲਿਖਣ ਲੱਗਿਆਂ ਬੇਅੰਤ ਤਰੁਟੀਆਂ ਰਹਿ ਗਈਆਂ ਹੋਣਗੀਆਂ, ਜਿਸ ਲਈ ਦਾਸ ਮਹਾਂਪੁਰਸ਼ਾਂ ਦੇ ਪ੍ਰੇਮੀਆਂ ਅਤੇ ਸਮੂਹ ਸੰਗਤਾਂ ਕੋਲੋਂ ਖਿਮਾਂ ਮੰਗਦਾ ਹੈ। ਦਾਸ ਆਸ ਕਰਦਾ ਹੈ ਕਿ ਸੰਗਤਾਂ ਦਾਸ ਦੀ ਇਸ ਸੇਵਾ ਨੂੰ ਪ੍ਰਵਾਨ ਕਰਨਗੀਆਂ।

ਦਾਸ

ਗਿ. ਗੁਰਮੀਤ ਸਿੰਘ

# ਤਤਕਰਾ


| ਅਧਿਆਇ ਕ੍ਰਮਾਂਕ | | ਪੰਨਾ ਨੰਬਰ |
|---|---|---|
| 1. | ਅਸੀਸਾਂ | |
| | • ਗਿਆਨੀ ਗੁਰਬਚਨ ਸਿੰਘ (ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ) | ੪ |
| | • ਗਿਆਨੀ ਇਕਬਾਲ ਸਿੰਘ (ਜਥੇਦਾਰ ਤਖ਼ਤ ਸ੍ਰੀ ਹਰਿਮੰਦਰ ਸਾਹਿਬ, ਪਟਨਾ ਸਾਹਿਬ, ਬਿਹਾਰ) | ੫ |
| | • ਗਿਆਨੀ ਬਲਵੰਤ ਸਿੰਘ ਨੰਦਗੜ੍ਹ (ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ, ਬਠਿੰਡਾ) | ੬ |
| | • ਸੰਤ ਗਿਆਨੀ ਭੁਪਿੰਦਰ ਸਿੰਘ ਜੀ ਬੋਪਾਰਾਏ (ਜਥੇਦਾਰ ਬਾਬਾ ਜੋਗਿੰਦਰ ਸਿੰਘ ਰਕਬਾ) | ੭ |
| 2. | ਦੋ-ਸ਼ਬਦ | ੮ |
| | • ਗਿਆਨੀ ਅਨਭੋਲ ਸਿੰਘ ਦੀਵਾਨੀ (ਮੁੱਖ ਸੰਪਾਦਕ 'ਸਚ ਕੀ ਬੇਲਾ') | |
| 3. | ਦੂਸਰਾ ਐਡੀਸ਼ਨ | ੯ |
| | •ਗਿਆਨੀ ਅਨਭੋਲ ਸਿੰਘ ਦੀਵਾਨੀ (ਮੁੱਖ ਸੰਪਾਦਕ 'ਸਚ ਕੀ ਬੇਲਾ') | |
| 4. | ਆਪਣੇ ਅਜੀਜ਼ ਦੀ ਮਿੱਠੀ ਯਾਦ ਵਿਚ | ੧੨ |
| 5. | ਕ੍ਰਿਤਗਤਾ | ੧੪ |
| 6. | ਮੁੱਖ-ਬੰਦ | ੧੫ |
| | • ਸ਼੍ਰੀਮਾਨ ਸਵਾਮੀ ਬ੍ਰਹਮਦੇਵ ਜੀ ਉਦਾਸੀ ਮਹਾਂਮੰਡਲੇਸ਼ਵਰ (ਬੱਧਨੀ ਕਲਾਂ) | |
| 7. | ਭੂਮਿਕਾ | ੨੩ |
| | • ਗਿਆਨੀ ਗੁਰਮੀਤ ਸਿੰਘ ਘੋਸਾ ਕੋਟਲਾ | |
| 8. | ਕਾਂਡ ਪਹਿਲਾ<br>ਜੀਵਨ ਦਰਸ਼ਨ ਸੰਤ ਬਾਬਾ ਅਮਰ ਸਿੰਘ ਕਿਰਤੀ ਜੀ | 1-31 |
| 9. | ਕਾਂਡ ਦੂਜਾ<br>ਜੀਵਨ ਦਰਸ਼ਨ ਸੰਤ ਬਾਬਾ ਅਮਰ ਸਿੰਘ ਕਿਰਤੀ ਜੀ | 32-78 |

# ਤਤਕਰਾ


| ਅਧਿਆਇ ਕ੍ਰਮਾਂਕ | | ਪੰਨਾ ਨੰਬਰ |
|---|---|---|
| 1. | ਅਸੀਸਾਂ | |
| | • ਗਿਆਨੀ ਗੁਰਬਚਨ ਸਿੰਘ (ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ) | ੪ |
| | • ਗਿਆਨੀ ਇਕਬਾਲ ਸਿੰਘ (ਜਥੇਦਾਰ ਤਖ਼ਤ ਸ੍ਰੀ ਹਰਿਮੰਦਰ ਸਾਹਿਬ, ਪਟਨਾ ਸਾਹਿਬ, ਬਿਹਾਰ) | ੫ |
| | • ਗਿਆਨੀ ਬਲਵੰਤ ਸਿੰਘ ਨੰਦਗੜ੍ਹ (ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ, ਬਠਿੰਡਾ) | ੬ |
| | • ਸੰਤ ਗਿਆਨੀ ਭੁਪਿੰਦਰ ਸਿੰਘ ਜੀ ਬੋਪਾਰਾਏ (ਜਥੇਦਾਰ ਬਾਬਾ ਜੋਗਿੰਦਰ ਸਿੰਘ ਰਕਬਾ) | ੭ |
| 2. | ਦੋ-ਸ਼ਬਦ | ੮ |
| | • ਗਿਆਨੀ ਅਨਭੋਲ ਸਿੰਘ ਦੀਵਾਨੀ (ਮੁੱਖ ਸੰਪਾਦਕ 'ਸਚ ਕੀ ਬੇਲਾ') | |
| 3. | ਦੂਸਰਾ ਐਡੀਸ਼ਨ | ੯ |
| | • ਗਿਆਨੀ ਅਨਭੋਲ ਸਿੰਘ ਦੀਵਾਨੀ (ਮੁੱਖ ਸੰਪਾਦਕ 'ਸਚ ਕੀ ਬੇਲਾ') | |
| 4. | ਆਪਣੇ ਅਜੀਜ਼ ਦੀ ਮਿੱਠੀ ਯਾਦ ਵਿਚ | ੧੨ |
| 5. | ਕ੍ਰਿਤਗਤਾ | ੧੪ |
| 6. | ਮੁੱਖ-ਬੰਦ | ੧੫ |
| | • ਸ੍ਰੀਮਾਨ ਸਵਾਮੀ ਬ੍ਰਹਮਦੇਵ ਜੀ ਉਦਾਸੀ ਮਹਾਂਮੰਡਲੇਸ਼ਵਰ (ਬੱਧਨੀ ਕਲਾਂ) | |
| 7. | ਭੂਮਿਕਾ | ੨੩ |
| | • ਗਿਆਨੀ ਗੁਰਮੀਤ ਸਿੰਘ ਖੋਸਾ ਕੋਟਲਾ | |
| 8. | ਕਾਂਡ ਪਹਿਲਾ ਜੀਵਨ ਦਰਸ਼ਨ ਸੰਤ ਬਾਬਾ ਅਮਰ ਸਿੰਘ ਕਿਰਤੀ ਜੀ | 1-31 |
| 9. | ਕਾਂਡ ਦੂਜਾ ਜੀਵਨ ਦਰਸ਼ਨ ਸੰਤ ਬਾਬਾ ਅਮਰ ਸਿੰਘ ਕਿਰਤੀ ਜੀ | 32-78 |

# ਜੀਵਨ ਦਰਸ਼ਨ
# ਸੰਤ ਬਾਬਾ ਅਮਰ ਸਿੰਘ ਕ੍ਰਿਤੀ ਜੀ

## (ਕਾਂਡ ਪਹਿਲਾ)

ਜਦੋਂ ਅਸੀਂ ਬਲਿਹਾਰੀ ਕੁਦਰਤਿ ਵਸਿਆ ਨੂੰ ਵਰਤਮਾਨ ਮਨੁਖ ਦੀ ਵਿਗਿਆਨਕ ਸੋਚ ਰਾਹੀਂ ਦੇਖਦੇ ਹਾਂ ਤਾਂ ਮਨੁਖ ਨੂੰ ਬ੍ਰਹਿਮੰਡ (ਜੋ ਇੱਕ ਵੱਡੀ ਗੇਂਦ ਦੇ ਅਕਾਰ ਵਾਂਗ ਹੈ) ਵਿਚੋਂ ਹੀ ਆਪਣਾ ਜੀਵਨ ਦਿਸਦਾ ਹੈ। ਦੂਜੇ ਪਾਸੇ ਵਿਗਿਆਨੀ ਦੀ ਸੋਚ ਉਸ ਸਮੇਂ ਹੈਰਾਨਗੀ ਵਿੱਚ ਪਹੁੰਚ ਜਾਂਦੀ ਹੈ, ਜਦੋਂ ਇੱਕ ਹੀ ਥਾਂ ਉੱਪਰ ਇਕੋ ਜਿਹੇ ਪਾਣੀ ਅਤੇ ਖੁਰਾਕ ਪ੍ਰਾਪਤ ਕਰਕੇ ਗੰਨਾ ਅਤੇ ਨਿੰਮ ਬਿਲਕੁਲ ਉਲਟ ਰਸ ਪੈਦਾ ਕਰਦੇ ਹਨ। ਇਹ ਹੀ ਕਾਦਰ ਅਤੇ ਕੁਦਰਤ ਦੀ ਅਤਿ ਨੇੜੇ ਦੀ ਸੁਮੇਲਤਾ ਹੈ, ਜਿਸ ਸਦਕਾ ਕੁਦਰਤਿ ਰਾਹੀਂ ਕਾਦਰ ਨੂੰ ਪ੍ਰਾਪਤ ਕਰਨ ਲਈ ਨਿਰੰਕਾਰ ਨੇ ੮੪ ਲੱਖ ਵਿੱਚੋਂ ਮਨੁੱਖ ਨੂੰ ਸਿਰਮੌਰਤਾ ਦਿੱਤੀ। ਕਾਦਰ ਨੇ ਸਿਰਮੌਰ ਮਨੁੱਖ ਨੂੰ ਸੁੰਦਰ ਜੀਵਨ ਜੀਣ ਲਈ ਧਰਤੀ ਦਿੱਤੀ।

**ਧਰਤੀ ਦੇਗ ਮਿਲੈ ਇਕ ਵੇਰਾ ਭਾਗੁ ਤੇਰਾ ਭੰਡਾਰੀ॥**

**(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੧੧੯੦)**

ਧਰਤੀ ਸਮੂਹ ਤੇ ਭਾਰਤ ਵਰਸ਼ ਵਿੱਚ ਪੰਜਾਬ ਹੀ ਉਹ ਧਰਤੀ ਹੈ, ਜਿਹੜੀ ਕੁਦਰਤ ਦੇ ਅਨੇਕਾਂ ਰੂਪਾਂ ਵਿੱਚੋਂ ਹਰ ਤਰ੍ਹਾਂ ਦੀ ਸੁੰਦਰਤਾ ਨਾਲ ਸ਼ਿੰਗਾਰੀ ਹੈ। ਇਸ ਦੇ ਨਾਲ ਲੱਗਦੇ ਕਸ਼ਮੀਰ ਦੇ ਪਹਾੜਾਂ ਵਿੱਚ ਕੇਸਰ ਦੀਆਂ ਕਿਆਰੀਆਂ ਸੋਭ ਰਹੀਆਂ ਹਨ। ਰੰਗਾਂ-ਰੰਗਾਂ ਦੇ ਫੁੱਲਾਂ ਅਤੇ ਫਲਾਂ ਨਾਲ ਲੱਦੇ ਦਰਖ਼ਤਾਂ ਵਾਲੇ ਪਹਾੜ ਹਨ। ਚਸ਼ਮਿਆਂ ਦਾ ਸਮੂਹ, ਦਰਿਆ ਬਣ ਕੇ ਧਰਤੀ ਦੀ ਹਿੱਕ ਨੂੰ ਆਪਣੀ ਸੀਤਲਤਾ ਦੁਆਰਾ ਠਾਰਦੇ ਹਨ। ਇਸੇ ਕਰਕੇ 'ਪਹਿਲਾ ਪਾਣੀ ਜੀਉ

ਹੈ ਜਿਤੁ ਹਰਿਆ ਸਭ ਕੋਇ॥' ਅਨੁਸਾਰ ਧਰਤੀ ਵਿਚੋਂ ਪੈਦਾ ਹੋਇਆ ਸੰਸਾਰ ਹਰਿਆ ਭਰਿਆ ਰਹਿੰਦਾ ਹੈ। ਪੰਜਾਂ ਦਰਿਆਵਾਂ ਦੇ ਵਹਿਣ ਵਿਚਲੇ ਥਾਂ ਨੂੰ ਪੰਜਾਬ (ਪੰਜ+ਆਬ) ਆਖਿਆ ਜਾਂਦਾ ਹੈ। ਜੇਕਰ ਪੰਜਾਬ ਦੀ ਭੂਗੋਲਿਕ, ਰਾਜਨੀਤਿਕ, ਸਮਾਜਿਕ ਆਦਿ ਤੱਥਾਂ ਤੋਂ ਪੜਚੋਲ ਕਰੀਏ ਤਾਂ ਇਹ ਬਹੁਤ ਹੀ ਵਿਸਥਾਰ-ਪੂਰਬਕ ਹੈ। ਪੰਜਾਬ ਸਿੱਖ ਧਰਮ ਦੀ ਜਨਮ ਭੂਮੀ ਹੈ। ਧੰਨ ਗੁਰੂ ਨਾਨਕ ਦੇਵ ਜੀ ਨੇ ਇਥੇ (ਪੰਜਾਬ ਵਰਤਮਾਨ ਪਾਕਿਸਤਾਨ) ਹੀ ਅਵਤਾਰ ਧਾਰਿਆ। ਦਸ ਗੁਰੂ ਸਾਹਿਬਾਨ ਜੀ ਨੇ ਲੰਮਾ ਸਮਾਂ ਇਸ ਧਰਤੀ 'ਤੇ ਗੁਜ਼ਾਰਿਆ ਹੈ। ਕਿਸੇ ਵੀ ਧਰਤੀ ਉਪਰ ਰਹਿਣ ਵਾਲੇ ਲੋਕ ਜਦੋਂ ਲੰਮਾਂ ਸਮਾਂ ਸੰਕਟਾਂ ਵਿੱਚ ਘਿਰੇ ਰਹਿਣ ਉਹ ਜਾਂ ਤਾਂ ਕਾਇਰ ਬਣ ਕੇ ਸਦਾ ਲਈ ਆਪਣਾ ਗੌਰਵ ਖਤਮ ਕਰ ਦਿੰਦੇ ਹਨ ਜਾਂ ਫਿਰ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਸੰਘਰਸ਼ ਦਾ ਰਾਹ ਧਾਰਨ ਕਰ ਲੈਂਦੇ ਹਨ। ਇਸ ਤੋਂ ਵੀ ਵੱਧ ਗੱਲ ਕਿ ਸਮੇਂ ਨਾਲ ਨਜਿੱਠਣ ਲਈ ਉਨ੍ਹਾਂ ਦੇ ਚਰਿੱਤਰ ਵਿੱਚ ਸਹਿਨਸ਼ੀਲਤਾ ਪੈਦਾ ਹੋ ਜਾਂਦੀ ਹੈ। ਉਹ ਆਪਣੀ ਗੱਲ ਮੰਨਵਾਉਣ ਅਤੇ ਦੂਜਿਆਂ ਦੀ ਮੰਨਣ ਲਈ ਉਦਾਰਤਾ ਦਾ ਰਾਹ ਅਪਣਾਉਂਦੇ ਹਨ। ਇਸੇ ਵਿੱਚ ਸਿਰੜ, ਪ੍ਰਣ ਅਤੇ ਸਹਿਣਸ਼ੀਲਤਾ ਪ੍ਰਗਟ ਹੁੰਦੀ ਹੈ। ਪੰਜਾਬ ਦੇ ਵਾਸੀਆਂ ਨੂੰ ਵੀ ਬਹੁਤ ਲੰਮਾ ਸਮਾਂ ਸੰਤਾਪ ਭੋਗਣ ਕਰਕੇ ਜਦੋਂ ਕਿਸੇ ਪਾਸੇ ਤੋਂ ਕੋਈ ਸੁਖ-ਸਾਧਨ ਦੀ ਕਣੀ ਨਜ਼ਰ ਨਾ ਆਈ, ਤਾਂ ਪੰਜਾਬ ਵਿਚ ਜਿਉਣ ਵਾਲਿਆਂ ਦੀ ਹਾਲਤ ਇਸ ਪ੍ਰਕਾਰ ਦੀ ਬਣ ਗਈ ਸੀ, ਜਿਸ ਨੂੰ ਅਹਿਮਦ ਸ਼ਾਹ ਅਬਦਾਲੀ ਦੇ ਸਮੇਂ ਕਿਸੇ ਲਿਖਾਰੀ ਨੇ ਲਿਖਿਆ ਹੈ ਖਾਧਾ ਪੀਤਾ ਲਾਹ ਦਾ, ਬਾਕੀ ਅਹਿਮਦ ਸ਼ਾਹ ਦਾ। ਸਤਿਗੁਰੂ ਸਾਹਿਬਾਨ ਨੇ ਮਹਾਨ ਕਿਰਪਾ ਕਰਕੇ ਇਹਨਾਂ ਨੂੰ ਨਿਜ ਬਲ ਪ੍ਰਤੀ ਜਾਗਰੂਕ ਕੀਤਾ। ਇਸੇ ਲਈ ਕਿਸੇ ਦਾਨਸ਼ਵਰ ਨੇ ਬਹੁਤ ਸੁੰਦਰ ਕਿਹਾ ਹੈ ਕਿ ਪੰਜ ਦਰਿਆਵਾਂ ਦੀ ਪਵਿੱਤਰ ਧਰਤੀ ਸ਼ਾਇਰਾ ਦੀ ਨੁਹਾਰ, ਲੇਖਕਾਂ ਦੀ ਗੋਦ, ਸੰਗੀਤ ਵਿੱਚ ਮਸਤ ਲੋਕਾਂ ਦੀ ਤਾਲ, ਮਹਾਂਪੁਰਖਾਂ ਦੇ ਪਰਉਪਕਾਰ ਦੀ ਖਾਨ, ਅਵਤਾਰਾਂ ਤੇ ਪੈਗੰਬਰਾਂ ਦੇ ਸੰਸਾਰ ਦੇ ਭਲੇ ਲਈ ਆਉਣ ਦਾ ਸਭ ਤੋਂ ਵੱਡਾ ਕੇਂਦਰ ਹੈ। ਇਸੇ ਕਰਕੇ ਸਭ ਤੋਂ ਵੱਧ ਸੰਤ, ਮਹੰਤ, ਗੁਣੀ, ਗਿਆਨੀ, ਕਥਾ ਵਾਚਕ, ਬ੍ਰਹਮ ਗਿਆਨੀ, ਗੁਰਸਿੱਖ, ਜੋਧੇ, ਸੂਰਬੀਰ, ਮਹਾਂਦਾਨੀ, ਕਲਮ ਦੇ ਧਨੀ, ਵਿਦਵਾਨ, ਲੇਖਕ, ਰਾਜੇ, ਤਿਆਗੀ, ਬੈਰਾਗੀ, ਸਮਦਰਸੀ, ਸਿਦਕੀ, ਅਣਖੀ, ਭਗਤ, ਸੇਵਕ, ਸਖੀ, ਦਾਤੇ, ਸਿੱਖ ਬੀਬੀਆਂ ਤੇ ਗੁਰਸਿੱਖਾਂ ਸਿੱਖ ਇਤਿਹਾਸ ਦੇ ਹੀਰਿਆਂ ਦੇ ਜਨਮ ਦਾਤੀ ਹੋਣ ਦਾ ਪੰਜਾਬ ਦੀ ਧਰਤੀ ਨੂੰ ਮਾਣ ਹੈ। ਇਸ ਪਵਿੱਤ੍ਰ ਧਰਤੀ ਤੇ ਮਾਲਵਾ ਨਾਮ ਦਾ ਇਕ ਇਲਾਕਾ ਹੈ। ਪੁਰਾਤਨ ਗ੍ਰੰਥਾਂ ਤੋਂ ਪਤਾ ਲਗਦਾ ਹੈ ਕਿ ਕਿਧਰੇ ਇਸ ਦਾ ਨਾਮ ਮਾਰੂਵਾਰ ਤੋਂ ਮਾਰੂਵਾ ਅਤੇ ਫੇਰ ਮਾਲਵਾ ਬਣਿਆ। ਇਹ ਇਲਾਕਾ ਰੇਤੇ ਦਾ ਰੂਪ ਬਣਨ ਕਰਕੇ ਮਾਰੂਵਾਰ ਬਣ ਗਿਆ ਸੀ। ਹੌਲੀ-੨ ਮਾਲਵਾ ਬਣ ਗਿਆ। ਪੰਡਤ ਕਰਤਾਰ ਸਿੰਘ ਜੀ ਦਾਖਾ ਨੇ ਇਸ ਮਾਲਵੇ ਦੀ ਪੁਰਾਤਨਤਾ ਦੀ ਮਹਾਨਤਾ ਬਹੁਤ ਹੀ ਸੁੰਦਰ ਢੰਗ ਨਾਲ ਅਨੇਕਾਂ ਧਾਰਮਿਕ ਗ੍ਰੰਥਾਂ ਅਤੇ ਸਮਾਜਿਕ ਪੁਸਤਕਾਂ ਦੀਆਂ ਦਲੀਲਾਂ ਰਾਹੀਂ ਸਿੱਧ ਕੀਤੀ ਹੈ। ਇਸ ਮਾਲਵੇ ਵਿਚ ਜਦੋਂ ਕਲਗੀਧਰ ਪਿਤਾ ਗੁਰੂ ਗੋਬਿੰਦ ਸਿੰਘ ਜੀ ਪ੍ਰਵੇਸ਼ ਕੀਤੇ ਤਾਂ ਉਹਨਾਂ ਇਸ ਧਰਤੀ ਨੂੰ ਭਾਗਭਰੀ ਬਣਾ ਦਿੱਤਾ। ਸਮਾਂ ਆਪਣੀ ਚਾਲੇ ਤੁਰਿਆ ਜਾਂਦਾ ਹੈ। ਚੰਗਾ ਸਮਾਂ ਬਹੁਤ ਛੇਤੀ ਤੁਰ ਜਾਂਦਾ ਹੈ, ਮੰਦਾ ਸਮਾਂ ਸਿਆਣੇ ਲੋਕਾਂ ਦੇ ਅਖਾਣ ਮੁਤਾਬਕ

ਜੂੰ ਦੀ ਚਾਲ ਤੁਰਦਾ ਹੈ। ਸੰਸਾਰ ਵਿਚ ਹਰ ਇਕ (ਜੜ ਤੋਂ ਚੇਤਨ ਤੱਕ) ਉਪਰ ਸਮਾਂ ਆਪਣਾ ਪ੍ਰਭਾਵ ਰੱਖਦਾ ਹੈ। ਧੰਨ ਗੁਰੂ ਅਰਜਨ ਦੇਵ ਜੀ ਦੇ ਬਚਨ ਹਨ:- **ਘਟੰਤ ਰੂਪੰ ਘਟੰਤ ਦੀਪੰ ਘਟੰਤ ਰਵਿ ਸਸੀਅਰ ਨਖ੍ਹਤ੍ਰ ਗਗਨੰ॥** ਸਮੇਂ ਨਾਲ ਸਭ ਕੁਝ ਬਦਲ ਰਿਹਾ ਹੈ। ਇਸ ਖਿਤੇ ਵਿਚ ਵਸਣ ਵਾਲਿਆਂ ਨੇ ਵੀ ਕਦੇ ਬਹੁਤ ਵੱਡੇ-ਵੱਡੇ ਸੁਖ ਅਤੇ ਦੁਖ ਦੇਖੇ। ਜਨ ਮਾਨਵ ਦੇ ਧੁਰ ਅੰਦਰ ਦੀ ਸਚੀ ਪੁਕਾਰ ਸੁਣ ਕੇ ਅਕਾਲ ਪੁਰਖੁ ਦੇ ਸਰਗੁਣ ਸਰੂਪ ਸਤਿਗੁਰੂ ਧੰਨ ਗੁਰੂ ਨਾਨਕ ਦੇਵ ਜੀ, ਧੰਨ ਗੁਰੂ ਹਰਗੋਬਿੰਦ ਸਾਹਿਬ ਜੀ, ਧੰਨ ਗੁਰੂ ਹਰਿ ਰਾਇ ਸਾਹਿਬ ਜੀ ਅਤੇ ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਇਸ ਇਲਾਕੇ ਵਿਚ ਚਰਨ ਪਾਏ ਹਨ। ਭੁਲੀ ਭਟਕੀ ਲੋਕਾਈ ਨੂੰ ਪ੍ਰਭੂ ਚਰਨਾਂ ਨਾਲ ਜੋੜ ਕੇ ਉਧਾਰ ਕੀਤਾ। ਧੰਨ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਤਾਂ ਇਸ ਇਲਾਕੇ ਦੀ ਕਾਇਆ ਹੀ ਕਲਪ ਦਿੱਤੀ। ਇਸ ਮਾਲਵੇ ਦੇ ਧੁਰ ਅੰਦਰ ਸਾਬੋ ਕੀ ਤਲਵੰਡੀ ਵਿਖੇ ਲੰਮਾ ਸਮਾਂ ਨਿਵਾਸ ਰੱਖ ਕੇ ਬੇਅੰਤ ਬਖਸ਼ਿਸ਼ਾਂ ਨਾਲ ਨਿਵਾਜਿਆ ਹੈ। ਇਥੇ ਵਸਦਿਆਂ ਹੀ ਸਤਿਗੁਰੂ ਜੀ ਨੇ ਆਖਿਆ ਸੀ, "ਦੇਖ ਡੱਲਿਆ! ਅੰਬ ਕਿੰਨੇ ਲਗੇ ਹੋਏ ਹਨ? ਡੱਲਾ ਆਖਣ ਲਗਾ, ਉਨਹੀ ਮਹਾਰਾਜ! ਇਹ ਤਾਂ ਅਕਾਂ ਦੀ ਕੱਕੜੀਆਂ ਹਨ"। ਸਤਿਗੁਰੂ ਜੀ ਫੇਰ ਆਖਣ ਲਗੇ, "ਵੇਖ ਡਲਿਆ! ਨਹਿਰਾਂ ਵਗ ਰਹੀਆਂ ਹਨ" ਡੱਲਾ ਆਖਣ ਲਗਾ, "ਨਹੀਂ ਗੁਰੂ ਜੀ! ਇਹ ਤਾਂ ਜਦ ਸੂਰਜ ਪੂਰੇ ਜੋਬਨ ਉਪਰ ਹੋਵੇ ਤਾਂ ਰੇਤੇ ਉਪਰੋਂ ਗਰਮ ਹਵਾਂਵਾ ਉਠਦੀਆਂ ਹਨ" ਧੰਨ ਗੁਰੂ ਗੋਬਿੰਦ ਸਿੰਘ ਜੀ ਮਿਹਰਾਂ ਦੇ ਘਰ ਵਿਚ ਸੁਭਾਇਮਾਨ ਹੋਏ ਮੁੜ ਆਖਣ ਲਗੇ, "ਵੇਖ ਡੱਲਿਆ! ਕਿੰਨੀਆਂ ਸੁਹਣੀਆਂ ਫਸਲਾਂ ਖੜ੍ਹੀਆਂ ਲਹਿ ਲਹਿ ਕਰਿ ਰਹੀਆਂ ਹਨ? ਡੱਲਾ ਆਖਣ ਲਗਾ, "ਮਹਾਰਾਜ ਆਪ ਕਿਹੋ ਜਿਹੀਆ ਗਲਾਂ ਕਰ ਰਹੇ ਹੋ? ਇਹ ਤਾਂ ਕਾਹੀ ਸਰਕੜਾ ਹੈ। ਇਥੇ ਫਸਲਾਂ ਕਿਥੇ ਹੁੰਦੀਆਂ ਹਨ? ਸਤਿਗੁਰੂ ਜੀ ਹੱਸ ਕੇ ਆਖਣ ਲੱਗੇ ਡੱਲਿਆ! ਨਿਰੰਕਾਰ ਨੇ ਤਾਂ ਸਭ ਕੁਝ ਹੁਣ ਤੋਂ ਹੀ ਬਖਸ਼ ਦੇਣਾ ਸੀ। ਪਰ, ਜੋ ਭਾਵੇਂ ਕਰਤਾਰ ਨੂੰ, ਸਮਾਂ ਪਾ ਕੇ ਸਭ ਕੁਝ ਹੋਵੇਗਾ। ਅਜ ਉਸ ਕਲਗੀਧਰ ਜੀ ਦੀ ਬਖਸ਼ਿਸ਼ ਨੂੰ ਅਸੀਂ ਅੱਖਾਂ ਨਾਲ ਤਕਦੇ ਹਾਂ। ਜਿਸ ਜ਼ਮੀਨ ਨੂੰ ਕੋਈ ਕੌਡੀਆਂ ਦੇ ਭਾਅ ਵੀ ਨਹੀਂ ਖਰੀਦਦਾ ਸੀ। ਅੱਜ ਉਸ ਦੀ ਕੀਮਤ ਲੱਖਾਂ ਰੁਪਏ ਹੈ। ਇਹ ਵੀ ਮਾਲਵੇ ਤੇ ਗੁਰੂ ਕਲਗੀਧਰ ਪਾਤਿਸ਼ਾਹ ਦੀ ਰਹਿਮਤ ਹੈ।

ਮਾਲਵੇ ਦਾ ਇਲਾਕਾ ਮੁਢ ਤੋਂ ਹੀ ਸੰਤਾਂ ਭਗਤਾਂ ਸੂਰਬੀਰ ਯੋਧਿਆਂ, ਧੀਰਜਵਾਨਾਂ, ਬਲ-ਵਾਲਿਆਂ, ਹਕਪ੍ਰਸਤਾਂ, ਲੇਖਕਾਂ, ਰਾਜਪੁਰਸ਼ਾਂ, ਦਾਨੀਆਂ, ਆਪਾ ਵਾਰਨ ਵਾਲੇ ਬਜ਼ੁਰਗਾਂ ਨੂੰ ਆਪਣੀ ਮਿੱਟੀ ਰਾਹੀਂ ਐਸੀ ਜ਼ਿੰਦਗੀ ਦਿੰਦਾ ਰਿਹਾ ਹੈ; ਜਿਸ ਦੁਆਰਾ ਉਹਨਾਂ ਦੇ ਪਰਉਪਕਾਰਾਂ ਨੂੰ ਸਦੀਵੀ ਯਾਦ ਰੱਖਿਆ ਜਾਂਦਾ ਹੈ। ਇਥੇ ਹੀ ਸਰਬੱਤ ਦੇ ਭਲੇ ਦੇ ਪੈਰੋਕਾਰ ਅਤੇ ਸਤਿਗੁਰੂ ਜੀ ਦੇ ਦਰਬਾਰ ਵਿਚੋਂ 'ਭਾਈ' ਦੀ ਪਦਵੀ ਅਤੇ 'ਭਾਈ ਬਹਿਲੋ ਸਭ ਤੋਂ ਪਹਿਲੋ' ਦਾ ਵਰ ਪ੍ਰਾਪਤ ਕਰਨ ਵਾਲੇ ਭਾਈ ਬਹਿਲੋ ਵਰਗੇ ਗੁਰੂ ਕੇ ਸਿਖ ਹੋਏ ਹਨ। ਆਪ ਨੇ ਗੁਰੂ ਚਰਨਾਂ ਨਾਲ ਜੁੜ ਕੇ ਲੱਖਾਂ ਹੋਰਾਂ ਨੂੰ ਵੀ ਗੁਰੂ ਚਰਨਾਂ ਨਾਲ ਜੋੜਿਆ। ਇਹਨਾਂ ਵਡਭਾਗਿਆਂ ਦੀ ਕੜੀ ਵਿਚ ਭਾਈ ਭੱਲਣ, ਭਾਈ ਰੂਪਾ ਜੈਸੇ ਸਿਦਕੀ ਸਿਖ, ਸੰਤ ਗੁਦੜ ਸਿੰਘ, ਭਾਈ ਉਦੇ ਸਿੰਘ ਕੈਥਲ, ਸੰਤ ਅਤਰ ਸਿੰਘ ਜੀ ਜੈਸੇ ਨਾਮ ਰਸੀਏ, ਰਾਜਾ ਰਿਪੁਦਮਨ ਸਿੰਘ, ਸੰਤ ਗੁਲਾਬ ਸਿੰਘ ਜੀ ਘੋਲੀਆ,

ਸੰਤ ਗੁਰਬਖਸ਼ ਸਿੰਘ ਜੀ ਵਰਗੇ ਉਪਦੇਸ਼ਕ, ਭਾਈ ਸਾਹਿਬ ਰਣਧੀਰ ਸਿੰਘ ਜੀ ਜੈਸੇ ਹਠੀ, ਸੰਤ ਈਸ਼ਰ ਸਿੰਘ ਜੀ, ਸੰਤ ਕਿਸ਼ਨ ਸਿੰਘ ਜੀ ਰਾੜਾ ਸਾਹਿਬ, ਸੰਤ ਭਗਵਾਨ ਸਿੰਘ ਜੀ ਰੇਰੂ ਸਾਹਿਬ, ਸੰਤ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਆਦਿ ਬੇਅੰਤ ਪਰਉਪਕਾਰੀ ਮਹਾਂਪੁਰਖ ਹੋਏ ਹਨ।

**ਗੁਰੁ ਅੰਗਦ ਗੁਰੁ ਅੰਗ ਤੇ ਅੰਮ੍ਰਿਤ ਬਿਰਖੁ ਅੰਮ੍ਰਿਤ ਫਲ ਫਲਿਆ** (੨੪-੮-੧)

ਇਸੇ ਮਾਲਵੇ ਵਿਚ ਅਕਾਲ ਪੁਰਖੁ ਦੇ ਸਰਗੁਨ ਸਰੂਪ ਦੂਜੇ ਗੁਰੂ ਸਾਹਿਬ ਜੀ ਨੇ ਅਵਤਾਰ ਧਾਰਿਆ ਹੈ। ਲਹਿਣਾ ਜੀ (ਧੰਨ ਗੁਰੂ ਅੰਗਦ ਦੇਵ ਜੀ) ਦੇ ਸਰੂਪ ਵਿਚ ਪਿਤਾ ਫੇਰੂ ਮੱਲ ਜੀ ਮਾਤਾ ਦਯਾ ਕੌਰ ਜੀ ਦੇ ਗ੍ਰਹਿ ਵਿਖੇ ਪਿੰਡ ਮਤੇ ਦੀ ਸਰਾਂ (ਗੂੜ ਮਾਲਵਾ) ਵਿਚ ਬਚਪਨਾ ਬਿਤਾਇਆ ਹੈ। ਆਪ ਜੀ ਨੇ ਬਾਣੀ ਦੇ ਪ੍ਰਚਾਰ ਤੇ ਪ੍ਰਸਾਰ ਵਾਸਤੇ ਗੁਰਮੁਖੀ ਲਿਪੀ ਈਜ਼ਾਦ ਕੀਤੀ। ਗੁਰਮੁਖੀ ਲਿਪੀ ਵਿਚ ਲਿਖਣ ਦੀ ਕਲਾ ਨੂੰ ਸਫਲਤਾ ਦਾ ਸਾਧਨ ਦਰਸਾਉਂਦਿਆਂ ਹੋਇਆਂ ਲਿਖਤੀ ਕੁਲ ਤਾਰਿਆ ਜੀਉ ਪੰਜਵੇਂ ਸਰੂਪ ਵਿਚ ਬਚਨ ਕੀਤੇ ਹਨ। ਸਤਿਗੁਰੂ ਜੀ ਦੇ ਨਕਸ਼ੇ ਕਦਮਾਂ ਨੂੰ ਲਿਖਣ ਰਾਹੀਂ ਸੇਵਾ ਕਰਨ ਵਾਲਿਆਂ ਵਿਚ ਗਿਆਨੀ ਗਿਆਨ ਸਿੰਘ ਜੀ, ਕਾਨ੍ਹ ਸਿੰਘ ਜੀ ਨਾਭਾ, ਪੰਡਿਤ ਕਰਤਾਰ ਸਿੰਘ ਜੀ ਦਾਖਾ, ਪੰਡਿਤ ਸਾਧੂ ਸਿੰਘ ਜੀ, ਗਿਅਨੀ ਬਦਨ ਸਿੰਘ ਜੀ ਸੇਖਵਾਂ ਵਾਲੇ, ਵਰਤਮਾਨ ਸਮੇਂ ਵਿਚ ਉਦਾਸੀ ਭੇਖ ਭੂਸ਼ਨ, ਸ਼ਾਸਤ੍ਰਾਚਾਰੀਆ, ਅਨੰਤ ਵਿਦਿਆ ਭੰਡਾਰ, ਕਰੱਤਬ ਸ਼ਿਰੋਮਣੀ, ਪ੍ਰਸੰਨ ਚਿਤ, ਮਹਾਂ ਮੰਡਲੇਸ਼ਵਰ ਸੁਆਮੀ ਬ੍ਰਹਮਦੇਵ ਜੀ ਬੱਧਨੀ ਵਾਲੇ, ਗਿਆਨੀ ਵੀਰ ਸਿੰਘ ਜੀ ਮੱਦੋਕੇ, ਸ. ਹਰਬੰਸ ਸਿੰਘ ਜੀ ਜਿਨ੍ਹਾਂ ਨੇ ਇਨਸਾਈਕਲੋਪੀਡੀਆ ਆਫ ਸਿਖਇਜ਼ਮ ਲਿਖਿਆ ਹੈ। ਸੰਤ ਗਿਆਨੀ ਬਲਵੰਤ ਸਿੰਘ ਜੀ 'ਕੋਠਾ ਗੁਰੂ' ਨੂੰ ਪੰਥ ਨੇ ਉਨ੍ਹਾਂ ਦੀ ਲਿਖਣ ਦੀ ਸੇਵਾ ਤੋਂ ਖੁਸ਼ ਹੋ ਕੇ ਅਨੇਕਾਂ ਸਨਮਾਨਾਂ ਨਾਲ ਸਤਿਕਾਰ ਦਿੱਤਾ ਹੈ। ਇਹ ਲੇਖਕਾਂ ਦੀ ਵੀ ਨਾ-ਮੁਕਣ ਵਾਲੀ ਕੜੀ ਹੈ। ਇਸੇ ਲਈ ਤਿੰਨੇ ਸਮਿਆਂ (ਵਰਤਮਾਨ, ਭੂਤ ਕਾਲ, ਭਵਿੱਖ ਕਾਲ) ਦੇ ਜਾਨਨਹਾਰ ਧੰਨ ਗੁਰੂ ਗੋਬਿੰਦ ਸਿੰਘ ਜੀ ਨੇ ਰਹਿਮਤ ਦੇ ਘਰ ਵਿਚ ਵਸ ਕੇ ਤਖਤ ਚੌਰ ਦੇ ਮਾਲਕ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਮੁਖਾਰਬਿੰਦ ਤੋਂ ਉਚਾਰਨ ਕੀਤਾ ਅਤੇ ਭਾਈ ਮਨੀ ਸਿੰਘ ਜੀ ਪਾਸੋਂ ਲਿਖਾਉਣ ਦੀ ਸੇਵਾ ਪ੍ਰਾਪਤ ਕੀਤੀ। ਨਾਲ-ਨਾਲ ਬਾਬਾ ਦੀਪ ਸਿੰਘ ਜੀ ਸਰੂਪਾਂ ਦੇ ਉਤਾਰੇ ਕਰਦੇ ਸਨ। ਸ੍ਰੀ ਅਬਚਲ ਨਗਰ ਹਜ਼ੂਰ ਸਾਹਿਬ ਨਾਂਦੇੜ ਵਿਖੇ ਇਸੇ ਪਾਵਨ ਸਰੂਪ ਨੂੰ ਗੁਰਤਾ ਗਦੀ ਸੌਂਪ ਕੇ ਗੁਰੂ ਪਦਵੀ ਸਹਿਤ ਸਥਾਪਤ ਕੀਤਾ।

ਧੰਨ ਗੁਰੂ ਗੋਬਿੰਦ ਸਿੰਘ ਜੀ ਅੰਮ੍ਰਿਤ ਵੇਲੇ ਬਾਣੀ ਉਚਾਰਨ ਕਰਦੇ ਸਨ ਅਤੇ ਸ਼ਾਮ ਨੂੰ ਅੰਮ੍ਰਿਤਮਈ ਬਾਣੀ ਦੀ ਕਥਾ ਕਰਦੇ ਸਨ। ਅਠਤਾਲੀ ਵਡਭਾਗਿਆਂ ਨੇ ਇਹ ਪਾਵਨ ਅੰਮ੍ਰਿਤਮਈ ਕਥਾ ਦਸਮ ਸਤਿਗੁਰੂ ਜੀ ਦੀ ਪਾਵਨ ਰਸਨਾ ਤੋਂ ਪਰਾ ਦੀ ਰੂਪਮਾਨਤਾ ਨੂੰ ਬੈਖਰੀ ਸ਼ਬਦਾਂ ਦੇ ਰੂਪ ਵਿਚ ਸ੍ਰਵਨ ਕੀਤਾ। ਬੀਜ ਪਹਿਲਾਂ ਆਪਣਾ ਆਪ ਮਿੱਟੀ ਵਿਚ ਲੈ ਕਰ ਦਿੰਦਾਂ ਹੈ। ਫਿਰ ਮਿੱਟੀ ਵਿਚੋਂ ਸਫਰ ਤੈਅ ਕਰਕੇ ਆਪਣੀ ਅਸਲੀਅਤ ਨੂੰ ਦੁਨੀਆਂ ਦੇ ਸਾਹਮਣੇ ਪੇਸ਼ ਕਰ ਦਿੰਦਾ ਹੈ।

ਭੀਮ ਭੀਮ ਰੋਖਿਓ ਬਹੁ ਪੂਕਾਰਾ॥ ਫਲ ਪਾਕੇ ਤੇ ਏਕੰਕਾਰਾ ॥

ਪ੍ਰਮਾਤਮਾ ਨੇ ਸਤਿਗੁਰੂ ਜੀ ਦੇ ਮੁਖਾਰਬਿੰਦ ਦੁਆਰਾ ਆਪਣਾ ਪਰਾ-ਬਾਣੀ ਨੂੰ ਬੈਖਰੀ ਬਾਣੀ ਦੇ ਰੂਪ ਵਿਚ ਸਥਾਪਤ ਕੀਤਾ ਹੈ। ਤਾਂ ਹੀ ਇਸ ਪਾਵਨ ਬਾਣੀ ਨੂੰ ਧੁਰ ਕੀ ਬਾਣੀ ਆਖਿਆ ਜਾਂਦਾ ਹੈ। ਜਿਸ ਪ੍ਰਾਣੀ ਦੀ ਸੁਰਤਿ ਬੈਖਰੀ ਸ਼ਾਬਦਿਕ ਰੂਪ ਅਕਾਲ ਬਾਣੀ ਨਾਲ ਜੁੜ ਜਾਏ ਉਹ ਬਾਣੀ ਦੇ ਅਭਿਆਸ ਦੁਆਰਾ 'ਪਰਾ ਬਾਣੀ' ਵਿਚ ਟਿਕ ਜਾਂਦਾ ਹੈ। ਪਾਵਨ ਕਥਾ ਸ੍ਰਵਨ ਕਰਨ ਵਾਲੇ ਅਠਤਾਲੀ ਸਿੰਘ ਹੀ ਬਿਦੇਹ ਮੁਕਤਿ ਹੋਏ, ਜਿਨਾਂ ਵਿਚੋਂ ਭਾਈ ਮਨੀ ਸਿੰਘ ਜੀ ਅਤੇ ਬਾਬਾ ਦੀਪ ਸਿੰਘ ਜੀ ਦੀ ਡਿਊਟੀ ਧੰਨ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਇਸ ਪਾਵਨ ਕਥਾ ਦੇ ਪ੍ਰਚਾਰ ਅਤੇ ਗੁਰਮਤਿ ਪ੍ਰਸਾਰ ਦੀ ਸੇਵਾ ਲਈ ਲਾਈ। ਤਾਂ ਕਿ ਪਾਵਨ ਬਾਣੀ ਦੇ ਯਥਾਰਥ ਅਰਥ ਸਮਝਾ ਜਨ ਮਾਨਵ ਵਿਚੋਂ ਅਗਿਆਨਤਾ ਖਤਮ ਹੋ ਜਾਵੇ। ਵਾਹਿਗੁਰੂ ਜੀ ਦੇ ਯਥਾਰਥ ਰੂਪ ਨਾਲ ਜੀਵ ਦਾ ਮੇਲ ਹੋ ਜਾਏ। ਇਨਾਂ ਗੁਰੂ ਲਾਡਲਿਆਂ ਨੇ ਪੂਰੀ ਜਿੰਦਗੀ ਅਰਥਾਂ ਨੂੰ ਅਗਾਂਹ ਸਿੱਖਾਂ ਵਿਚ ਪ੍ਰਚਲਿਤ ਕੀਤਾ ਹੈ। ਦਸਮੇ ਪਾਤਿਸ਼ਾਹ ਜੀ ਵੱਲੋ ਨਿਰੰਕਾਰ ਦੇ ਇਲਾਹੀ ਗਿਆਨ ਦਾ ਨਿਰਮਲ ਚਸ਼ਮਾ ਸ੍ਰੀ ਦਮਦਮਾ ਸਾਹਿਬ ਤੋਂ ਦੋਨੋ ਲੋਕਾਂ ਦੇ ਸੁਖਾਂ ਦੀ ਠੰਡ ਵਰਤਾਉਂਦਾ ਹੋਇਆ ਜੋ ਕਿ ਸਦੀ ਪ੍ਰੇਰਨਾ ਸਰੋਤ ਹੈ। ਦਮਦਮੀ ਟਕਸਾਲ ਆਪਣੇ ਗਿਆਨ ਦੇ ਪ੍ਰਵਾਹ ਨੂੰ ਨਿਰੰਤਰ ਇਕ ਰਸ ਸਮਤ ਚਾਲ ਵਿਚ ਚਲਾਉਂਦੀ ਆ ਰਹੀ ਹੈ। ਮੁਖੀ ਹੋਣ ਦਾ ਦਾਅਦਾ ਨਹੀਂ ਜਤਾਇਆ ਜਾਂਦਾ, ਸਗੋਂ ਪੰਥ ਦੇ ਨਿਮਾਣੇ ਸੇਵਕ ਵਜੋਂ ਸੇਵਾ ਨਿਭਾਉਂਦੇ ਆ ਰਹੇ ਹਨ। ਜਿਸ ਵੇਲੇ ਸਿੰਘਾਂ ਦੇ ਸਿਰਾਂ ਦੇ ਮੁਲ ਪੈਂਦੇ ਸਨ, ਖਾਲਸੇ ਦਾ ਮੁਗਲਾਂ, ਦੁਰਾਨੀਆਂ, ਅਬਦਾਲੀਆਂ ਨਾਲ ਸੰਘਰਸ਼ ਚਲਦਾ ਰਿਹਾ ਹੈ। ਖਾਲਸਾ ਜੰਗਲਾਂ ਬੇਲਿਆਂ ਵਿਚ ਹੀ ਸਮਾਂ ਕਟਦਾ ਰਿਹਾ ਹੈ। ਕੇਵਲ ਸ੍ਰੀ ਦਮਦਮਾ ਸਾਹਿਬ ਜੀ ਦੀ ਪਾਵਨ ਧਰਤੀ ਹੀ ਸੀ। ਜਿਥੇ ਕਥਾ ਨਿਰਵਿਘਨ ਚਲਦੀ ਰਹੀ ਹੈ। ਦਮਦਮੀ ਟਕਸਾਲ ਦੇ ਜਥੇਦਾਰ ਗੁਰੂ ਪਿਆਰਿਆਂ ਨੇ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਸ਼ੁਧ ਉਚਾਰਨ ਅਤੇ ਅਰਥਾਂ ਦੀ ਪਰੰਪਰਾ ਨੂੰ ਉਸੇ ਪ੍ਰਕਾਰ ਜਾਰੀ ਰੱਖਿਆ। ਧੰਨ ਗੁਰੂ ਗੋਬਿੰਦ ਸਿੰਘ ਜੀ ਨੇ [illegible] ਵਾਸਤੇ ਜੋ ਕਲਮਾਂ ਵਰਤੀਆਂ ਸਨ। ਜਦੋਂ ਪਾਵਨ ਸਰੂਪ ਦੀ ਲਿਖਾਈ [illegible] ਕਲਮਾਂ ਸਰੋਵਰ ਵਿਚ ਜਲ ਪ੍ਰਵਾਹ ਕਰਕੇ ਗੁਰੂ ਪਾਤਸ਼ਾਹ ਜੀ ਨੇ [illegible] ਸਰੋਵਰ ਵਿਚ ਇਸ਼ਨਾਨ ਕਰਕੇ ਆਪਣੇ [illegible] ਗੁਰਮੁਖੀ ਦਾ [illegible] ਹੀ ਗਿਆਨ ਹਾਸਲ ਹੋ ਜਾਵੇਗਾ। ਜਿਵੇਂ [illegible] ਹੈ। ਇਸੇ ਪ੍ਰਕਾਰ ਕਲਗੀਧਰ ਜੀ ਨੇ ਅਕਾਲ [illegible]

[illegible]

[illegible] ॥ [illegible]

[illegible] ॥

[illegible] ॥

(ਪ੍ਰਾਚੀਨ ਪੰਥ ਪ੍ਰਕਾਸ਼)

ਜਿਸ ਨੂੰ ਬਿਲਕੁਲ ਮਤਿ ਨਹੀਂ ਹੋਵੇਗੀ ਜਦੋਂ ਇਸ ਅਸਥਾਨ 'ਤੇ ਆ ਕੇ ਸ਼ਰਧਾ ਨਾਲ ਵਿਦਿਆ ਦੀ ਸ਼ੁਰੂਆਤ ਕਰ ਦੇਵੇਗਾ। ਉਹ ਵੀ ਮਤਿ ਦਾ ਭੰਡਾਰ ਬਣ ਜਾਵੇਗਾ। ਇਸੇ ਲਈ ਜਦੋਂ ਵੀ ਗੁਰਸਿਖ ਪਾਵਨ ਅਸਥਾਨ ਦੇ ਦਰਸ਼ਨ ਕਰਨ ਆਉਂਦੇ ਹਨ। ਲਿਖਣ ਸਰ ਸਾਹਿਬ ਦੇ ਪਾਵਨ ਅਸਥਾਨ ਤੇ ਪੈਂਤੀ ਲਿਖ ਕੇ ਅਰਦਾਸ ਕਰਦੇ ਹਨ। ਧੰਨ ਗੁਰੂ ਗੋਬਿੰਦ ਸਿੰਘ ਜੀ, ਗੁਰਸਿੱਖ ਤੇ ਕਿਰਪਾ ਕਰ ਦਿੰਦੇ ਹਨ। ਉਸ ਨੂੰ ਗੁਰਮੁਖੀ ਵਿਦਿਆ ਸਹਿਜ ਹੀ ਪ੍ਰਾਪਤ ਹੋ ਜਾਂਦੀ ਹੈ। ਸਤਿਗੁਰੂ ਜੀ ਦੀਆਂ ਬਖਸ਼ਿਸ਼ਾਂ ਨਾਲ ਗੁਰਮਤਿ ਵਿਦਿਆ ਦੇ ਵਿਦਵਾਨਾਂ ਨੇ ਇਸ ਵਿਦਿਆ ਨੂੰ ਅਗਾਂਹ ਬਹੁਤ ਹੀ ਸ਼ਰਧਾ ਨਾਲ ਸੰਸਾਰ ਵਿਚ ਵੰਡਣ ਲਈ ਗੁਰਮਤਿ ਵਿਦਿਆਲਿਆਂ ਦਾ ਸੰਸਥਾਪਨ ਕੀਤਾ। ਇਹਨਾਂ ਵਿਦਿਆਲਿਆਂ ਨੂੰ ਬੁੰਗੇ ਵੀ ਆਖਿਆ ਜਾਂਦਾ ਹੈ। ਅਠਾਰਵੀਂ ਸਦੀ ਦੇ ਅੰਤਲੇ ਦਹਾਕਿਆਂ ਤੱਕ ਬਾਰਾਂ ਬੁੰਗੇ ਜਿਨ੍ਹਾਂ ਵਿਚੋਂ ਉਚਾ ਬੁੰਗਾ, ਬੁੰਗਾ ਲਿਖਾਰੀਆਂ, ਬੁੰਗਾ ਮਦਰਸਾ, ਬੁੰਗਾ ਮਲਵਈ, ਬੁੰਗਾ ਲਿਖਣਸਰ, ਨੀਵਾਂ ਬੁੰਗਾ, ਬੁੰਗਾ ਬਾਰਾਂਦਰੀ, ਬੁੰਗਾ ਚੇਤ ਸਿੰਘ, ਬੁੰਗਾ ਕੱਟੂ ਵਾਲਾ ਅਤੇ ਬੁੰਗਾ ਮਸਤੂਆਣਾ ਦੇ ਨਾਮ ਕਾਬਿਲੇ ਜ਼ਿਕਰ ਹਨ। ਇਹਨਾਂ ਸਭਨਾਂ ਵਿਚ ਅੰਮ੍ਰਿਤ ਵੇਲੇ ਹਰ ਰੋਜ਼ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਹੁੰਦੀ ਸੀ। ਹਰ ਬੁੰਗੇ ਵਿਚ ਆਪਣੇ-ਆਪਣੇ ਵਿਦਿਆਰਥੀਆਂ ਨੂੰ ਗੁਰਬਾਣੀ ਅਰਥ ਬੋਧ ਤੋਂ ਜਾਣੂ ਕਰਵਾਇਆ ਜਾਂਦਾ ਸੀ। ਇਸ ਤੋਂ ਬਗੈਰ ਗੁਰਮਤਿ, ਗੁਰ ਇਤਿਹਾਸ, ਮਿਥਿਹਾਸ, ਵੇਦਾਂਤ, ਧਰਮ, ਦਰਸ਼ਨ ਆਦਿ ਗ੍ਰੰਥਾਂ ਦੀ ਸੰਥਿਆ ਕਰਵਾਈ ਜਾਂਦੀ ਸੀ। ਇਸ ਪ੍ਰਕਾਰ ਮਾਲਵਾ ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਨ ਪਰਉਪਕਾਰਾਂ ਸਦਕਾ 'ਗੁਰੂ ਕਾ ਮਾਲਵਾ' ਨਾਮ ਨਾਲ ਜਾਣਿਆ ਜਾਣ ਲੱਗਾ।

ਧੰਨ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਤਿੰਨ ਮਹਿਲ ਮਾਤਾ ਦਮੋਦਰੀ, ਮਾਤਾ ਮਰਵਾਹੀ, ਮਾਤਾ ਨਾਨਕੀ ਸਨ। ਆਪ ਜੀ ਦੇ ਪੰਜ ਪੁੱਤਰ ਬਾਬਾ ਗੁਰਦਿੱਤਾ, ਅਣੀ ਰਾਏ, ਅਟਲ ਰਾਇ, ਸੂਰਜ ਮਲ, ਤੇਗ ਬਹਾਦਰ ਅਤੇ ਇਕ ਧੀ ਬੀਬੀ ਵੀਰੋ ਜੀ ਸਨ। ਤਿਆਗ ਮੱਲ (ਤੇਗ ਬਹਾਦਰ) ਜੀ ਬਾਲ ਉਮਰ ਤੋਂ ਹੀ ਸ਼ਾਂਤ ਸੁਭਾਅ ਦੇ ਮਾਲਕ ਸਨ। ਇਸੇ ਲਈ ਛੇਵੇਂ ਸਤਿਗੁਰੂ ਜੀ ਆਪ ਜੀ ਨੂੰ ਬਹੁਤ ਹੀ ਸਤਿਕਾਰ ਸਹਿਤ ਆਪਣੇ ਪਾਸ ਬਿਠਾਉਂਦੇ ਸਨ। ਇਕ ਵਾਰ ਜਦੋਂ ਆਪ ਜੀ ਦੀ ਉਮਰ ਕੇਵਲ ਚਾਰ ਸਾਲ ਦੀ ਹੀ ਸੀ। ਵੱਡੇ ਭਰਾ ਬਾਬਾ ਗੁਰਦਿੱਤਾ ਜੀ ਦੀ ਜੰਞ ਚੜ੍ਹਨ ਲੱਗੀ। ਮਾਤਾ ਨਾਨਕੀ ਜੀ ਨੇ ਤਿਆਗ ਮੱਲ ਜੀ ਨੂੰ ਬਹੁਤ ਹੀ ਸੁੰਦਰ ਪੁਸ਼ਾਕ ਪਹਿਨਾ ਕੇ ਸਜਾਇਆ। ਜਦੋਂ ਆਪ ਜੀ ਘਰੋਂ ਬਾਹਰ ਨਿਕਲੇ। ਤਾਂ ਇਕ ਤਨ ਦੇ ਕੱਪੜਿਆਂ ਤੋਂ ਬਗੈਰ ਗਰੀਬ ਬਾਲਕ ਵੇਖ ਕੇ ਅੰਦਰਲਾ ਤਿਆਗ ਉਮਡਿਆ, ਦੌੜ ਕੇ ਆਪਣੇ ਸਾਰੇ ਕੱਪੜੇ ਉਸ ਬਾਲਕ ਨੂੰ ਪਹਿਨਾ ਦਿੱਤੇ। ਮਾਤਾ ਜੀ ਵੇਖ ਕੇ ਬਹੁਤ ਹੈਰਾਨ ਹੋਏ, ਆਖਣ ਲੱਗੇ, "ਤੁਸੀਂ ਇਹ ਕੀ ਕੀਤਾ ਹੈ ? ਆਪ ਨੇ ਜਵਾਬ ਦਿੱਤਾ, ਉਮਾਂ! ਮੈਨੂੰ ਤਾਂ ਹੋਰ ਵੀ ਬਹੁਤ ਬਸਤ੍ਰ ਮਿਲ ਜਾਣਗੇ, ਪਰ ਉਸ ਲੋੜਵੰਦ ਦੀ ਜ਼ਰੂਰਤ ਕੌਣ ਪੂਰੀ ਕਰੇਗਾ"? ਮਹਿਮਾ ਪਕਾਸ਼ ਦੇ ਕਰਤੇ ਨੇ ਬਹੁਤ ਸੁੰਦਰ ਲਿਖਿਆ ਹੈ।

**ਅਤਿ ਨਿਮ੍ਰ ਭੂਤ ਬੀਰ ਗਤਿ ਦਯਾਲ॥ ਰਾਜ ਭੇਖ ਵੈਰਾਗ ਬਸਾਲ॥**

**ਹਿਰਦੈ ਧੁਨਿ ਸਭ ਜਗ ਬਿਹਾਰ॥ ਸਹਜ ਸਮਾਧ ਏਕ ਲਿਵ ਤਾਰ॥**

ਆਪ ਜੀ ਦਾ ਸਾਰਾ ਜੀਵਨ ਤਿਆਗ ਭਾਵਨਾ ਵਿਚ ਬਤੀਤ ਹੋਇਆ। ਜਦੋਂ ਨਿਰੰਕਾਰ ਨਾਲ ਆਪ ਦੀ ਸੁਰਤਿ ਇਕਮਿਕ ਹੁੰਦੀ ਆਪ ਬਾਣੀ ਉਚਾਰਨ ਕਰਦੇ ਸਨ। ਜਦ ਅਸੀਂ ਨੌਵੇਂ ਸਤਿਗੁਰੂ ਜੀ ਦੀ ਬਾਣੀ ਪੜ੍ਹਦੇ ਹਾਂ ਤਾਂ ਸਾਨੂੰ ਸੰਸਾਰਕ ਝਮੇਲਿਆਂ ਦੇ ਤਿਆਗ ਦੀ ਜਾਚ ਪ੍ਰਾਪਤ ਹੁੰਦੀ ਹੈ। ਆਪ ਜੀ ਨੇ ਤਿਲਕ ਤੇ ਜੰਞੂ ਦੀ ਰਾਖੀ ਲਈ ਆਪਣੇ ਸਰੀਰ ਦੀ ਕੁਰਬਾਨੀ ਦਿੱਤੀ। ਤੇਗ ਦੀ ਬਹਾਦਰੀ ਆਪ ਜੀ ਨੇ ਕਰਤਾਰਪੁਰ ਦੀ ਜੰਗ ਵਿਚ ਵਿਖਾਈ। ਉਸ ਵਕਤ ਆਪ ਜੀ ਦੀ ਉਮਰ ੧੩-੧੪ ਸਾਲ ਦੀ ਸੀ। ਵੈਰੀ ਦਲ ਨਾਲ ਆਪ ਨੇ ਬਹੁਤ ਵਧ-ਵਧ ਕੇ ਜੰਗ ਕੀਤਾ। ਪਿਤਾ ਸਤਿਗੁਰੂ ਜੀ ਨੇ ਆਪ ਜੀ ਦੀ ਕ੍ਰਾਂਤੀਕਾਰੀ ਲਗਨ ਵੇਖ ਕੇ ਆਪ ਜੀ ਨੂੰ ਤੇਗ ਬਹਾਦਰ ਦਾ ਖਿਤਾਬ ਦਿੱਤਾ। ਸੋ ਆਪ ਜੀ ਦਾ ਨਾਮ ਪਿਤਾ ਸਤਿਗੁਰੂ ਜੀ ਦੀ ਬਖਸ਼ਿਸ ਵਜੋਂ ਮਕਬੂਲ ਹੋਇਆ। ਇਸ ਤਿਆਗ ਅਤੇ ਤੇਗ ਦੇ ਸੁਮੇਲ ਨੂੰ ਜੀਵਨ ਅੰਦਰ ਦ੍ਰਿੜਤਾਪੂਰਬਕ ਸਮਝਾਉਣ ਲਈ ਬਾਬੇ ਬਕਾਲੇ ਵਿਚ ਨਿਵਾਸ ਕੀਤਾ। ਇਸ ਪਾਵਨ ਅਸਥਾਨ ਤੇ ਕਰੀਬਨ ੨੨ ਵਰ੍ਹੇ ਬਹੁਤ ਹੀ ਕਠਨ ਸਾਧਨਾ ਕੀਤੀ। ਸਿੱਖ ਲਈ ਤਿਆਗ ਅਤੇ ਤੇਗ ਇਕ ਹੀ ਪਲੇਟਫਾਰਮ ਤੋਂ ਹਾਸਲ ਕਰਨ ਦੀ ਯੁਕਤਿ ਸਿਖਾਈ ਹੈ। ਐਸੇ ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਪੂਰਬੀ ਸੰਗਤਾਂ ਦੀਆਂ ਭਾਵਨਾਵਾਂ ਨੂੰ ਪੂਰਨ ਵਾਸਤੇ ਜਦੋਂ ਅਨੰਦਪੁਰ ਸਾਹਿਬ ਤੋਂ ਚਲ ਪਏ ਤਾਂ ਸਤਿਗੁਰੂ ਜੀ ਪੜਾਅ-ਦਰ-ਪੜਾਅ ਰੋਪੜ, ਨੰਦਪੁਰ ਕਲੌੜ, ਨੌ ਲੱਖੇ ਟਹਿਲ ਪੁਰੇ ਆਦਿ ਨਗਰਾਂ ਵਿਚੋਂ ਸਿਖੀ ਦਾ ਪ੍ਰਚਾਰ ਕਰਦੇ ਸ਼ਰਧਾਲੂ ਸਿੱਖਾਂ ਦੀਆਂ ਭਾਵਨਾਵਾਂ ਨੂੰ ਪੂਰਨ ਕਰਦੇ ਹੋਏ ਨਗਰ ਮੂਲੋਵਾਲ ਪੁਹੰਚੇ ਸਨ। ਮਹਾਂ ਕਵੀ ਸੰਤੋਖ ਸਿੰਘ ਜੀ ਇਥੋਂ ਦੇ ਇਤਿਹਾਸ ਨੂੰ ਲਿਖਦੇ ਹਨ।

**ਬੀਤ ਗਈ ਘਟਿਕਾ ਜੁਗ ਜਬੇ॥
ਮਈਆ ਗੋਂਦਾ ਦੋਨਹੁੰ ਤਬੇ॥
ਆਨਿ ਬੰਦਨਾ ਕੀਨਸਿ ਗੁਰ ਕੋ॥
ਬੈਠਿ ਨਿਕਟਿ ਭਾਉ ਕਰਿ ਉਰ ਕੋ॥
ਸ੍ਰੀ ਸਤਿਗੁਰ ਤਿਨ ਸਾਥ ਬਖਾਨਾ॥
ਆਨਹੁ ਸੁੰਦਰ ਜਲ ਹਿਤ ਪਾਨਾ॥
ਮਾਰਗ ਸਗਰੇ ਸ੍ਰਮ ਕੋ ਹਰਿਬੇ॥
ਹਾਥਿਨ ਪਾਂਵ ਪਖਾਰਨਿ ਖਰਿਬੇ॥
ਸੁਨਿ ਗੋਂਦੇ ਤਬਿ ਬਾਕ ਉਚਾਰਾ॥
ਇਹ ਜੋ ਕੂਪ ਨੀਰ ਬਹੁ ਖਾਰਾ॥
ਕੰਕਰ ਬੀਚ ਪਰੇ ਜੁ ਸਮੂਹ॥
ਗ੍ਰਾਮ ਨ ਲੇਵਹਿ ਜਲ ਇਸ ਖੂਹੁ॥
ਹੁਕਮੁ ਆਪ ਕੋ ਜੇ ਅਬਿ ਹੋਇ॥
ਬਾਹਰ ਕੂਪ ਦੂਰ ਹੈ ਸੋਇ॥**

**ਤਹਾਂ ਜਾਇ ਕਰਿ ਜਲ ਕੋ ਲਯਾਵੈਂ॥**
**ਲਗਹਿ ਬਿਲਮ ਪਰ ਆਛੋ ਆਵੈ॥**
**ਸਗਰੋ ਗ੍ਰਾਮ ਤਹਾਂ ਤੇ ਆਨੈਂ॥**
**ਪੀਵਤਿ ਪਾਨੀ ਦਿਨ ਗੁਜਰਾਨੈਂ॥**
**ਕਠਨ ਲਯਾਇਬੋ ਸਭਿ ਕੋ ਅਹੈ॥**

ਅਤੇ ਫਿਰ ਸੰਗਤ ਨੇ ਜਲ ਛਕਿਆ। ਅੰਮ੍ਰਿਤ ਵਾਂਗ ਮਿਠਾ ਜਲ ਛਕ ਕੇ ਸਾਰੀ ਸੰਗਤ ਧੰਨ ਗੁਰੂ ਤੇਗ ਬਹਾਦਰ ਸਾਹਿਬ, ਧੰਨ ਗੁਰੂ ਤੇਗ ਬਹਾਦਰ ਸਾਹਿਬ, ਦੀ ਧੁਨ ਗੁੰਜਾਉਣ ਲਗ ਪਈ। ਸਤਿਗੁਰੂ ਜੀ ਨੇ ਸੰਗਤਾਂ ਨੂੰ ਤਾਰਨ ਲਈ ਯਾਤਰਾ ਅਰੰਭ ਕੀਤੀ ਸੀ। ਅਕਾਲ ਪੁਰਖ ਵਲੋਂ ਲਗੀ ਡਿਊਟੀ ਮੁਤਾਬਿਕ ਵਾਹਿਗੁਰੂ ਨਾਮ ਦਾ ਛੱਟਾ ਦਿੱਤਾ। ਅੰਮ੍ਰਿਤ ਵੇਲੇ ਦਾ ਜਾਗਣਾ, ਨਾਮ ਜਪਣਾ, ਵੰਡ ਛਕਣਾ ਸਭ ਸੰਗਤਾਂ ਨੂੰ ਸਿਖਾਇਆ। ਕਈ ਦਿਨ ਮੁਕਾਮ ਰੱਖਿਆ:-

**ਗ੍ਰਾਮ ਬਿਖੇ ਭਈ ਕਥਾ ਅਨੂਪ॥ ਸ੍ਰੀ ਗੁਰ ਮੀਠਾ ਕੀਨਸਿ ਕੂਪ॥**

**(ਗੁ: ਪ੍ਰ: ਸੂ :ਰਾ :੧੧ ਅਧਿ:੩੪)**

ਨਗਰ ਤੋਂ ਲੈ ਕੇ ਸਾਰੇ ਇਲਾਕੇ ਵਿਚ ਇਹ ਖੂਹ ਦੇ ਜਲ ਮਿਠਾ ਕਰਨ ਦੀ ਖਬਰ ਸਾਵਣ ਮਹੀਨੇ ਦੇ ਬਦਲਾਂ ਦੀ ਵਰਖਾ ਵਾਂਗ ਫੈਲ ਗਈ। ਜਿਸ ਜਿਸ ਨੂੰ ਵੀ ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਇਸ ਪਰਉਪਕਾਰ ਦਾ ਪਤਾ ਲੱਗਿਆ। ਸਭ ਗੁਰੂ ਜੀ ਦੇ ਦਰਸ਼ਨ ਕਰਨ ਲਈ ਦੌੜੇ ਆਏ। ਸਤਿਗੁਰੂ ਜੀ ਨੇ ਇਸ ਇਲਾਕੇ ਉਪਰ ਰਹਿਮਤ ਕਰਦਿਆਂ ਨਾਮ, ਸਿਮਰਨ, ਸੇਵਾ ਦੀ ਦਾਤ ਨੂੰ ਵੰਡਿਆ। ਇਸ ਇਲਾਕੇ ਨੂੰ ਸਤਿਗੁਰੂ ਜੀ ਦੀਆਂ ਅਨੰਤ ਬਖਸ਼ਿਸ਼ਾਂ ਹੋਈਆਂ, ਜਿਨ੍ਹਾਂ ਵਿਚੋਂ ਕੁਝ ਰਹਿਮਤ ਦੀਆਂ ਕਣੀਆਂ ਨਗਰ ਟਿਬੇ ਦੇ ਹਿੱਸੇ ਵੀ ਆਈਆਂ। ਕਿਉਂਕਿ ਇਹ ਨਗਰ ਮੂਲੋਵਾਲ ਦੇ ਨਜਦੀਕ ਹੀ ਹੈ। ਵੈਸੇ ਜਦੋਂ ਅਸੀਂ ਟਿਬੇ ਦੇ ਅਰਥ ਵੇਖਦੇ ਹਾਂ ਤਾਂ ਕਾਨ੍ਹ ਸਿੰਘ ਨਾਭਾ ਮੁਤਾਬਕ ਰੇਤੇ ਦਾ ਟਿਲਾ/ਟਿਬਾ ਕੀਤੇ ਹਨ। ਇਹ ਰੇਤੇ ਦਾ ਟਿੱਬਾ ਕਿਸੇ ਕੰਮ ਦਾ ਨਹੀਂ ਕਿਉਂਕਿ ਇਸ ਵਿਚ ਪਾਣੀ ਗ੍ਰਹਿਣ ਕਰਨ ਦੀ ਸਮਰਥਾ ਨਹੀ ਹੈ। ਜਿਉਂ ਹੀ ਮੀਂਹ ਪੈਂਦਾ ਹੈ ਸਾਰਾ ਪਾਣੀ ਹੇਠਾਂ ਵਹਿ ਜਾਂਦਾ ਹੈ। ਭਾਈ ਗੁਰਦਾਸ ਜੀ ਦੇ ਬੋਲ ਹਨ:-

**ਟਿਬੈ ਨੀਰੁ ਨ ਠਾਹਰੈ ਘਣਿ ਵਰਸਿ ਗਇਓਸੁ ॥ (੩੪-੮-੩)**

ਰੇਤਾ ਫਸਲ ਲਈ ਉਪਜਾਊ ਨਹੀਂ ਹੁੰਦਾ ਹੈ। ਜੇ ਉਸ ਨੂੰ ਉਪਜਾਊ ਬਣਾਉਣਾ ਹੈ ਤਦੋਂ ਇਕ ਸਹੀ ਤਰੀਕਾ ਅਪਣਾਉਣਾ ਪਵੇਗਾ। ਭਾਵੇਂ ਵਿਗਿਆਨਕ ਢੰਗ ਹੋਵੇ ਚਾਹੇ ਜਿਮੀਂਦਾਰਾ ਢੰਗ। ਇਸੇ ਪ੍ਰਕਾਰ ਭਗਤ ਫਰੀਦ ਜੀ ਦੇ ਬਚਨ ਹਨ:- **ਫਰੀਦਾ ਮਨੁ ਮੈਦਾਨੁ ਕਰਿ ਟੋਏ ਟਿਬੇ ਲਾਹਿ॥** ਆਪਣੇ ਮਨ ਨੂੰ ਪਧਰਾ ਕਰਨ ਲਈ ਟੋਏ ਟਿਬੇ ਦੂਰ ਕਰ ਦੇ। ਪੱਧਰ ਜ਼ਮੀਨ ਹੀ ਉਪਜਾਊ ਹੋ ਸਕਦੀ ਹੈ। ਉਸੇ ਵਿਚ ਖਾਦ ਆਦਿ ਸੁਟ ਕੇ ਪਾਣੀ ਨਾਲ ਸਿੰਜ ਕੇ ਫਸਲ ਪ੍ਰਾਪਤ ਕੀਤੀ ਜਾ ਸਕਦੀ ਹੈ। ਜਦ ਕਦੇ ਰਬ ਦੀ ਮਿਹਰ ਰਾਹੀਂ ਮੀਂਹ ਪੈ ਜਾਵੇ ਤਾਂ ਸਾਰੇ ਖੇਤ ਹੀ ਭਰ ਜਾਂਦੇ ਹਨ। ਇਸੇ ਪ੍ਰਕਾਰ ਧੰਨ ਗੁਰੂ ਅਰਜਨ ਦੇਵ ਜੀ ਭਗਤ ਫਰੀਦ ਜੀ ਦੀ ਵੀਚਾਰ ਦਾ ਖੁਲਾਸਾ ਕਰਦਿਆਂ ਹੋਇਆਂ ਆਖਦੇ ਹਨ।

**ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ॥**
**ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ॥**

ਸਤਿਗੁਰੂ ਜੀ ਆਖਦੇ ਹਨ ਕਿ ਫਰੀਦ ਜੀ ਦੁਨੀਆਂ ਨੂੰ ਪੈਦਾ ਕਰਨ ਵਾਲਾ ਪ੍ਰਮਾਤਮਾ ਸਾਰੀ ਦੁਨੀਆਂ ਵਿਚ ਮੌਜੂਦ ਹੈ। ਖਲਕਤ ਪ੍ਰਭੂ ਵਿਚ ਵਸ ਰਹੀ ਹੈ। ਜਦੋਂ ਕੋਈ ਵੀ ਥਾਂ ਪ੍ਰਮਾਤਮਾ ਤੋਂ ਬਗੈਰ ਨਹੀ ਹੈ। ਤਾਂ ਕਿਸ ਜੀਵ ਨੂੰ ਭੈੜਾ ਕਿਹਾ ਜਾਵੇ ਭਾਵ ਕੋਈ ਵੀ ਮਾੜਾ ਨਹੀ ਹੈ। ਇਥੇ ਨੋਟ ਕਰਨ ਵਾਲੀ ਵੀਚਾਰ ਇਹ ਹੈ ਕਿ ਜਦੋਂ ਕੋਈ ਮਨੁਖ ਕਿਸੇ ਦੂਜੇ ਨੂੰ ਮਾੜਾ ਆਖਦਾ ਹੈ। ਤਾਂ ਉਸ ਦੇ ਮਨ ਵਿਚ ਆਪਣੇ ਆਪ ਲਈ ਚੰਗੇ ਗੁਣਾ ਦਾ ਅਹੰਕਾਰ ਉਪਜ ਪੈਂਦਾ ਹੈ। ਜਿਨ੍ਹਾਂ ਨੂੰ ਨੀਵੇਂ ਜਾਂ ਮਾੜੇ ਆਖਦਾ ਹੈ। ਉਹਨਾਂ ਦੇ ਮਨ ਵਿਚ ਅਹੰਕਾਰੀ ਪ੍ਰਤੀ ਨਫਰਤ ਪੈਦਾ ਹੋ ਜਾਂਦੀ ਹੈ। ਇਸ ਤਰ੍ਹਾਂ ਨਾਲ ਦੋਨਾਂ ਵਿਚ ਵੈਰ ਅਤੇ ਨਫਰਤ ਦੀ ਅਗ ਮੱਚ ਉਠਦੀ ਹੈ। ਅੱਜ ਜਦੋਂ ਅਸੀਂ ਸਮਾਜ ਨੂੰ ਵੇਖਦੇ ਹਾਂ ਇਹ ਵਰਤਾਰਾ ਪ੍ਰਤੱਖ ਨਜ਼ਰ ਆਉਂਦਾ ਹੈ। ਜਿਨ੍ਹਾਂ ਨੇ ਪ੍ਰਮਾਤਮਾ ਨੂੰ ਸਭ ਵਿਚ ਵੇਖਣ ਵਾਲੀ ਅੱਖ ਸਤਿਗੁਰੂ ਜੀ ਤੋਂ ਹਾਸਲ ਕਰ ਲਈ ਹੈ। ਉਹ ਇਸ ਅੱਗ ਤੋਂ ਬਚ ਕੇ ਜੀਵਨ ਦੇ ਟਿਬੇ ਨੂੰ ਪਧਰਾ ਕਰਕੇ ਸਤਿਗੁਰੂ ਜੀ ਦੇ ਚਰਨਾਂ ਦਾ ਪ੍ਰੇਮ ਜਲ ਪਾ ਕੇ ਨਾਮ ਦਾ ਬੀਜ ਬੀਜਣ ਵਾਲੇ ਬਣ ਜਾਂਦੇ ਹਨ। ਐਸਾ ਹੀ ਗੁਰਸਿਖ ਪਰਿਵਾਰ ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਕਿਰਪਾ ਦਾ ਪਾਤਰ ਇਸ ਟਿਬੇ ਪਿੰਡ ਵਿਚ ਵਸਦਾ ਸੀ। ਜਿਸ ਪਰਿਵਾਰ ਵਿਚ ਸਤਿਕਾਰ ਯੋਗ ਬਾਬਾ ਘਮੰਡ ਸਿੰਘ ਜੀ ਦਾ ਜਨਮ ਹੋਇਆ। ਬਾਬਾ ਘਮੰਡ ਸਿੰਘ ਜੀ ਦੇ ਦੋ ਹੋਰ ਭਰਾ ਸਨ। ਜਿਨ੍ਹਾਂ ਵਿਚੋਂ ਬਾਬਾ ਰਾਮ ਸਿੰਘ ਜੀ ਤਾਂ ਮਾਨਵਤਾ ਦੀ ਸੇਵਾ ਵਾਸਤੇ ਵੈਦਕ ਵਿਦਿਆ ਸਿਖ ਕੇ ਸਾਰੀ ਉਮਰ ਸੇਵਾ ਕਰਦੇ ਰਹੇ ਸਨ। ਵੈਦ ਜੀ ਨੇ ਹੀ ਨਗਰ ਵਿਚ ਆਪਣੇ ਹਥੀਂ ਗੁਰੂ ਘਰ ਦੀ ਸੇਵਾ ਕਰਵਾਈ। ਪਰਿਵਾਰ ਵਿਚੋਂ ਸਿੱਖੀ ਦੀ ਲਗਨ ਸਦਕਾ ਧਰਮੀ ਜੀਵਨ ਹੋਣ ਕਾਰਨ ਮਨ ਦੀ ਭਾਵਨਾ ਗੁਰੂ ਚਰਨਾਂ ਦੇ ਪ੍ਰੇਮ ਵਾਲੀ ਸੀ। ਜਦੋਂ ਬਾਬਾ ਘਮੰਡ ਸਿੰਘ ਜੀ ਵਿਆਹ ਯੋਗ ਹੋਏ ਤਦੋਂ ਇਨਾਂ ਦਾ ਵਿਵਾਹ ਬੀਬੀ ਰਾਮ ਕੌਰ ਜੀ ਨਾਲ ਹੋਇਆ।

ਆਪ ਜੀ ਦੇ ਘਰ ਸੰਤ ਬਾਬਾ ਅਮਰ ਸਿੰਘ ਜੀ ਦਾ ਜਨਮ ਸੰਨ ੧੯੧੯ ਵਿਚ ਹੋਇਆ। ਜਿਸ ਵਕਤ ਜਲਿਆਂ ਵਾਲੇ ਬਾਗ ਦਾ ਸਾਕਾ ਹੋਇਆ। ਛੋਟੀ ਅਵਸਥਾ ਵਿਚ ਹੀ ਆਪ ਜੀ ਦੇ ਮਾਤਾ ਜੀ ਅਕਾਲ ਚਲਾਣਾ ਕਰ ਗਏ ਸਨ। ਇਨ੍ਹਾਂ ਦੀ ਭੈਣ ਜੀ ਪਿੰਡ ਮੋਰਾਂਵਾਲੀ ਵਿਖੇ ਵਿਆਹੀ ਹੋਈ ਸੀ। ਆਪ ਜੀ ਦੀ ਪਾਲਣਾ ਵੱਡੀ ਭੈਣ ਜੀ ਨੇ ਕੀਤੀ। ਜਦੋਂ ਥੋੜ੍ਹੀ ਜਿਹੀ ਹੋਸ਼ ਸੰਭਲੀ ਤਦੋਂ ਸੰਤ ਬਾਬਾ ਅਮਰ ਸਿੰਘ ਜੀ ਆਪਣੇ ਚਾਚਾ ਸੰਤ ਰਾਮ ਸਿੰਘ ਜੀ ਪਾਸ ਪਿੰਡ ਟਿਬੇ ਹੀ ਆ ਗਏ ਸਨ। ਜੋ ਬਹੁਤ ਹੀ ਉਘੇ ਵੈਦ ਸਨ। ਇਲਾਕੇ ਵਿਚ ਉਨ੍ਹਾਂ ਦਾ ਬਹੁਤ ਨਾਮ ਸੀ। ਪਰਿਵਾਰ ਕੋਲ ਜ਼ਮੀਨ ਵੀ ੧੦੦ ਵਿਘੇ ਦੇ ਕਰੀਬ ਸੀ। ਵੈਦ ਜੀ ਮਰੀਜ਼ਾਂ ਦੀ ਸੇਵਾ ਵਾਸਤੇ ੨੦-੨੫ ਸਿੰਘ ਨਾਲ ਰਖਦੇ ਸਨ। ਜੇ ਲੋੜ ਹੁੰਦੀ ਮਰੀਜ਼ ਨੂੰ ਆਪਣੇ ਪਾਸ ਰੱਖ ਕੇ ਵੀ ਇਲਾਜ ਕਰਦੇ ਸਨ। ਮਰੀਜ਼ਾਂ ਦੇ ਖਾਣ ਪੀਣ ਦਾ ਪ੍ਰਬੰਧ ਆਪਣੇ ਪਾਸੋਂ ਕਰਦੇ ਸਨ। ਸੰਤ ਬਾਬਾ ਅਮਰ ਸਿੰਘ ਜੀ ਵੀ ਉਨ੍ਹਾਂ ਮਰੀਜ਼ਾਂ ਦੇ ਲੰਗਰ ਪਾਣੀ ਦੀ ਸੇਵਾ ਬਹੁਤ ਹੀ ਭਾਵਨਾ ਨਾਲ ਕਰਦੇ ਸਨ। ਸਵੇਰ ਵਖਤ ਸਭ ਤੋਂ ਪਹਿਲਾਂ ਇਸ਼ਨਾਨ ਕਰਕੇ ਜਿੰਨਾਂ ਹੋ ਸਕੇ ਨਿਤਨੇਮ ਕਰਨਾ ਫਿਰ ਸੇਵਾ

ਵਿਚ ਜੁੜ ਜਾਣਾ, ਵੈਦ ਜੀ ਲਈ ਚਾਹ, ਮਰੀਜ਼ਾਂ ਲਈ ਦਲੀਆ ਖਿਚੜੀ ਆਦਿ ਤਿਆਰ ਕਰਨੀ। ਸੰਤ ਬਾਬਾ ਰਾਮ ਸਿੰਘ ਜੀ ਦਵਾਈ ਬੂਟੀ ਬਹੁਤ ਪ੍ਰੇਮ ਸਹਿਤ ਕਰਦੇ ਸਨ। ਬਹੁਤ ਦੂਰ ਦੂਰ ਤੋਂ ਲੋਕੀਂ ਆਉਂਦੇ ਸਨ; ਇਹਨਾਂ ਦੀ ਵੈਦਿਕ ਕੰਨਸੋਂ ਬਹੁਤ ਦੂਰ ਤੱਕ ਫੈਲੀ ਹੋਈ ਸੀ। ਬਹੁਤ ਸਾਰੇ ਮਹਾਂਪੁਰਖ ਆਪ ਜੀ ਪਾਸ ਆਉਂਦੇ ਸਨ। ਆਪ ਜੀ ਸਮੇਂ-ਸਮੇਂ ਮਹਾਂਪੁਰਖਾਂ ਨਾਲ ਮਿਲਾਪ ਕਰਦੇ ਰਹਿੰਦੇ ਸਨ। ਸੰਤ ਬਾਬਾ ਅਮਰ ਸਿੰਘ ਜੀ ਨੂੰ ਨਿਤਨੇਮ ਦੀ ਸੰਥਿਆ ਸੰਤ ਬਾਬਾ ਰਾਮ ਸਿੰਘ ਜੀ ਨੇ ਆਪ ਕਰਵਾ ਦਿੱਤੀ ਸੀ। ਮਨੁੱਖੀ ਜੀਵਨ ਦਾ ਮੁਖ ਕੰਮ ਪ੍ਰਮਾਤਮਾ ਦੀ ਪ੍ਰਾਪਤੀ ਹੈ। ਇਸ ਰਸਤੇ ਉਪਰ ਚਲਣ ਦੀ ਜਾਚ ਅਸਾਨੂੰ ਉਦੋਂ ਆਉਣੀ ਸ਼ੁਰੂ ਹੁੰਦੀ ਹੈ। ਜਦੋਂ ਕੋਈ ਗੁਰੂ ਪਿਆਰਾ ਅਸਾਡੀ ਲਗਨ ਪ੍ਰਗਟ ਕਰਨ ਲਈ ਆਪਣੀ ਜ਼ਿਮੇਵਾਰੀ ਸਮਝ ਲਏ। ਜਨਮ ਤੋਂ ਹਰ ਇਨਸਾਨ ਇਕ ਸਾਫ ਪਾਣੀ ਵਾਂਗ ਹੁੰਦਾ ਹੈ। ਪਾਣੀ ਵਿਚ ਜਿਸ ਪ੍ਰਕਾਰ ਦਾ ਰੰਗ ਪਾ ਦਈਏ, ਉਸ ਤਰ੍ਹਾਂ ਦਾ ਰੰਗ ਪ੍ਰਗਟ ਕਰ ਦਿੰਦਾ ਹੈ। ਇਸੇ ਪ੍ਰਕਾਰ ਸੰਗਤ ਦਾ ਅਸਰ ਹੁੰਦਾ ਹੈ। ਸਤਿਗੁਰੂ ਜੀ ਦਾ ਕਥਨ ਹੈ:-

**ਜੋ ਜੈਸੀ ਸੰਗਤ ਮਿਲੈ ਸੋ ਤੈਸੋ ਫਲ ਖਾਇ॥**
**( ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੧੩੬੯)**

ਗੁਰੂ ਘਰ ਦੇ ਮਹਾਨ ਵਿਆਖਿਆਕਾਰ ਭਾਈ ਸਾਹਿਬ ਗੁਰਦਾਸ ਜੀ ਆਪਣੀ ਰਚਨਾ ਵਿਚ ਕਥਨ ਕਰਦੇ ਹਨ:

**ਕਾਹੂ ਦਸਾਕੇ ਪਵਨ ਗਵਨ ਕੈ ਬਰਖਾ ਹੈ,**
**ਕਾਹੂ ਦਸਾਕੇ ਪਵਨ ਬਾਦਰ ਬਿਲਾਤ ਹੈ।**
**ਕਾਹੂ ਜਲ ਪਾਨ ਕੀਏ ਰਹਤ ਅਰੋਗ ਦੇਹੀ,**
**ਕਾਹੂ ਜਲ ਪਾਨ ਬਿਆਪੇ ਬ੍ਰਿਥਾ ਬਿਲਲਾਤ ਹੈ।**
**ਕਾਹੂ ਗ੍ਰਿਹ ਕੀ ਅਗਨਿ ਪਾਕ ਸਾਕ ਸਿਧਿ ਕਰੈ,**
**ਕਾਹੂ ਗ੍ਰਿਹ ਕੀ ਅਗਨਿ ਭਵਨੁ ਜਰਾਤ ਹੈ ।**
**ਕਾਹੂ ਕੀ ਸੰਗਤ ਮਿਲਿ ਜੀਵਨ ਮੁਕਤਿ ਹੁਇ,**
**ਕਾਹੂ ਕੀ ਸੰਗਤਿ ਮਿਲਿ ਜਮੁਪੁਰਿ ਜਾਤ ਹੈ॥**

ਜਿਸ ਪ੍ਰਕਾਰ ਕਿਸੇ ਦਿਸ਼ਾ ਦੀ ਹਵਾ (ਜਿਵੇਂ ਪੂਰਬ ਵੱਲੋਂ ਜਿਸ ਨੂੰ ਜ਼ਿਮੀਦਾਰ ਲੋਕ ਪੁਰਾ ਆਖਦੇ ਹਨ) ਚਲਣ ਲਗ ਪਵੇ ਤਾਂ ਅਨੁਮਾਨ ਲਗਾ ਲਿਆ ਜਾਂਦਾ ਹੈ ਕਿ ਮੀਂਹ ਆ ਜਾਵੇਗਾ। ਬਦਲ ਪੂਰੀ ਤਰ੍ਹਾਂ ਨਾਲ ਅਕਾਸ਼ ਵਿਚ ਛਾਏ ਹੋਣ ਇਕ ਵਿਸ਼ੇਸ ਢੰਗ ਨਾਲ ਵਿਸ਼ੇਸ਼ ਦਿਸ਼ਾ ਵਿਚ ਹਵਾ ਚਲ ਪਵੇ ਤਦੋਂ ਅਨੁਭਵ ਕਰ ਲਿਆ ਜਾਂਦਾ ਹੈ ਕਿ ਬਦਲ ਚਲੇ ਜਾਣਗੇ। ਦੂਜਾ ਦ੍ਰਿਸ਼ਟਾਂਤ ਦਿੰਦਿਆ ਆਖਦੇ ਹਨ ਕਿ ਕਿਸੇ ਥਾਂ ਦਾ ਖਾਸ ਪਾਣੀ ਪੀਣ ਨਾਲ ਸਰੀਰ ਅਰੋਗ ਹੋ ਜਾਂਦਾ ਹੈ। ਅਤੇ ਕਿਸੇ ਥਾਂ ਦਾ ਪਾਣੀ (ਜਿਵੇਂ ਸਮੁੰਦਰ ਦਾ) ਪੀਣ ਨਾਲ ਸਰੀਰ ਰੋਗੀ ਹੋ ਜਾਂਦਾ ਹੈ। ਕਿਤੇ ਘਰ ਦੇ ਚੁੱਲੇ ਵਿਚ ਜਗਦੀ ਅੱਗ ਰਸੋਈ ਦੀ ਸਬਜ਼ੀ ਰੋਟੀ ਆਦਿਕ ਤਿਆਰ ਕਰਦੀ ਹੈ, ਕਿਤੇ ਇਹੀ ਅੱਗ ਲਾਪਰਵਾਹੀ ਸਦਕਾ ਘਰਾਂ ਦੇ ਘਰ ਸਾੜ ਸੁਟਦੀ ਹੈ। ਇਸੇ ਪ੍ਰਕਾਰ ਕਿਸੇ ਵਡਭਾਗੇ

ਦੀ ਸੰਗਤ ਜੀਵਨ ਮੁਕਤੀ ਦੇ ਰਸਤੇ ਉਪਰ ਚਲਾ ਕੇ ਜ਼ਿੰਦਗੀ ਸਫਲ ਕਰ ਦਿੰਦੀ ਹੈ। ਕਿਸੇ ਧਰਮ ਤੋਂ ਡਿਗੇ ਦੀ ਸੰਗਤ ਨਰਕਾਂ ਵੱਲ ਤੋਰ ਦਿੰਦੀ ਹੈ। ਇਸੇ ਵਾਸਤੇ ਸਾਨੂੰ ਇਸ ਦੀ ਸਮਝ ਬਖਸ਼ਣ ਲਈ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਾਰ-ਵਾਰ ਆਖਦੀ ਹੈ। ਕਿ ਐ ਇਨਸਾਨ! ਇਹ ਮਨੁੱਖੀ ਸਰੀਰ ਤੈਨੂੰ ਕਰਮ ਕਰਨ ਲਈ ਇਕ ਧਰਤੀ ਵਾਂਗ ਹਾਸਲ ਹੋਇਆ ਹੈ। ਇਤਨਾ ਖਿਆਲ ਜ਼ਰੂਰ ਰੱਖੀ, ਜਿਸ ਪ੍ਰਕਾਰ ਦਾ ਬੀਜ ਇਸ ਮਨੁੱਖੀ ਸਰੀਰ ਰੂਪੀ ਖੇਤ ਵਿਚ ਬੀਜ ਦਿੱਤਾ ਉਸ ਨੂੰ ਹੀ ਕੱਟਣਾ ਪਵੇਗਾ। ਇਸੇ ਲਈ ਭਾਈ ਗੁਰਦਾਸ ਜੀ ਨੇ ਤੁਲਨਾਤਮਿਕ ਢੰਗ ਨਾਲ ਸਮਝਾਉਂਦਿਆਂ ਹੋਇਆਂ ਅੰਕਿਤ ਕੀਤਾ ਹੈ। ਕਿ ਖਿਆਲ ਰੱਖੀਂ ਜਿਥੇ ਪਹਿਲੀ ਵਾਰ ਦਾ ਪਾਣੀ ਵਿਚ ਪਾਇਆ ਰੰਗ ਜਿੰਨੀ ਛੇਤੀ ਰੰਗਤ ਦਿਖਾ ਦਿੰਦਾ ਹੈ। ਰਬ ਨਾ ਕਰੇ! ਜਿਸ ਮੰਦੀ ਪ੍ਰਵਿਰਤੀ ਦਾ ਰੰਗ ਪਾ ਦਿੱਤਾ ਜਾਵੇ, ਦੁਬਾਰਾ ਹੋਰ ਚੰਗਾ ਰੰਗ ਚਾੜਨ ਲਈ ਮੁੜਕੇ ਲੰਬਾ ਚਕਰ ਪੈ ਜਾਂਦਾ ਹੈ। ਜੇਕਰ ਕਿਸੇ ਪ੍ਰਭੂ ਪਿਆਰੇ ਦਾ ਮਿਲਾਪ ਹੋ ਜਾਵੇ ਜ਼ਿੰਦਗੀ ਦਾ ਸਫਰ ਸੌਖਾ ਪ੍ਰਮਾਰਥ ਵਲ ਚਲ ਪੈਂਦਾ ਹੈ। ਪੂਰਬਲੇ ਚੰਗੇ ਕਰਮਾਂ ਦੀ ਕਮਾਈ ਸਦਕਾ ਆਪ ਜੀ ਦੀ ਧਰਮ ਦੇ ਕਾਰਜਾਂ ਪ੍ਰਤੀ ਲਗਨ ਵੇਖ ਕੇ ਸੰਤ ਰਾਮ ਸਿੰਘ ਜੀ ਨੇ ਆਪ ਜੀ ਨੂੰ ਅਗਾਂਹ ਧਰਮ ਦੀ ਸੁਚੱਜੀ ਵਿਦਿਆ ਪ੍ਰਾਪਤ ਕਰਨ ਲਈ ਆਪ ਜੀ ਨੂੰ ਪਿੰਡ ਮਹਿਲ ਕਲਾਂ ਵਿਖੇ ਉਦਾਸੀ ਮਹਾਂਪੁਰਖਾਂ ਪਾਸ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਕਰਨ ਲਈ ਭੇਜ ਦਿੱਤਾ। ਜਿਸ ਸਦਕਾ ਜੀਵਨ ਸਦਾਚਾਰਕ ਅਧਿਆਤਮਕ ਪ੍ਰਮਾਰਥਕ ਬਣ ਜਾਏ। ਆਪ ਜੀ ਦੇ ਧੁਰ ਅੰਦਰ ਵੀ ਇਹ ਲਗਨ ਦ੍ਰਿੜ ਹੋ ਗਈ ਸੀ ਕਿ ਸੰਸਾਰ ਵਿਚ ਜੇ ਅਸਲੀਅਤ ਕੁਝ ਹੈ ਤਾਂ 'ਵਿਚ ਦੁਨੀਆ ਸੇਵ ਕਮਾਈਐ' ਹੀ ਹੈ। ਆਪਣੇ ਚਾਚਾ ਜੀ ਪਾਸ ਰਹਿੰਦਿਆ ਮਰੀਜ਼ਾਂ ਦੀ ਸੱਚੇ-ਸੁੱਚੇ ਮਨ ਨਾਲ ਸੇਵਾ ਕਰਦਿਆਂ ਸੇਵਾ ਦਾ ਪ੍ਰਭਾਵ ਜ਼ਿੰਦਗੀ ਉਪਰ ਅਮਿਟ ਛਾਪ ਛਡ ਗਿਆ ਜਿਸ ਸਦਕਾ ਬਾਬਾ ਅਮਰ ਸਿੰਘ ਜੀ ਦਾ ਮਨ ਸੰਸਾਰ ਦੇ ਝਮੇਲਿਆਂ ਤੋਂ ਬਹੁਤ ਦੂਰ ਰਹਿਣਾ ਹੀ ਪਸੰਦ ਕਰਨ ਲਗ ਪਿਆ ਸੀ। ਜਿਵੇਂ ਦਇਆ ਨਾਲ ਲਬਰੇਜ਼ ਰੈਬਾਂ ਨਾਮ ਦੀ ਵਡਭਾਗਣ ਨੇ ਦੁਖੀ ਕੁੱਤੀ ਤੇ ਉਸ ਦੇ ਬੱਚਿਆਂ ਦੀ ਪਿਆਸ ਬੁਝਾਈ ਤਾਂ ਸੱਠ ਮੀਲ ਦੀ ਦੂਰੀ ਤੇ ਜਿਵੇਂ ਮੱਕਾ ਉਸ ਨੂੰ ਹੱਜ ਕਰਵਾਉਣ ਆਇਆ ਉਸ ਘਟਨਾ ਨੂੰ ਕਿਸੇ ਭਾਵਨਾ ਵਾਲੇ ਨੇ ਬਹੁਤ ਹੀ ਸੁੰਦਰ ਲਫਜ਼ਾਂ ਵਿਚ ਅੰਕਿਤ ਕੀਤਾ ਹੈ:-

**ਸਿਰ ਦੀ ਸੋਭ ਉਤਾਰ ਕੇ ਚੀਨਓ ਆਤਮ ਰਾਮ॥**
**ਸਾਠ ਕੋਸ ਮਕਾ ਮਿਲਿਓ ਦੇਖ ਦਇਆ ਕੇ ਕਾਮ॥**

ਬਾਬਾ ਅਮਰ ਸਿੰਘ ਜੀ ਨੇ ਆਪਣੇ ਉਸਤਾਦਾਂ ਦੇ ਮਰਾਤਬੇ ਤੇ ਚਾਚਾ ਰਾਮ ਸਿੰਘ ਦੇ ਹੁਕਮ ਦੀ ਤਾਮੀਲ ਕਰਦਿਆਂ ਦੁਖੀਆਂ ਤੇ ਮਰੀਜ਼ਾਂ ਦੀ ਸੇਵਾ ਕੀਤੀ। ਸੇਵਾ ਦੇ ਫਲ ਸਦਕਾ ਮਨ ਹਰ ਵਖਤ ਸਿਮਰਨ ਦੀ ਤਾਂਘ ਵਾਲਾ ਬਣ ਗਿਆ ਸੀ। ਉਦਾਸੀ ਸੰਤਾਂ ਪਾਸ ਦੋ ਸਾਲ ਰਹਿ ਕੇ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਸੰਪੂਰਨ ਕੀਤੀ। ਨਾਲੋ-ਨਾਲ ਸੇਵਾ ਸਿਮਰਨ ਵੀ ਜਾਰੀ ਰੱਖਿਆ। ਸੰਥਿਆ ਸੰਪੂਰਨ ਹੋਣ ਉਪਰੰਤ ਆਪ ਜੀ ਮਹਾਂਪੁਰਖਾਂ ਦੀ ਖੁਸ਼ੀ ਹਾਸਲ ਕਰਕੇ ਵਾਪਸ ਆਪਣੇ ਨਗਰ ਚਾਚਾ ਰਾਮ ਸਿੰਘ ਜੀ ਪਾਸ ਆ ਗਏ ਸਨ।

ਆਪ ਜੀ ਦਾ ਜੀਵਨ ਸਾਧੂਆਂ ਵਾਲੀ ਬ੍ਰਿਤੀ ਵਿਚ ਰੰਗਿਆ ਵੇਖ ਕੇ ਵੈਦ ਜੀ ਨੂੰ ਬਹੁਤ

ਦੀ ਸੰਗਤ ਜੀਵਨ ਮੁਕਤੀ ਦੇ ਰਸਤੇ ਉਪਰ ਚਲਾ ਕੇ ਜ਼ਿੰਦਗੀ ਸਫਲ ਕਰ ਦਿੰਦੀ ਹੈ। ਕਿਸੇ ਧਰਮ ਤੋਂ ਡਿਗੇ ਦੀ ਸੰਗਤ ਨਰਕਾਂ ਵੱਲ ਤੋਰ ਦਿੰਦੀ ਹੈ। ਇਸੇ ਵਾਸਤੇ ਸਾਨੂੰ ਇਸ ਦੀ ਸਮਝ ਬਖਸ਼ਣ ਲਈ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਾਰ-ਵਾਰ ਆਖਦੀ ਹੈ। ਕਿ ਐ ਇਨਸਾਨ! ਇਹ ਮਨੁੱਖੀ ਸਰੀਰ ਤੈਨੂੰ ਕਰਮ ਕਰਨ ਲਈ ਇਕ ਧਰਤੀ ਵਾਂਗ ਹਾਸਲ ਹੋਇਆ ਹੈ। ਇਤਨਾ ਖਿਆਲ ਜ਼ਰੂਰ ਰੱਖੀ, ਜਿਸ ਪ੍ਰਕਾਰ ਦਾ ਬੀਜ ਇਸ ਮਨੁੱਖੀ ਸਰੀਰ ਰੂਪੀ ਖੇਤ ਵਿਚ ਬੀਜ ਦਿੱਤਾ ਉਸ ਨੂੰ ਹੀ ਕੱਟਣਾ ਪਵੇਗਾ। ਇਸੇ ਲਈ ਭਾਈ ਗੁਰਦਾਸ ਜੀ ਨੇ ਤੁਲਨਾਤਮਿਕ ਢੰਗ ਨਾਲ ਸਮਝਾਉਂਦਿਆਂ ਹੋਇਆਂ ਅੰਕਿਤ ਕੀਤਾ ਹੈ। ਕਿ ਖਿਆਲ ਰੱਖੀਂ ਜਿਥੇ ਪਹਿਲੀ ਵਾਰ ਦਾ ਪਾਣੀ ਵਿਚ ਪਾਇਆ ਰੰਗ ਜਿੰਨੀ ਛੇਤੀ ਰੰਗਤ ਦਿਖਾ ਦਿੰਦਾ ਹੈ। ਰਬ ਨਾ ਕਰੇ! ਜਿਸ ਮੰਦੀ ਪ੍ਰਵਿਰਤੀ ਦਾ ਰੰਗ ਪਾ ਦਿੱਤਾ ਜਾਵੇ, ਦੁਬਾਰਾ ਹੋਰ ਚੰਗਾ ਰੰਗ ਚਾੜਨ ਲਈ ਮੁੜਕੇ ਲੰਬਾ ਚਕਰ ਪੈ ਜਾਂਦਾ ਹੈ। ਜੇਕਰ ਕਿਸੇ ਪ੍ਰਭੂ ਪਿਆਰੇ ਦਾ ਮਿਲਾਪ ਹੋ ਜਾਵੇ ਜ਼ਿੰਦਗੀ ਦਾ ਸਫਰ ਸੌਖਾ ਪ੍ਰਮਾਰਥ ਵਲ ਚਲ ਪੈਂਦਾ ਹੈ। ਪੂਰਬਲੇ ਚੰਗੇ ਕਰਮਾਂ ਦੀ ਕਮਾਈ ਸਦਕਾ ਆਪ ਜੀ ਦੀ ਧਰਮ ਦੇ ਕਾਰਜਾਂ ਪ੍ਰਤੀ ਲਗਨ ਵੇਖ ਕੇ ਸੰਤ ਰਾਮ ਸਿੰਘ ਜੀ ਨੇ ਆਪ ਜੀ ਨੂੰ ਅਗਾਂਹ ਧਰਮ ਦੀ ਸੁਚੱਜੀ ਵਿਦਿਆ ਪ੍ਰਾਪਤ ਕਰਨ ਲਈ ਆਪ ਜੀ ਨੂੰ ਪਿੰਡ ਮਹਿਲ ਕਲਾਂ ਵਿਖੇ ਉਦਾਸੀ ਮਹਾਂਪੁਰਖਾਂ ਪਾਸ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਕਰਨ ਲਈ ਭੇਜ ਦਿੱਤਾ। ਜਿਸ ਸਦਕਾ ਜੀਵਨ ਸਦਾਚਾਰਕ ਅਧਿਆਤਮਕ ਪ੍ਰਮਾਰਥਕ ਬਣ ਜਾਏ। ਆਪ ਜੀ ਦੇ ਧੁਰ ਅੰਦਰ ਵੀ ਇਹ ਲਗਨ ਦ੍ਰਿੜ ਹੋ ਗਈ ਸੀ ਕਿ ਸੰਸਾਰ ਵਿਚ ਜੇ ਅਸਲੀਅਤ ਕੁਝ ਹੈ ਤਾਂ **'ਵਿਚ ਦੁਨੀਆ ਸੇਵ ਕਮਾਈਐ'** ਹੀ ਹੈ। ਆਪਣੇ ਚਾਚਾ ਜੀ ਪਾਸ ਰਹਿੰਦਿਆ ਮਰੀਜ਼ਾਂ ਦੀ ਸੱਚੇ-ਸੁੱਚੇ ਮਨ ਨਾਲ ਸੇਵਾ ਕਰਦਿਆਂ ਸੇਵਾ ਦਾ ਪ੍ਰਭਾਵ ਜ਼ਿੰਦਗੀ ਉਪਰ ਅਮਿਟ ਛਾਪ ਛਡ ਗਿਆ ਜਿਸ ਸਦਕਾ ਬਾਬਾ ਅਮਰ ਸਿੰਘ ਜੀ ਦਾ ਮਨ ਸੰਸਾਰ ਦੇ ਝਮੇਲਿਆਂ ਤੋਂ ਬਹੁਤ ਦੂਰ ਰਹਿਣਾ ਹੀ ਪਸੰਦ ਕਰਨ ਲਗ ਪਿਆ ਸੀ। ਜਿਵੇਂ ਦਇਆ ਨਾਲ ਲਬਰੇਜ਼ ਰੈਬਾਂ ਨਾਮ ਦੀ ਵਡਭਾਗਣ ਨੇ ਦੁਖੀ ਕੁੱਤੀ ਤੇ ਉਸ ਦੇ ਬੱਚਿਆਂ ਦੀ ਪਿਆਸ ਬੁਝਾਈ ਤਾਂ ਸੱਠ ਮੀਲ ਦੀ ਦੂਰੀ ਤੇ ਜਿਵੇਂ ਮੱਕਾ ਉਸ ਨੂੰ ਹੱਜ ਕਰਵਾਉਣ ਆਇਆ ਉਸ ਘਟਨਾ ਨੂੰ ਕਿਸੇ ਭਾਵਨਾ ਵਾਲੇ ਨੇ ਬਹੁਤ ਹੀ ਸੁੰਦਰ ਲਫਜ਼ਾਂ ਵਿਚ ਅੰਕਿਤ ਕੀਤਾ ਹੈ:-

**ਸਿਰ ਦੀ ਸੋਭ ਉਤਾਰ ਕੇ ਚੀਨਓ ਆਤਮ ਰਾਮ॥**
**ਸਾਠ ਕੋਸ ਮਕਾ ਮਿਲਿਓ ਦੇਖ ਦਇਆ ਕੇ ਕਾਮ॥**

ਬਾਬਾ ਅਮਰ ਸਿੰਘ ਜੀ ਨੇ ਆਪਣੇ ਉਸਤਾਦਾਂ ਦੇ ਮਰਾਤਬੇ ਤੇ ਚਾਚਾ ਰਾਮ ਸਿੰਘ ਦੇ ਹੁਕਮ ਦੀ ਤਾਮੀਲ ਕਰਦਿਆਂ ਦੁਖੀਆਂ ਤੇ ਮਰੀਜ਼ਾਂ ਦੀ ਸੇਵਾ ਕੀਤੀ। ਸੇਵਾ ਦੇ ਫਲ ਸਦਕਾ ਮਨ ਹਰ ਵਖਤ ਸਿਮਰਨ ਦੀ ਤਾਂਘ ਵਾਲਾ ਬਣ ਗਿਆ ਸੀ। ਉਦਾਸੀ ਸੰਤਾਂ ਪਾਸ ਦੋ ਸਾਲ ਰਹਿ ਕੇ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਸੰਪੂਰਨ ਕੀਤੀ। ਨਾਲੋ-ਨਾਲ ਸੇਵਾ ਸਿਮਰਨ ਵੀ ਜਾਰੀ ਰੱਖਿਆ। ਸੰਥਿਆ ਸੰਪੂਰਨ ਹੋਣ ਉਪਰੰਤ ਆਪ ਜੀ ਮਹਾਂਪੁਰਖਾਂ ਦੀ ਖੁਸ਼ੀ ਹਾਸਲ ਕਰਕੇ ਵਾਪਸ ਆਪਣੇ ਨਗਰ ਚਾਚਾ ਰਾਮ ਸਿੰਘ ਜੀ ਪਾਸ ਆ ਗਏ ਸਨ।

ਆਪ ਜੀ ਦਾ ਜੀਵਨ ਸਾਧੂਆਂ ਵਾਲੀ ਬ੍ਰਿਤੀ ਵਿਚ ਰੰਗਿਆ ਵੇਖ ਕੇ ਵੈਦ ਜੀ ਨੂੰ ਬਹੁਤ

ਖੁਸ਼ੀ ਹੋਈ। ਆਪ ਜੀ ਨੇ ਅੰਮ੍ਰਿਤ ਵੇਲੇ ਉਠਣਾ, ਸੇਵਾ ਤੋਂ ਵਿਹਲ ਮਿਲਦਿਆਂ ਹੀ ਏਕਾਂਤ ਹੋ ਕੇ ਬਾਣੀ ਪੜ੍ਹਨੀ ਸ਼ੁਰੂ ਕਰ ਦੇਣੀ, ਬਾਣੀ ਇਤਨੀ ਮਿਠੀ ਸੁਰ ਨਾਲ ਪੜ੍ਹਨੀ ਮਾਨੋਂ ਸੁਨਣ ਵਾਲੇ ਦੇ ਕੰਨਾਂ ਵਿਚ ਅੰਮ੍ਰਿਤ ਝਰਨ ਲਗ ਪੈਂਦਾ ਸੀ। ਧੰਨ ਗੁਰੂ ਨਾਨਕ ਸਾਹਿਬ ਜੀ ਦੇ ਦਰਬਾਰ ਵਿਚ ਜ਼ਿੰਦਗੀ ਲੇਖੇ ਲਾਉਣ ਵਾਲਿਆਂ ਸਤ ਪੁਰਸ਼ਾਂ ਦੀ ਚਾਲ ਇਸ ਪ੍ਰਕਾਰ ਦੀ ਹੀ ਹੁੰਦੀ ਹੈ। ਭਾਵੇਂ ਕਿ ਸੰਸਾਰਿਕ ਜ਼ਿੰਦਗੀ ਜਿਉਂਣ ਵਾਲਿਆਂ ਨੂੰ ਇਹ ਜ਼ਿੰਦਗੀ ਦੀ ਚਾਲ ਪਸੰਦ ਨਹੀਂ ਆਉਂਦੀ। ਧੰਨ ਗੁਰੂ ਨਾਨਕ ਦੇਵ ਸਾਹਿਬ ਜੀ ਮਾਝ ਦੀ ਵਾਰ ਅੰਦਰ ਬਚਨ ਕਰਦੇ ਹਨ:

**ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥**

**(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੧੪੫)**

ਬੰਦਗੀ ਕਰਨ ਵਾਲਿਆਂ ਅਤੇ ਸੰਸਾਰੀ ਸੋਚ ਵਾਲਿਆਂ ਦਾ ਆਪਸ ਵਿਚ ਕਦੇ ਵੀ ਸੁਮੇਲ ਨਹੀ ਬਣਦਾ ਹੈ। ਧੰਨ ਗੁਰੂ ਅਮਰ ਦਾਸ ਜੀ ਅਨੰਦ ਸਾਹਿਬ ਅੰਦਰ ਇਸ ਅਸਲੀਅਤ ਦੇ ਰਹੱਸ ਨੂੰ ਸਮਝਾਉਂਦਿਆਂ ਹੋਇਆਂ ਫਰਮਾਉਂਦੇ ਹਨ।

**ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥**

**ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥ ਅਨੰਦ ਸਾਹਿਬ**

ਐ ਭਲਿਆ! ਇਹ ਚਾਲ ਇਸ ਲਈ ਹੀ ਕਠਨ ਹੈ ਕਿ ਇਸ ਰਸਤੇ ਉਪਰ ਚਲਣ ਲਈ ਲੋਭ, ਲਾਲਚ, ਹਉਮੈ ਅਤੇ ਤ੍ਰਿਸ਼ਨਾ ਆਦਿਕ ਜੀਵਨ ਦੇ ਵੈਰੀਆਂ ਦਾ ਸਾਥ ਛਡਣਾ ਪਵੇਗਾ। ਸੰਸਾਰੀ ਮਨੁੱਖ ਲਈ ਇਹ ਸਭ ਤੋਂ ਵੱਡਾ ਔਖਾ ਕੰਮ ਹੈ। ਦੂਜੇ ਪਾਸੇ ਨਿਰੰਕਾਰੀ ਗੁਰਮੁਖ ਲਈ ਇਹ ਸਹਿਜ ਹੈ। ਕਿਉਂਕਿ ਆਪਣੇ ਪਿਆਰੇ ਨੂੰ ਪ੍ਰਮਾਤਮਾ ਆਪਣੀ ਕਿਰਪਾ ਸਹਿਤ ਸੰਭਾਲਦਾ ਹੈ।

**ਭਗਤ ਜਨਾ ਕਉ ਰਾਖਦਾ ਆਪਣੀ ਕਿਰਪਾ ਧਾਰਿ ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੪੯)**

ਇਸ ਪ੍ਰਕਾਰ ਬਾਬਾ ਅਮਰ ਸਿੰਘ ਜੀ ਦੀ ਜ਼ਿੰਦਗੀ ਦਾ ਸਹਿਜ, ਸਾਦਗੀ, ਨਿਮਰਤਾ, ਸ਼ਾਂਤ ਸੁਭਾਅ, ਨੇਕ ਦਿਲ, ਸਭ ਦੇ ਭਲੇ ਦੀ ਸੋਚ ਵਾਲਾ ਢੰਗ ਵੇਖ ਕੇ ਸੰਤ ਰਾਮ ਸਿੰਘ ਜੀ ਵੈਦ ਨੇ ਨਿਸ਼ਚਾ ਕਰ ਲਿਆ ਕਿ ਬਾਬਾ ਅਮਰ ਸਿੰਘ ਨੂੰ ਕਿਸੇ ਉੱਚੇ-ਸੱਚੇ ਜੀਵਨ ਵਾਲੇ ਸੁਘੜ ਵਿਦਵਾਨ ਪਾਸ ਭੇਜਿਆ ਜਾਏ। ਕਾਫੀ ਸੋਚ ਵਿਚਾਰ ਤੋਂ ਬਾਅਦ ਉਨ੍ਹਾਂ ਦਾ ਧਿਆਨ ਵਖਤ ਦੇ ਮਹਾਨ ਵਿਦਵਾਨ, ਕਹਿਣੀ ਅਤੇ ਕਥਨੀ ਦੇ ਪੂਰੇ, ਵਿਦਿਆ ਮਾਰਤੰਡ, ਗਿਆਨ ਭੰਡਾਰ, ਪੰਥ ਦੀ ਸਿਰਮੌਰ ਹਸਤੀ, ਨਿਮਰਤਾ ਦੇ ਪੁੰਜ ਅਤੇ ਵਿਦਿਆਥੀਆਂ ਲਈ ਮਾਤਾ ਪਿਤਾ ਵਰਗਾ ਪਿਆਰ, ਸੁਘੜ ਉਸਤਾਦ ਵਰਗੀ ਤਾੜਨਾ ਨਾਲ ਗਿਆਨ ਦ੍ਰਿੜ ਕਰਵਾਉਣ ਵਾਲੀ ਯੂਨੀਵਰਸਿਟੀ ਵਰਗੇ ਗੁਣਾਂ ਨਾਲ ਭਰਪੂਰ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਵੱਲ ਸੇਧਿਤ ਹੋਇਆ। ਜਿਉਂ ਹੀ ਇਹ ਸੋਚ ਸੰਤ ਰਾਮ ਸਿੰਘ ਜੀ ਦੇ ਮਨ ਮੰਡਲ ਵਿਚ ਫੁਰੀ ਬਸ! ਤਦੋਂ ਹੀ ਤਿਆਰੀ ਅਰੰਭ ਦਿੱਤੀ। ਧੰਨ ਗੁਰੂ ਅਰਜਨ ਦੇਵ ਜੀ ਪਾਵਨ ਗੁਰਬਾਣੀ ਵਿਚ ਬਚਨ ਕਰਦੇ ਹਨ

**ਨਹ ਬਿਲੰਬ ਧਰਮੰ ਬਿਲੰਬ ਪਾਪੰ ॥ ( ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੧੩੫੪)**

ਕਿ ਧਰਮ ਦੇ ਕੰਮ ਕਰਨ ਵਿਚ ਦੇਰੀ ਨਹੀਂ ਕਰਨੀ ਚਾਹੀਦੀ ਹੈ। ਨੀਤੀਵਾਨਾਂ ਦਾ ਵੀ ਕਥਨ ਹੈ:

**ਪੁੱਤਰ ਸੌਂਪੀਐ ਤਗ ਕੋ ਤਉ ਹੋਵੈ ਬੁਧਿਵਾਨ॥**
**ਪੂਜ ਹੋਇ ਸਭ ਜਗਤ ਮੈ ਅਰ ਪਾਵੈ ਸਨਮਾਨ॥**
**ਮਾਤ ਪਿਤਾ ਸੋ ਸਤ੍ਰ ਹੈ ਪੁੱਤਰ ਪਢਾਵਤ ਨਾਹਿ॥**
**ਸੋਭ ਨ ਪਾਵਤ ਸਭਾ ਮਹਿ ਜਿਉ ਬਗ ਹੰਸਨ ਮਾਹਿ॥**

ਸਿਆਣੇ ਮਾਂ ਬਾਪ ਜਾਂ ਸਬੰਧੀ ਆਪਣੇ ਪੁੱਤਰ ਨੂੰ ਚੰਗੇ ਵਿਦਵਾਨ ਦੇ ਪਾਸ ਸੌਂਪ ਦਿੰਦੇ ਹਨ। ਤਾਂ ਕਿ ਉਹ ਚੰਗੇ ਜੀਵਨ ਵਾਲਾ ਬਣ ਕੇ ਆਪਣਾ ਅਤੇ ਸਮਾਜ ਦਾ ਭਲਾ ਕਰਨ ਵਾਲਾ ਬਣੇ। ਜਿਹੜਾ ਵਿਅਕਤੀ ਆਪਣੇ ਪੁੱਤਰ ਨੂੰ ਨਹੀਂ ਪੜ੍ਹਾਉਂਦਾ ਉਸ ਨੂੰ ਤਾਂ ਸ਼ਾਸਤ੍ਰਕਾਰਾਂ ਨੇ ਪੁੱਤਰ ਦਾ ਦੁਸ਼ਮਣ ਕਿਹਾ ਹੈ। ਵਿਦਿਆ ਹੀਣਾ ਮਨੁਖ ਸਭਾ ਵਿਚ ਸਤਿਕਾਰ ਨਹੀਂ ਪਾਉਂਦਾ। ਜਿਸ ਪ੍ਰਕਾਰ ਹੰਸਾਂ ਵਿਚ ਬੈਠਾ ਬਗਲਾ ਸੋਭਾ ਨਹੀਂ ਪਾਉਂਦਾ। ਸੰਤ ਬਾਬਾ ਰਾਮ ਸਿੰਘ ਨੇ ਸੰਤ ਬਾਬਾ ਅਮਰ ਸਿੰਘ ਨੂੰ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਪਾਸ ਵਿਦਿਆ ਪੜ੍ਹਨ ਲਈ ਆਪ ਆ ਕੇ ਸੌਂਪ ਦਿੱਤਾ। ਮਹਾਂਪੁਰਖਾਂ ਨੇ ਸਭ ਤੋਂ ਪਹਿਲਾਂ ਪਿਆਰ ਨਾਲ ਟਕਸਾਲ ਦੀ ਰਹਿਤ ਦੱਸੀ। ਅੰਮ੍ਰਿਤ ਵੇਲੇ ਦਾ ਜਾਗਣਾ, ਪੰਜ ਬਾਣੀਆਂ ਸੁਧ ਬਾਣੀ ਉਚਾਰਨ ਸਹਿਤ ਕੰਠ ਹੋਣ, ਸਾਰੇ ਵਿਦਿਆਰਥੀਆਂ ਨਾਲ ਪ੍ਰੇਮ ਮਿਲਵਰਤਨ ਰੱਖ ਕੇ ਵਿਦਿਆਰਥੀਆਂ ਵਿਚ ਰਹਿਣਾ ਹੈ। ਬਾਬਾ ਅਮਰ ਸਿੰਘ ਜੀ ਨੇ ਸਾਰੇ ਬਚਨ ਬਹੁਤ ਧਿਆਨ ਨਾਲ ਸੁਣੇ ਅਤੇ ਜੀਵਨ ਸਾਧਣ ਦੀ ਲਗਨ ਪਹਿਲਾਂ ਹੀ ਪੂਰਨ ਤੌਰ 'ਤੇ ਲੱਗੀ ਹੋਈ ਸੀ। ਸੇਵਾ ਸਿਮਰਨ ਦੀ ਲਗਨ ਵੀ ਸ਼ੁਰੂ ਤੋਂ ਹੀ ਸੀ। ਸੰਤ ਗਿਆਨੀ ਗੁਰਬਚਨ ਸਿੰਘ ਜੀ ਵਿਦਿਆਰਥੀਆਂ ਦਾ ਬਹੁਤ ਖਿਆਲ ਰਖਦੇ ਸਨ। ਜਿਵੇਂ-ਜਿਵੇਂ ਵਿਦਿਆਰਥੀ ਦੀ ਵਿਦਿਆ ਪ੍ਰਤੀ ਲਗਨ ਵਧਦੀ ਜਾਂਦੀ ਉਸੇ ਪ੍ਰਕਾਰ ਉਸ ਨੂੰ ਟਕਸਾਲ ਦੇ ਅਸੂਲ ਜਿਨ੍ਹਾਂ ਸਦਕਾ ਧੰਨ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ਿਸ ਹਾਸਲ ਹੋ ਸਕੇ, ਸਮਝਾਉਂਦੇ ਜਾਂਦੇ। ਕਿਉਂਕਿ ਜਦੋਂ ਵੀ ਅਸੀਂ ਕਿਸੇ ਨਵੀਂ ਥਾਂ ਤੇ ਜਾਂਦੇ ਹਾਂ ਉਥੋਂ ਦੇ ਮਾਹੌਲ ਮੁਤਾਬਕ ਆਪਣਾ ਜੀਵਨ ਬਣਾਉਣ ਲਈ ਕੁਝ ਦੇਰ ਲਗ ਜਾਂਦੀ ਹੈ। ਬਾਬਾ ਅਮਰ ਸਿੰਘ ਜੀ ਦਾ ਰਹਿਣ ਸਹਿਣ ਵੇਖ ਕੇ ਮਹਾਂਪੁਰਖਾਂ ਨੇ ਜਿਥੇ ਇਨ੍ਹਾਂ ਦੀ ਸੰਥਿਆ ਦਾ ਪ੍ਰਬੰਧ ਕਰ ਦਿੱਤਾ ਉਥੇ ਨਾਲ-ਨਾਲ ਟਕਸਾਲ ਦੇ ਅਸੂਲ ਜਿਹੜੇ ਕਲਗੀਧਰ ਜੀ ਦੇ ਵੇਲੇ ਤੋਂ ਧੰਨ ਬਾਬਾ ਮਨੀ ਸਿੰਘ ਜੀ ਸ਼ਹੀਦ ਅਤੇ ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦ ਰਾਹੀਂ ਪ੍ਰੰਪਰਾਗਤ ਚਲੇ ਆ ਰਹੇ ਸਨ, ਉਹ ਅਸੂਲ ਦ੍ਰਿੜ ਕਰਵਾਉਣ ਵਾਸਤੇ ਇਨ੍ਹਾਂ ਦਾ ਧਿਆਨ ਵੀ ਉਨਾਂ ਅਸੂਲਾਂ ਨੂੰ ਜ਼ਿੰਦਗੀ ਵਿਚ ਧਾਰਨ ਕਰਨ ਲਈ ਦਿਵਾਇਆ। ਇਹ ਅਸੂਲ ਇਸ ਪ੍ਰਕਾਰ ਹਨ :-

ਅੰਮ੍ਰਿਤਧਾਰੀ ਹੋਵੇ, ਦਸ ਗੁਰੂ ਸਾਹਿਬਾਨ ਜੀ ਦੀ ਜ਼ਾਹਰ ਜੋਤ ਧੰਨ ਗੁਰੂ ਗ੍ਰੰਥ ਸਾਹਿਬ ਤੋਂ ਬਗੈਰ ਹੋਰ ਕਿਸੇ ਸਰੀਰ ਨੂੰ ਗੁਰੂ ਨਾ ਮੰਨੇ। ਗਾਤਰੇ ਕ੍ਰਿਪਾਨ ਧਾਰਨ ਕਰਨ ਵਾਲਾ ਹੋਵੇ। ਪੰਜ ਕਕਾਰਾ ਦੀ ਪੂਰਨ ਰਹਿਤ ਰਖਦਾ ਹੋਵੇ। ਪੰਜ ਕੁਰਹਿਤਾਂ ਤੋਂ ਬਚਿਆ ਰਹੇ ਅਤੇ ਬਚਣ ਲਈ ਹਮੇਸ਼ਾਂ ਗੁਰੂ ਚਰਨਾਂ ਵਿਚ ਅਰਜੋਈ ਕਰਦਾ ਰਹੇ। ਨਿਤਨੇਮ ਦੀਆਂ ਪੰਜਾਂ ਬਾਣੀਆਂ ਦਾ ਨਿਤਨੇਮੀ

ਹੋਵੇ। ਪੰਜ ਗ੍ਰੰਥੀ ਆਦਿ ਜਿੰਨੀਆਂ ਬਾਣੀਆਂ ਨਿਤਨੇਮ ਪੂਰਬਕ ਪੜ੍ਹ ਸਕੇ ਪੜ੍ਹਨ ਦੀ ਲਗਨ ਰਖਦਾ ਹੋਵੇ। ਨਿਯਮ ਪੂਰਵਕ ਪੰਜ ਗ੍ਰੰਥੀ ਦੀਆਂ ਬਾਣੀਆਂ ਕੰਠ ਕਰਨ ਲਈ ਯਤਨਸ਼ੀਲ ਰਹੇ।

ਗੁਰ ਮੰਤ੍ਰ ਵਾਹਿਗੁਰੂ ਦਾ ਅਤੇ ਮੂਲ ਮੰਤ੍ਰ ੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ।ਜਪੁ ॥ ਆਦਿ ਸਚੁ ਜੁਗਾਦਿ ਸਚ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ਤਕ ਪੂਰਨ ਵਿਸ਼ਵਾਸ ਰੱਖ ਕੇ ਅਭਿਆਸ ਕਰਨ ਵਾਲਾ ਹੋਵੇ।

ਮਨ ਬਾਣੀ ਕਰਕੇ ਨਿਮਰਤਾ ਵਾਲਾ ਹੋਵੇ। ਹਰ ਇਕ ਨਾਲ ਲੜਨ ਵਾਲਾ ਨਾ ਹੋਵੇ।

ਸੰਗਤ ਨੂੰ ਗੁਰੂ ਕਾ ਰੂਪ ਜਾਣ ਕੇ ਪ੍ਰੇਮ ਕਰਦਾ ਹੋਵੇ। ਰਾਗ ਦਵੈਖ ਤੋਂ ਰਹਿਤ ਇਕ ਰਸ ਪ੍ਰੇਮੀ ਹੋਵੇ।

ਖਾਲਸਾ ਪੰਥ ਦੀ ਜਥੇਬੰਦੀ ਵਿਚ ਆਪਣੇ ਆਪ ਨੂੰ ਸਦਾ ਸ਼ਾਮਲ ਜਾਣੇ। ਪੰਥ ਤੋਂ ਉਲਟ ਨ ਹੋਵੇ। ਪੰਥ ਦੀ ਨਿੰਦਾ ਨਾ ਕਰੇ। ਪੰਥ ਵਿਚਲੇ ਕਿਸੇ ਇਨਸਾਨ ਦੀ ਗਲਤੀ ਨੂੰ ਪੰਥ ਦੀ ਗਲਤੀ ਨਾ ਸਮਝ ਕੇ ਉਸ ਨੂੰ ਸਹੀ ਰਾਇ ਦੇਣ ਦਾ ਸਾਹਸ ਰਖਦਾ ਹੋਵੇ। ਸ਼ਸਤ੍ਰਧਾਰੀ ਸੂਰਬੀਰ ਧਰਮ ਦੀ ਰਾਖੀ ਵਾਸਤੇ ਸੀਸ ਕੁਰਬਾਨ ਕਰਨ ਲਈ ਤਿਆਰ ਰਹੇ।

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਦਸ਼ਮੇਸ਼ ਪਾਤਿਸ਼ਾਹ ਜੀ ਦੀ ਬਾਣੀ ਦਾ ਸ਼ੁਧ ਪਾਠ ਕਰਨ ਵਾਲਾ ਤੇ ਅਰਥ ਪਕਾਉਣ ਵਾਲਾ ਹੋਵੇ।

ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ੧ੴ ਤੋਂ ਲੈ ਕੇ ਅਠਾਰਹ ਦਸ ਬੀਸ ਤੱਕ ਸੰਪੂਰਨ ਸਰੂਪ ਜਾਣ ਕੇ ਪੂਰਨ ਸ਼ਰਧਾ ਵਿਸ਼ਵਾਸ ਰਖਦਾ ਹੋਵੇ।

ਦਸ ਗੁਰੂ ਸਾਹਿਬਾਨ ਜੀ ਦੇ ਇਤਿਹਾਸ ਨੂੰ ਸ਼ਰਧਾ ਸਹਿਤ ਜਾਨਣ ਲਈ ਯਤਨਸ਼ੀਲ ਹੋਵੇ।

ਭਾਈ ਗੁਰਦਾਸ ਜੀ ਦੀ ਬਾਣੀ ਅਤੇ ਭਾਈ ਨੰਦ ਲਾਲ ਜੀ ਦੀ ਬਾਣੀ ਨੂੰ ਅਰਥਾਂ ਸਹਿਤ ਪੜ੍ਹੇ। ਸ੍ਰੀ ਦਸਮ ਪਾਤਸ਼ਾਹ ਜੀ ਦੀ ਬਾਣੀ ਨੂੰ ਸ੍ਰੀ ਮੁਖਬਾਕ ਬਾਣੀ ਜਾਣ ਕੇ ਨਿਸ਼ਚੇ ਸਹਿਤ ਪੜ੍ਹੇ।

ਹੋਰ ਮਤਾਂ ਦੇ ਪੁਸਤਕ ਵੀ ਧਿਆਨ ਸਹਿਤ ਪੜ੍ਹ ਕੇ ਉਨ੍ਹਾਂ ਦੇ ਸਿਧਾਂਤ ਨੂੰ ਚੰਗੀ ਤਰ੍ਹਾਂ ਜਾਨਣ ਵਾਲਾ ਹੋਵੇ।

ਇਕ ਪ੍ਰਮੇਸ਼ਰ ਦਾ ਦ੍ਰਿੜ ਵਿਸ਼ਵਾਸੀ ਅਤੇ ਪ੍ਰੇਮ ਕਰਨ ਵਾਲਾ ਹੋਵੇ। ਦੋਨੋਂ ਵਕਤਿ ਸਤਸੰਗਤ ਕਰਦਾ ਹੋਵੇ। ਯਥਾ ਸ਼ਕਤਿ ਸੰਗਤਾਂ ਦੀ ਲੰਗਰ ਵਿਚ ਸੇਵਾ ਕਰਨ ਵਾਲਾ ਹੋਵੇ।

ਕਿਸੇ ਵੀ ਮਤ ਨਾਲ ਵੈਰ ਨ ਕਰੇ। ਸਾਰਿਆਂ ਵਿਚ ਪ੍ਰਮੇਸ਼ਰ ਨੂੰ ਵਿਆਪਕ ਸਮਝ ਕੇ ਹਿਤ ਕਰੇ। ਜ਼ੁਲਮ ਦਾ ਵੈਰੀ ਹੋਵੇ। ਆਪਣੇ ਖਾਲਸੇ ਧਰਮ ਵਿਚ ਪੱਕਾ ਹੋਵੇ।

ਮਨ ਵਿਚ ਪੂਰਨ ਗਿਆਨ, ਮੁਖ ਵਿਚ ਕੀਰਤਨ ਭਗਤੀ, ਸਰੀਰ ਕਰਕੇ ਵੈਰਾਗ ਦਾ ਵਰਤਾਰਾ ਅਤੇ ਸਾਧ ਸੰਗਤ ਦੀ ਹਰ ਤਰ੍ਹਾਂ ਦੀ ਸੇਵਾ ਕਰੇ।

ਆਪਣੇ ਗੁਣਾਂ ਦੀ ਸ਼ਲਾਘਾ ਅਤੇ ਦੂਜਿਆਂ ਦੇ ਅਉਗਣ ਕਦੇ ਵੀ ਉਛਾਲਣ ਦੀ ਕੋਸ਼ਿਸ਼ ਨਾ ਕਰੇ। ਜੀਵਾਂ ਨੂੰ ਦੁੱਖ ਨਾ ਦੇਵੇ। ਕਪਟ ਤੋਂ ਰਹਿਤ ਹੋਵੇ।

ਪ੍ਰਮੇਸ਼ਰ ਦਾ ਅਨਿੰਨ ਭਗਤ ਹੋਵੇ। ਗੁਰਸਿਖੀ ਨੂੰ ਸਭ ਤੋਂ ਉਚੀ ਜਾਣੇ। ਦੁੱਖ ਸੁੱਖ ਵਿਚ ਸਮ ਚਿਤ ਰਹੇ। ਬਾਹਜ ਮੁਖ (ਸੰਸਾਰੀ ਵਿਸ਼ਯਕ ਲੋਕਾਂ) ਦੀ ਸੰਗਤ ਨਾ ਕਰੇ। ਸਭ ਗਿਆਨ ਧਿਆਨ

ਨਾਲੋਂ ਨਾਮ ਨੂੰ ਵਡਾ ਜਾਣ ਕੇ ਗੁਰਮਤਿ ਦੁਆਰਾ ਜਪੇ। ਕੇਵਲ 'ਮੁਕਤੀ ਦਾਤਾ' ਨਾਮ ਦ੍ਰਿੜ ਕਰੇ।

ਨਾਮ ਦੀ ਦ੍ਰਿੜਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਹਜ਼ੂਰ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕਣ ਵੇਲੇ ਕੀਤੀ ਹੋਵੇ। ਦ੍ਰਿੜ ਲਿਵ ਲਗੀ ਹੋਵੇ।

ਸ਼ਰਾਬ ਮਾਸ ਅਤੇ ਹੋਰ ਕੋਈ ਅਮਲ (ਨਸ਼ੇ) ਨਾ ਵਰਤਦਾ ਹੋਵੇ ਹਠ, ਚੁਗਲੀ, ਈਰਖਾ, ਪਾਰਟੀ ਬਾਜੀ ਤੋਂ ਰਹਿਤ ਹੋਵੇ। ਕਾਮ ਆਦਿ ਪੰਜਾਂ ਵਿਕਾਰਾਂ ਤੋਂ ਡਰਦਾ (ਗੁਰੂ ਚਰਨਾਂ ਦੀ ਹਮੇਸ਼ਾਂ ਓਟ ਧਰਨ ਕਰਦਾ ਹੋਇਆ ਆਪਣਾ ਮਨ ਵਿਕਾਰਾਂ ਵਲੋਂ ਉਚਾ ਚੁਕ ਕੇ ਰੱਖਦਾ ਹੋਵੇ) ਰਹੇ।

ਅਲਪ ਅਹਾਰੀ ਹੋਵੇ, ਥੋੜਾ ਸੌਂਦਾ ਹੋਵੇ, ਘਟ ਬੋਲਦਾ ਹੋਵੇ, ਨਾਮ ਰੰਗ ਵਿਚ ਰੰਗਿਆ ਰਹੇ। ਅੰਮ੍ਰਿਤ ਨਾਮ ਦਾ ਦ੍ਰਿੜ ਵਿਸ਼ਵਾਸੀ ਹੋਵੇ।

ਧਾਰਮਿਕ ਖਿਆਲਾਂ ਵਿਚ ਪੱਕਾ ਹੋਵੇ। ਪ੍ਰੀਤਿ ਨਾਲ ਪੜ੍ਹਦਾ ਹੋਵੇ। ਕੁਤਰਕੀ ਨਾ ਹੋਵੇ (ਆਪਣੇ ਸੰਸੇ ਨੂੰ ਦੂਰ ਕਰਨ ਲਈ ਅਤੇ ਕਿਸੇ ਸ਼ੰਕਾਵਾਨ ਦੇ ਸ਼ੰਕੇ ਦੂਰ ਕਰਨ ਲਈ ਗਿਆਨ ਹਾਸਲ ਕਰ ਲਵੇ)। ਸਮਝਣ ਵਿਚ ਚਤਰ ਹੋਵੇ। ਆਲਸ ਹੀਣ ਹੋਵੇ।

ਸਰੀਰ ਦੀ ਸੁਧੀ ਰੱਖੇ, ਪਾਖੰਡੀ ਨਾ ਹੋਵੇ। ਸਤਿਗੁਰੂ ਜੀ ਦੇ ਸਿਧਾਂਤ ਤੋਂ ਵਿਰੁਧ ਦਾ ਤਿਆਗ ਕਰੇ। ਵਕਤੇ (ਪ੍ਰਚਾਰਕ) ਨਾਲ ਪ੍ਰੀਤਵਾਨ ਹੋਵੇ ਚਤੁਰਤਾ ਅਤੇ ਇਕਾਂਤ ਦੇਸ਼ ਵਿਚ ਬੈਠ ਕੇ ਵਿਦਿਆ ਨੂੰ ਪਕਾਵੇ। (ਵਿਦਿਆ ਦਾ ਅਕਲ ਦੀ ਸੁਘੜਤਾ ਨਾਲ ਮੁੜ ਮੁੜ ਕੇ ਅਭਿਆਸ ਕਰੇ)

ਅੰਮ੍ਰਿਤ ਵੇਲੇ ਜਾਗਣ ਵਾਲਾ ਹੋਵੇ, ਇਸਨਾਨ ਦਾ ਹਰ ਰੋਜ ਨਿਯਮੀ ਹੋਵੇ। ਆਗਿਆਕਾਰੀ ਹੋਵੇ।

ਲ਼ਾਲਚ ਤੋਂ ਰਹਿਤ ਹੋਵੇ ਪੜ੍ਹਨ ਪੜ੍ਹਾਉਣ ਦੀ ਨਿਸ਼ਕਾਮ ਸੇਵਾ ਕਰਦਾ ਹੋਵੇ। ਦੇਸ਼ ਇਲਾਕੇ ਦੀ ਮੇਰ ਤੋਂ ਰਹਿਤ ਹੋ ਕੇ ਗੁਰਮਤਿ ਦੁਆਰਾ ਸਿਖ ਧਰਮ ਦਾ ਪ੍ਰਚਾਰ ਕਰਦਾ ਰਹੇ।

ਆਪ ਜੋ ਵਿਦਿਆ ਪੜ੍ਹੀ ਹੈ ਅਗੇ ਸੰਗਤਾਂ ਵਿਚ ਪ੍ਰੇਮ ਸਹਿਤ ਪੜ੍ਹਾਵੇ। ਆਪਣੇ ਸਰੀਰ ਨਾਲੋਂ ਸਾਰੇ ਸਿੰਘਾਂ ਦਾ ਜ਼ਿਆਦਾ ਅਦਬ ਅਤੇ ਪਿਆਰ ਕਰੇ।

ਠੱਗੀ ਨਾ ਮਾਰੇ, ਝੂਠ ਨਾ ਬੋਲੇ। ਨਾਸਤਕ ਨਾ ਹੋਵੇ। ਮਨ ਅਤੇ ਸਰੀਰ ਕਰਕੇ ਗੁਰਾਂ ਨੂੰ ਅੰਗ ਸੰਗ ਜਾਣੇ।

ਨਿਰ ਅਭਿਮਾਨ ਹੋ ਕੇ ਸੱਚਾ ਪਰੇਮ ਲਾ ਕੇ ਆਪ ਨਾਮ ਜਪੇ। ਹੋਰਨਾਂ ਤੋਂ ਜਪਾਵੇ। ਜੀਵਨ ਮੁਕਤੀ ਪਾਵੇ।

ਇਉਂ ਮਹਾਂਪੁਰਖਾਂ ਨੇ ਬਾਬਾ ਅਮਰ ਸਿੰਘ ਨੂੰ ਟਕਸਾਲ ਦੀ ਬੀਚਾਰ ਦ੍ਰਿੜ ਕਰਵਾਈ ਅਤੇ ਨਿਤ ਨਿਯਮ ਅਨੁਸਾਰ ਆਪਣਾ ਨਿਤਨੇਮ ਕਰਨਾ। ਫਿਰ ਸਾਰਾ ਦਿਨ ਜਥੇ ਦਾ ਅਸੂਲ ਅਤੇ ਮ੍ਰਯਾਦਾ ਮੁਤਾਬਿਕ ਆਪਣਾ ਜੀਵਨ ਢਾਲਣ ਲਈ ਯਤਨਸ਼ੀਲ ਰਹਿਣਾ। ਅੰਮ੍ਰਿਤ ਵੇਲੇ ਜਿਸ ਥਾਂ ਤੇ ਵੀ ਜਥਾ ਹੁੰਦਾ ਗੁਰਦੁਆਰਾ ਸਾਹਿਬ ਵਿਖੇ ਆਦਿ ਗੁਰੂ ਗ੍ਰੰਥ ਸਾਹਿਬ ਦੀ ਕਥਾ ਸੰਤ ਗਿਆਨੀ ਗੁਰਬਚਨ ਸਿੰਘ ਜੀ ਆਪ ਕਰਦੇ ਸਨ। ਜਥੇ ਦੇ ਸਾਰੇ ਸਿੰਘ ਕਥਾ ਵਿਚ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸੈਚੀਆਂ ਸਹਿਤ ਦਰਬਾਰ ਸਾਹਿਬ ਵਿਚ ਬੈਠਦੇ ਸਨ। ਜੋ ਅਰਥ

ਮਹਾਂਪੁਰਖ ਕਰਦੇ ਸਨ। ਕੁਝ ਵਡਭਾਗੇ ਸਿੰਘ ਉਸ ਨੂੰ ਲਿਖਣ ਦੀ ਸੇਵਾ ਵੀ ਕਰਦੇ ਸਨ। ਕਥਾ ਸ੍ਰਵਨ ਕਰਦਿਆਂ ਨਾਲੋ-ਨਾਲ ਜਿਤਨੀ ਕੁ ਫੁਰਸਤ ਮਿਲਣੀ ਅਰਥ ਕਾਪੀ ਤੇ ਲਿਖੀ ਜਾਣੇ। ਕਥਾ ਦੀ ਸਮਾਪਤੀ ਤੋਂ ਬਾਅਦ, ਕੁਝ ਜਲ ਪਾਣੀ ਛਕ ਕੇ ਜਥੇ ਦੀਆਂ ਸੇਵਾਵਾਂ ਪੂਰਨ ਕਰਨ ਉਪਰੰਤ ਪਹਿਲਾਂ ਆਪ ਲਿਖੇ ਅਰਥਾਂ ਨੂੰ ਵੀਚਾਰਨਾ; ਜਿਥੇ ਕਿਸੇ ਵੀਚਾਰ ਦੀ ਸਮਝ ਨਾ ਲਗਣੀ ਤਦੋਂ ਨਾਲ ਦੇ ਸਿੰਘਾਂ ਕੋਲੋਂ ਅਰਥ ਵਾਚ ਲੈਣੇ। ਜੇਕਰ ਫਿਰ ਵੀ ਕੁਝ ਸਮਝ ਨਾ ਲੱਗਣਾ ਤਾਂ ਮਹਾਂਪੁਰਖਾਂ ਕੋਲ ਜਾ ਕੇ ਪੁਛ ਲੈਂਦੇ ਸਨ।

ਉਪਰੰਤ ਮਹਾਂਪੁਰਖ ਆਪਣੇ ਨਿਤਨੇਮ ਵਿਚ ਜੁੜ ਜਾਂਦੇ ਸਨ। ਦੁਪਹਿਰ ਢਲਣ ਵੇਲੇ ਕੁਝ ਜਲ ਪਾਣੀ ਛਕ ਕੇ, ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ੨੫ ਪੱਤਰੇ ਬਹੁਤ ਇਕਾਗਰ ਹੋ ਕੇ ਪਾਠ ਕਰਦੇ ਸਨ। ਪਾਠ ਕਰਨ ਉਪਰੰਤ ਸਰਧਾ ਭਾਵਨਾ ਸਹਿਤ ਹਾਜ਼ਰ ਨਾਜ਼ਰ ਧੰਨ ਗੁਰੂ ਗ੍ਰੰਥ ਸਾਹਿਬ ਜੀ ਨੂੰ ਘੰਟਾ ਭਰ ਮਨ ਦੀ ਬ੍ਰਿਤੀ ਗੁਰਾਂ ਤੋਂ ਕੁਰਬਾਨ ਭਾਵਨਾ ਵਾਲੀ ਬਣਾ ਕੇ ਅਰਜੋਈ ਕਰਦਿਆਂ ਹੋਇਆਂ ਚੌਰ ਕਰੀ ਜਾਂਦੇ ਸਨ। ਆਪ ਜੀ ਵਿਦਿਆਰਥੀਆਂ ਨੂੰ ਵੀ ਧੰਨ ਗੁਰੂ ਗ੍ਰੰਥ ਸਾਹਿਬ ਦੇ ਅਦਬ ਬਾਰੇ ਵਿਸ਼ੇਸ ਕਰਕੇ ਸਮਝਾਉਂਦੇ ਸਨ। ਜਿਤਨਾ ਅਸੀਂ ਧੰਨ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਰੱਖਾਂਗੇ ਸਤਿਗੁਰੂ ਜੀ ਉਤਨੀ ਹੀ ਰਹਿਮਤ ਅਸਾਡੇ 'ਤੇ ਕਰਨਗੇ। ਭਾਈ ਸਾਹਿਬ ਕਵੀ ਸੰਤੋਖ ਸਿੰਘ ਜੀ ਵੱਲੋਂ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਧੰਨ ਗੁਰੂ ਅਰਜਨ ਦੇਵ ਜੀ ਨੇ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕੀਤੀ ਹੈ। ਪਾਵਨ ਪਵਿੱਤਰ ਅਕਾਲ ਰੂਪ ਗੁਰਬਾਣੀ ਦਾ ਅਦਬ ਆਪ ਸਿਖਾਉਂਦਿਆਂ ਹੋਇਆ ਕੋਠਾ ਸਾਹਿਬ ਅੰਦਰ ਪਲੰਘੇ ਉਪਰ ਧੰਨ ਗੁਰੂ ਗ੍ਰੰਥ ਸਾਹਿਬ ਜੀ ਸੁਭਾਇਮਾਨ ਕੀਤੇ ਅਤੇ ਧੰਨ ਗੁਰੂ ਅਰਜਨ ਦੇਵ ਜੀ ਆਪ ਭੂਮ ਆਸਨ ਲਾਇਆ ਸੀ। ਅੱਜ ਵੀ ਪਲੰਘੇ ਹੇਠਾਂ ਵਿਛਦੀ ਚਾਦਰ ਅਸਾਨੂੰ ਪ੍ਰੇਰਨਾ ਦਾ ਸਰੋਤ ਹੈ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਕਵੀ ਜੀ ਸਤਿਗੁਰੂ ਜੀ ਦੇ ਉਪਦੇਸ਼ ਨੂੰ ਬਹੁਤ ਹੀ ਭਾਵਨਾ ਨਾਲ ਪ੍ਰਗਟ ਕਰਦੇ ਹੋਏ ਆਖਦੇ ਹਨ:

**ਜੇਤਿਕ ਗ੍ਰੰਥ ਅਦਾਇਬ ਰਾਖਹਿ ਤੇਤਿਕ ਹੀ ਫਲ ਪਾਵਹਿਗੋ॥**
**ਧੁਪ ਧੁਖਾਇ ਘਸਾਇ ਕੈ ਚੰਦਨ ਕੇਸਰ ਕੋ ਅਰਚਾਵਹਿਗੋ॥**
**ਭਾਵਨੀ ਧਾਰਿ ਕੈ ਚਾਹਿ ਉਮਾਹਿਤ ਦਯੋਸ ਪ੍ਰਤੀ ਦਰਸਾਵਹਿਗੋ॥**
**ਪਾਠ ਕਰੈ ਕਿ ਸੁਨੈ ਮਨ ਏਕ ਹਵੈ ਹੀ ਉਪਦੇਸ਼ ਬਸਾਵਹਿਗੋ॥**
**ਦੇਖਤਿ ਹੀ ਕਰ ਜੋਰਿ ਦੁਊ ਮਨ ਨੰਮ੍ਰਿ ਹਵੈ ਸੀਸ ਨਿਵਾਵਹਿਗੋ॥**
**ਔਰਨਿ ਕੋ ਉਪਦੇਸ਼ ਕਰੈ ਲਿਖਿ ਆਪਿ ਇਸੇ ਕੌ ਲਿਖਾਵਹਿਗੋ॥**
**ਪ੍ਰੇਮ ਕਰੈ ਘਰ ਮੈਂ ਅਸਥਾਪਹਿ ਪਾਠ ਸੁਨੇ ਹਰਖਾਵਹਿਗੋ॥**
**ਸੋ ਜਗ ਬੰਧਨ ਛੇਦਨ ਕੈ ਨਰ ਅੰਤ ਗਤੀ ਸ਼ੁਭ ਪਾਵਹਿਗੋ॥**

ਸਾਰੇ ਜਥੇ ਦੇ ਸਿੰਘਾਂ ਨੂੰ ਸਤਿਗੁਰੂ ਜੀ ਦੇ ਅਦਬ ਲਈ ਪੂਰੀ ਜਾਣਕਾਰੀ ਦਿੱਤੀ ਜਾਂਦੀ ਸੀ। ਗੁਰੂ ਕੀ ਹਜ਼ੂਰੀ ਵਿਚ ਇਸ਼ਨਾਨ ਕੀਤੇ ਤੋਂ ਬਗੈਰ ਨਹੀ ਜਾਣਾ ਹੈ। ਜੋੜੇ ਉਤਾਰ ਕੇ ਪੰਜ ਇਸ਼ਨਾਨਾਂ ਜਰੂਰ ਕਰਨਾ ਹੈ। ਤਾਬਿਆ ਬੈਠਿਆਂ ਮੁੱਛਾਂ, ਮੁਖ, ਖਾਰਸ਼ ਕਰਨ ਲਈ ਹਥ ਲਾ ਕੇ

ਗੁਰੂ ਕੇ ਸਰੂਪ ਨੂੰ ਹਥ ਨਹੀਂ ਲਾਉਣਾ ਚਾਹੀਦਾ ਹੈ। ਇਹ ਖਿਆਲ ਰਖਣਾ ਚਾਹੀਦਾ ਹੈ, ਜੇ ਖਾਰਸ਼ ਬਗੈਰਾ ਦੀ ਜ਼ਰੂਰਤ ਹੋਵੇ ਤਾਂ ਗਲ ਦਾ ਪਰਨਾ ਹਥ ਨਾਲ ਵਰਤਣਾ ਚਾਹੀਦਾ ਹੈ। ਜਿਤਨਾ ਸੰਕੋਚ ਰੱਖਿਆ ਜਾਵੇ ਉਤਨਾ ਹੀ ਚੰਗਾ ਹੈ। ਜਿਸ ਥਾਂ ਸਤਿਗੁਰੂ ਜੀ ਦਾ ਸਰੂਪ ਪ੍ਰਕਾਸ਼ਵਾਨ ਹੋਵੇ, ਉਥੇ ਧੂਫ ਧੁਖਉਣੀ, ਜੋਤ ਜਗਾਉਣੀ ਅਤੇ ਸੁਗੰਧੀ ਛਿੜਕਣੀ ਚਾਹੀਦੀ ਹੈ। ਸਤਿਗੁਰੂ ਮਹਾਰਾਜ ਜੀ ਦੇ ਸਰੂਪ ਵਿਚ ਨਿਸ਼ਾਨੀ ਲਈ ਕਾਗਜ ਜਾਂ ਧਾਗੇ ਆਦਿਕ ਨਹੀਂ ਰੱਖਣੇ ਚਾਹੀਦੇ, ਸਗੋਂ ਵੱਖਰੀ ਕਾਪੀ ਤੇ ਅੰਗ ਤੇ ਸ਼ਬਦ ਲਿਖਣਾ ਚਾਹੀਦਾ ਹੈ। ਕਿਉਂਕਿ ਦਸ ਗੁਰੂ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਿਰਾਜਵਾਨ ਹੈ। ਪਾਠ ਕਰਨ ਵੇਲੇ ਮੰਜੀ ਸਾਹਿਬ ਹੇਠਾਂ ਪੈਰ ਨਾ ਪਸਾਰੇ, ਪਿਛੇ ਹਟ ਕੇ ਚੌਂਕੜੀ ਲਗਾ ਕੇ ਬੈਠੇ। ਮਹਾਰਾਜ ਦੇ ਪੱਤਰਿਆਂ ਤੇ ਹੱਥ ਰੱਖ ਕੇ ਪਾਠ ਨਾ ਕਰੇ। ਪੱਤਰਾ ਸਦਾ ਸਜੇ ਹਥ ਨਾਲ ਉਪਰਲੇ ਪਾਸੇ ਤੋਂ ਪਲਟੇ। ਪੱਤਰਿਆਂ ਨੂੰ ਗਿਲੇ ਜਾਂ ਥਿੰਦੇ ਹਥ ਨਾ ਲਾਵੇ। ਹਵਾ ਆਦਿਕ ਤੇਜ ਹੋਵੇ ਤਾਂ ਰੁਮਾਲਾ ਪਤਰੇ ਉਪਰ ਰਖ ਕੇ ਪੱਤਰੇ ਫੜੇ। ਮੰਜੀ ਸਾਹਿਬ ਉਤੇ ਕੂਹਣੀ (ਅਰਕ) ਨਾ ਰੱਖੇ। ਆਪਣੇ ਸਹਾਰੇ ਬੈਠੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਦੇ ਵੀ ਚੰਦੋਏ ਤੋਂ ਬਗੈਰ ਨਾ ਕਰੇ। ਕਵੀ ਨਿਹਾਲ ਸਿੰਘ ਜੀ ਨੇ ਬਹੁਤ ਹੀ ਭਾਵਨਾ ਸਹਿਤ ਅਸਾਨੂੰ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸਥਿਤ ਹੋਣ ਦੀ ਜੁਗਤਿ ਸਮਝਾਈ ਹੈ। ਤਾਂ ਕਿ ਅਸਾਨੂੰ ਸਤਿਗੁਰੂ ਜੀ ਦੀ ਬਖਸ਼ਸ ਹਾਸਲ ਹੋ ਸਕੇ।

**ਅੰਨ ਕੋ ਬੰਧੇਜ ਬਾਂਧ ਆਸਨ ਕੋ**
**ਸਾਧ ਬੇਸ ਗਾਤ ਕੋ**
**ਅਲੋਲ ਸੂਧਿ ਏਕ ਚਾਲ ਲੀਜੀਏ॥**
**ਚੀਤ ਕੋ ਨਿਰੋਧ ਕੈ ਪ੍ਰਬੋਧ ਕੈ**
**ਪ੍ਰਕਾਸ਼ ਪ੍ਰੇਮ ਗਾਦੀ ਨ ਵਿਛਾਯ**
**ਨ ਪ੍ਰਜੰਕ ਹਾਥ ਦੀਜਿਯੇ॥**
**ਖਾਂਸੀ ਕ੍ਰੋਧ ਵਾਰਤਾ ਜੰਭਾਈ ਔ**
**ਡਕਾਰ ਛੀਂਕ ਹਾਸੀ ਸੀਂਢ**
**ਮੰਦਪੌਨ ਥੂਕ ਨਾ ਕਰੀਜੀਏ॥**
**ਸਾਤਕੀ ਸੁਭਾਇ ਸੌਂ ਅਕਾਲ**
**ਸੌਂ ਲਗਾਇ ਧਯਾਨ ਗ੍ਰੰਥ ਜੂ ਕੋ ਪਾਠ**
**ਪਯਾਰੇ ਐਸੀ ਭਾਂਤ ਕੀਜੀਯੇ॥**

ਇਸ ਪ੍ਰਕਾਰ ਹਰ ਇਕ ਜਥੇ ਵਿਚ ਆਉਣ ਵਾਲਾ ਸਿੰਘ ਵਿਦਿਆ ਹਾਸਲ ਕਰਕੇ ਜਿਥੇ ਧਨਵਾਨ ਵੀ ਨਹੀਂ ਪਹੁੰਚ ਸਕਦਾ ਉਥੇ ਪਹੁੰਚਣ ਵਾਲਾ ਹੋ ਜਾਂਦਾ ਸੀ। ਵਿਸ਼ੇਸ ਕਰਕੇ ਮਹਾਂਪੁਰਖ ਉਸ ਨੂੰ ਧੰਨ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਇਤਨੀ ਸਾਕਾਰ ਰੂਪ ਵਿਚ ਦ੍ਰਿੜ ਭਾਵਨਾ ਭਰ ਦਿੰਦੇ ਸਨ। ਜਿਸ ਕਰਕੇ ਜਥੇ ਦੇ ਸਿੰਘ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਆਨ ਸ਼ਾਨ ਅਤੇ ਵਧ ਤੋਂ ਵਧ ਸਤਿਕਾਰ ਕਰਦੇ ਅਤੇ ਸੰਗਤਾਂ ਤੋਂ ਪ੍ਰੇਰ ਕੇ ਕਰਵਾਉਂਦੇ ਹਨ। ਅੰਮ੍ਰਿਤ ਵੇਲੇ ਦੀ ਕਥਾ ਤੋਂ

ਲੈ ਕੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪਾਠ ਕਰਨ ਉਪਰੰਤ ਸ਼ਾਮ ਦੇ ਵਖਤ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਸੰਥਿਆ ਅਤੇ ਇਤਿਹਾਸ ਦੀ ਸੰਥਿਆ ਜਥੇ ਦੇ ਸਿੰਘਾਂ ਨੂੰ ਕਰਵਾਈ ਜਾਂਦੀ ਸੀ। ਅੰਮ੍ਰਿਤ ਵੇਲੇ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਅਤੇ ਸ਼ਾਮ ਵਕਤ ਇਤਿਹਾਸ ਦੀ ਕਥਾ ਵੇਲੇ ਹਰ ਇਕ ਸਿੰਘ ਦੀ ਹਾਜ਼ਰੀ ਜ਼ਰੂਰੀ ਹੁੰਦੀ ਸੀ। ਜੇ ਕੋਈ ਸਿੰਘ ਕਥਾ ਵੇਲੇ ਹਾਜ਼ਰ ਨਾ ਹੁੰਦਾ ਤਾਂ ਮਹਾਂਪੁਰਖ ਕਥਾ ਵੇਲੇ ਇਕ ਵਾਰ ਸਾਰੇ ਸਿੰਘਾਂ ਤੇ ਨਜ਼ਰ ਮਾਰ ਕੇ ਵੇਖ ਲੈਂਦੇ ਸਨ। ਗੈਰ ਹਾਜ਼ਰ ਸਿੰਘ ਨੂੰ ਕਾਰਨ ਦੱਸਣਾ ਜ਼ਰੂਰੀ ਹੁੰਦਾ ਸੀ। ਜੇ ਬਗੈਰ ਕਾਰਨ ਹਾਜ਼ਰ ਨਾ ਹੁੰਦਾ ਤਾਂ ਉਸ ਨੂੰ ਤਾੜਨਾ ਵੀ ਕੀਤੀ ਜਾਂਦੀ ਸੀ। ਬਾਕੀ ਵਿਦਿਆਰਥੀਆਂ ਦਾ ਜਥੇ ਵਿਚ ਜਿਸ ਪ੍ਰਕਾਰ ਪ੍ਰਵੇਸ਼ ਹੁੰਦਾ ਸੀ। ਉਸੇ ਪ੍ਰਕਾਰ ਉਸ ਦੀ ਸੰਥਿਆ ਦਾ ਪ੍ਰਬੰਧ ਕਰ ਦਿੱਤਾ ਜਾਂਦਾ ਸੀ। ਨਿਤਨੇਮ ਤੋਂ ਅਰੰਭ ਕਰਕੇ ਪੰਜ ਗ੍ਰੰਥੀ, ਬਾਈ ਵਾਰਾਂ, ਭਗਤ ਬਾਣੀ, ਦਸ ਗ੍ਰੰਥੀ, ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨ ਸੰਥਿਆ, ਛੋਟੇ ਗ੍ਰੰਥਾਂ ਦੀ ਸੰਥਿਆਂ ਜਿਵੇਂ ਸਾਰਕੁਤਾਵਲੀ, ਭਾਵਰਸਿਮ੍ਰਤ, ਵੀਚਾਰਮਾਲਾ, ਅਧਿਆਤਮ ਪ੍ਰਕਾਸ਼, ਪ੍ਰਬੋਧ ਚੰਦਰ ਨਾਟਕ ਅਤੇ ਵੈਰਾਗ ਸ਼ੱਤਕ ਆਦਿ ਗ੍ਰੰਥਾਂ ਦੀ ਸੰਥਿਆ ਕਰਵਾਈ ਜਾਂਦੀ ਸੀ ਪਹਿਲਾਂ ਤਾਂ ਸੰਤ ਗਿਆਨੀ ਗੁਰਬਚਨ ਸਿੰਘ ਜੀ ਆਪ ਵਿਦਿਆਰਥੀਆਂ ਨੂੰ ਪੜਾਉਂਦੇ ਸਨ। ਫਿਰ ਜਥੇ ਵਿਚੋਂ ਕਿਸੇ ਯੋਗ ਸਿੰਘ ਦੀ ਡਿਊਟੀ ਲਗਾ ਦਿੰਦੇ ਸਨ। ਇਉਂ ਕਲਗੀਧਰ ਜੀ ਨੇ ਦਮਦਮਾ ਸਾਹਿਬ ਦੀ ਪਾਵਨ ਧਰਤੀ ਤੇ ਟਕਸਾਲ ਦੀ ਸਥਾਪਨਾ ਕਰਕੇ ਖਾਲਸੇ ਉਪਰ ਜੋ ਰਹਿਮਤ ਕੀਤੀ ਸੀ। ਉਸ ਨੂੰ ਸਾਕਾਰ ਰੂਪ ਵਿਚ ਪੰਥ ਅੰਦਰ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਨੇ ਧੰਨ ਗੁਰੂ ਗੋਬਿੰਦ ਸਿੰਘ ਜੀ ਦੀ ਕਿਰਪਾ ਦੇ ਪਾਤਰ ਬਣ ਕੇ ਆਪਣੇ ਸਮੇਂ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿਚ ਪ੍ਰਵਾਹਿਤ ਰੱਖਿਆ। ਗੁਰੂ ਸਾਹਿਬ ਜੀ ਦੇ ਆਸ਼ੇ ਮੁਤਾਬਕ ਸ਼ਰਧਾ, ਨਿਸ਼ਠਾ, ਪ੍ਰੇਮ ਅਤੇ ਵਿਸ਼ਵਾਸ ਸਦਕਾ ਵਿਵੇਚਨਾਤਮਕ ਢੰਗ ਦੁਆਰਾ 'ਸ੍ਰੀ ਦਸਮ ਗ੍ਰੰਥ ਸਾਹਿਬ ਜੀ', ਭਾਈ ਗੁਰਦਾਸ ਜੀ ਦੀ ਬਾਣੀ, ਕਵੀ ਨੰਦ ਲਾਲ ਜੀ ਦੀ ਬਾਣੀ, ਗੁਰ ਇਤਿਹਾਸ ਆਦਿਕ ਦੀ ਮਹਾਨਤਾ ਨੂੰ ਸਿੰਘਾਂ ਵਿਚ ਦ੍ਰਿੜ ਕਰਨ ਲਈ ਗੁਰੂ ਸਾਹਿਬ ਜੀ ਦੇ ਕਾਲ ਤੋਂ ਲੈ ਕੇ ਗੁਰੂ ਸਵਾਰਿਆਂ ਦੀ ਵਿਦਿਅਕ ਮਹਿਨਤ ਨੂੰ ਵੀ ਸਿੰਘਾਂ ਨਾਲ ਸਾਝਾਂ ਕੀਤਾ ਜਾਂਦਾ ਸੀ। ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਦਾ ਗਿਆਨ ਹਰ ਸਿੰਘ ਨੂੰ ਅਰਥਾਂ ਸਮੇਤ ਪ੍ਰਪੱਕ ਕਰਵਾਇਆ ਜਾਂਦਾ ਸੀ। ਵਰਤਮਾਨ ਸਮੇਂ ਦੀ ਜਰੂਰਤ ਨੂੰ ਸਨਮੁਖ ਰਖਦਿਆਂ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਦੇ ਸੰਦਰਭ ਵਿਚ ਇਥੇ ਕੁਝ ਵੀਚਾਰਾਂ ਅੰਕਿਤ ਕਰਨੀਆਂ ਯੋਗ ਸਮਝਦਾ ਹਾਂ। ਤਾਂ ਕਿ ਮਹਾਂਪੁਰਖਾਂ ਦੀ ਸੰਗਤ ਵਿਚੋਂ ਗੁਰੂ ਪ੍ਰੇਮ ਵਿਚ ਗੜੂੰਦ ਹੋਣ ਵਾਲੇ ਲਾਭ ਪ੍ਰਾਪਤ ਕਰ ਸਕਣ।

ਗੁਰਸਿਖ ਦੀ ਸ਼ਖਸੀਅਤ ਦਾ ਮੁਢਲਾ ਸਰੂਪ ਸਿਖ ਰਹਿਤ ਮਰਯਾਦਾ ਵਿਚ ਇਸ ਪ੍ਰਕਾਰ ਅੰਕਿਤ ਹੈ। ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤਕ), ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸ਼ਚਾ ਰੱਖਦਾ ਹੈ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ। ਇਹਨਾਂ ਸਮੂਹ ਸ਼ਖਸੀਅਤਾਂ ਦੇ ਸਮੂਹ

ਪੰਥ ਦਾ ਨਾਮ ਦਿੱਤਾ। ਤਿਆਰ ਬਰ ਤਿਆਰ ਸਿੰਘਾਂ ਦੇ ਸਮੁੱਚੇ ਸਮੂਹ ਨੂੰ ਗੁਰੂ ਪੰਥ ਆਖਦੇ ਹਨ। ਇਸ ਦੀ ਤਿਆਰੀ ਦਸਾਂ ਗੁਰੂ ਸਾਹਿਬਾਨ ਨੇ ਕੀਤੀ ਅਤੇ ਦਸਮ ਗੁਰੂ ਜੀ ਨੇ ਇਸ ਦਾ ਅੰਤਮ ਸਰੂਪ ਬੰਨ੍ਹ ਕੇ ਗੁਰਿਆਈ ਸੌਂਪੀ। (ਸਿੱਖ ਰਹਿਤ ਮਰਯਾਦਾ) ਇਕ ਸੁੰਦਰ ਜੀਵਨ ਵਾਲੀ ਸ਼ਖ਼ਸੀਅਤ ਨੂੰ ਸਦੀਵ ਕਾਲ ਸੁੰਦਰ ਸਿਧਾਂਤ ਨਾਲ ਜੁੜੇ ਰਹਿਣ ਲਈ ਅਕਾਲ ਦਾ ਜ਼ਾਹਰ ਰੂਪ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ। ਧੰਨ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਖ਼ਸੀਅਤ ਦੀ ਘਾੜਤ ਦੇ ਯਥਾਰਥ ਪਹਿਲੂ ਬਾਣੀ ਦੇ ਰੂਪ ਵਿਚ ਅੰਕਿਤ ਕੀਤੇ। ਜਿਹਨਾਂ ਵਿਚ ਅਕਾਲ ਨੂੰ ਨਮਸਕਾਰ ਕਰਦਿਆਂ ਹੋਇਆਂ ਅਕਾਲ ਦੀ ਉਸਤਤਿ ਰਾਹੀਂ ਚਲਦਿਆਂ ਕੁਦਰਤ ਦੀ ਨੇਕਮਤਾ ਵਿਚ ਮਨੁੱਖ ਦੀਆਂ ਬੇਹੁਰਮਤੀਆਂ ਨੂੰ ਪੇਸ਼ ਕਰਕੇ ਵਾਹਿਗੁਰੂ ਜੀ ਅੱਗੇ ਅਰਦਾਸ ਕੀਤੀ। ਜਿਸਨੂੰ ਡਾ. ਭਾਈ ਵੀਰ ਸਿੰਘ ਜੀ ਨੇ ਬਹੁਤ ਹੀ ਸੁੰਦਰ ਲਿਖਿਆ ਹੈ। ਆਦਿ ਤੇ ਅੰਤ ਗੁਰੂ ਜੀ ਦਾ ਮਤ ਹੈ ਵਾਹਿਗੁਰੂ ਜੀ ਨਾਲ ਪਿਆਰ। ਸਾਂਈਆਂ ਜੀ ਨਾਲੋਂ ਕਦੇ ਨਾ ਵਿਸਰਨਾ। ਸਿਦਕ ਵਿਚ ਰਹੋ ਬਾਣੀ ਦਾ ਵਿਸਾਰਾ ਨਾ ਕਰੋ। ਉਸ ਦੀ ਰਾਖੀ ਵਿਚ ਰਹੋ। ਇਹ ਅਰਦਾਸ ਕਰੋ , "**ਹਮਰੀ ਕਰੋ ਹਾਥ ਦੈ ਰਛਾ॥**" ਹੇ ਵਾਹਿਗੁਰੂ ਜੀ! ਆਪਣਾ ਹਥ ਦੇ ਕੇ ਸਾਡੀ ਰਾਖੀ ਕਰੋ, ਤੇ ਇਹ ਨਿਹਚਾ ਰਖੋ ਕਿ ਜੋ ਵਾਹਿਗੁਰੂ ਜੀ ਨੂੰ ਧਿਆਉਂਦੇ -੨ ਪਰਮੇਸ਼ਰ ਦੇ ਆਸਰੇ ਹੋ ਜਾਂਦੇ ਹਨ ਉਹਨਾਂ ਦੀ ਹਰ ਵੇਲੇ ਰਖਯਾ ਹੁੰਦੀ ਹੈ। "**ਰਛਾ ਹੋਇ ਤਾਹਿ ਸਭ ਕਾਲਾ॥**" ( ਗੁਰ ਬਾਲਮ ਸਾਖੀਆਂ) ਸੰਪੂਰਨਤਾ ਉਪਰ ਜਾ ਕੇ ਜਿਤ ਦੇ ਨਿਸਾਨ ਰੂਪ ਵਿਚ ਜਫਰਨਾਮਾ ਰੱਖਿਆ। ਇਸੇ ਬਾਣੀਆਂ ਦੇ ਸਮੂਹ ਦਾ ਨਾਮ ਕਿਸੇ ਵੇਲੇ '**ਦਸਮ ਪਾਤਸ਼ਾਹ ਕਾ ਗ੍ਰੰਥ**' ਸੀ । ਵਰਤਮਾਨ ਸਮੇਂ ਵਿਚ ਇਸ ਦਾ ਨਾਮ '**ਸ੍ਰੀ ਦਸਮ ਗ੍ਰੰਥ ਸਾਹਿਬ**' ਹੈ। ਕੁਝ ਲੋਕ ਬਿਨਾਂ ਕਿਸੇ ਠੋਸ ਸਬੂਤ ਦੇ ਇਸ ਦਾ ਨਾਮ ਵਿਦਿਆਧਰ ਗ੍ਰੰਥ ਆਖਦੇ ਹਨ। ਇਹ ਉਹਨਾਂ ਦਾ ਕੇਵਲ ਭੁਲੇਖਾ ਹੈ ਕਿ ਅਸੀਂ ਇਸ ਨਾਮ (ਵਿਦਿਆਧਰ) ਨਾਲ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦਾ ਨਾਮ ਅਲੋਪ ਕਰ ਦੇਵਾਂਗੇ। ਗੁਰੂ ਕਾ ਖਾਲਸਾ ਆਪਣੇ ਦਸ ਗੁਰੂ ਸਾਹਿਬਾਨ ਜੀ ਦੀ ਬਾਣੀ ਉਪਰ ਦ੍ਰਿੜ ਨਿਸ਼ਚਾ ਰਖਦਾ ਹੈ।

੧) ਪੰਥ ਲਈ ਆਪਣੇ ਪਿਆਰੇ ਵਾਹਿਗੁਰੂ ਜੀ ਕੋਲੋਂ ਸਹਾਇਤਾ ਦੀ ਦਾਤ ਹਾਸਲ ਕਰਨ ਵਾਲੇ ਸਾਹਿ ਸ਼ਾਹਿਨਸ਼ਾਹ ਧੰਨ ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਪੰਜ ਪਿਆਰੇ ਸਾਜ ਕੇ ਅੰਮ੍ਰਿਤ ਦਾ ਵਿਧਾਨ ਸ਼ੁਰੂ ਕੀਤਾ ਉਸ ਵੇਲੇ ਜੋ ਪੰਜ ਬਾਣੀਆਂ ਪੜ੍ਹੀਆਂ ਉਹਨਾਂ ਵਿਚ ਤਿੰਨ ਬਾਣੀਆਂ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿਚੋਂ ਹਨ। ਭਾਵ ਇਹ ਬਾਣੀਆਂ ਜਿਨ੍ਹਾਂ ਦਾ ਸੰਕਲਨ ਭਾਈ ਮਨੀ ਸਿੰਘ ਜੀ ਨੇ ਇਕ ਗ੍ਰੰਥ ਦੇ ਸਰੂਪ ਵਿਚ ਕੀਤਾ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਹਨ।

੨) ਪੰਜ ਪਿਆਰਿਆਂ ਦੁਆਰਾ ਖਾਲਸੇ ਦੇ ਜੀਵਨ ਨੂੰ ਰਹਿਤ ਵਾਲਾ ਰੱਖਣ ਲਈ ਸਿੱਖ ਲਈ ਅੰਮ੍ਰਿਤ ਵੇਲੇ ਪੰਜ ਬਾਣੀਆਂ ਦਾ ਹੁਕਮ ਕੀਤਾ ਜਾਂਦਾ ਹੈ। ਅਤੇ ਸ਼ਾਮ ਨੂੰ ਰਹਿਰਾਸ ਸਾਹਿਬ ਜੀ ਦਾ ਪਾਠ ਕਰਨ ਦੀ ਹਦਾਇਤ ਹੈ। ਦੋਨੋਂ ਵਕਤ ਦੀਆਂ ਬਾਣੀਆਂ ਵਿਚ ਸ੍ਰੀ ਦਸ਼ਮੇਸ਼ ਬਾਣੀ ਅੰਕਿਤ ਹੈ ।

੩) ਇਤਿਹਾਸਕ ਅਸਥਾਨਾਂ ਦੇ ਜਦੋਂ ਅਸੀਂ ਦਰਸ਼ਨ ਕਰਦੇ ਹਾਂ ਜਿਹਨਾਂ ਅਸਥਾਨਾਂ ਉਪਰ ਧੰਨ ਗੁਰੂ ਗੋਬਿੰਦ ਸਿੰਘ ਜੀ ਨੇ ਚਰਨ ਪਾਏ ਹਨ। ਸ੍ਰੀ ਪਾਉਂਟਾ ਸਾਹਿਬ ਜੀ ਅਤੇ ਸ੍ਰੀ ਬਿਭੌਰ

ਸਾਹਿਬ (ਨੰਗਲ) ਸਤਿਗੁਰੂ ਜੀ ਦੀ ਬਾਣੀ ਉਚਾਰਨ ਸਬੰਧੀ ਅੱਜ ਵੀ ਅਸਾਨੂੰ ਸੰਦੇਸ਼ ਦਿੰਦੇ ਹਨ। ਅਨੇਕਾਂ ਇਤਿਹਾਸਕ ਸਰੋਤਾਂ ਤੋਂ ਸਾਨੂੰ ਇਸ ਦੀ ਗਵਾਹੀ ਪ੍ਰਾਪਤ ਹੈ।

੪) ਧੰਨ ਗੁਰੂ ਗੋਬਿੰਦ ਸਿੰਘ ਜੀ ਦੀਆਂ ਅਨੰਤ ਖੁਸ਼ੀਆਂ ਹਾਸਲ ਕਰਨ ਵਾਲੇ ਭਾਈ ਸਾਹਿਬ ਮਨੀ ਸਿੰਘ ਜੀ, ਜਿਹਨਾਂ ਨੂੰ ਇਹ ਮਾਣ ਹਾਸਲ ਹੈ ਕਿ ਸਤਿਗੁਰੂ ਜੀ ਨੇ ਜਦੋਂ ਸ੍ਰੀ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ ਵਿਖੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਉਚਾਰਨ ਕੀਤੀ, ਉਸ ਵਕਤ ਲਿਖਣ ਦੀ ਸੇਵਾ ਪ੍ਰਾਪਤ ਹੋਈ। ਸੰਪੂਰਨ ਕਥਾ ਸ੍ਰਵਣ ਕੀਤੀ। ਜਿਹਨਾਂ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਟਕਸਾਲ ਦੀ ਸ਼ੁਰੂਆਤ ਕੀਤੀ। ਉਹਨਾਂ ਨੇ ਇਸ ਪਾਵਨ ਗ੍ਰੰਥ ਸਾਹਿਬ ਦਾ ਸੰਕਲਨ ਕੀਤਾ।

੫) ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਦੂਸਰੇ ਅਨੰਨਿ ਪਿਆਰੇ ਬਾਬਾ ਦੀਪ ਸਿੰਘ ਜੀ ਸ਼ਹੀਦ ਜਿਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਉਤਾਰੇ ਨਾਲੋ-ਨਾਲ ਕੀਤੇ ਸਨ। ਉਹਨਾਂ ਦਾ ਗੁਟਕਾ ਸਾਹਿਬ ਜੋ ਤਖਤ ਸ੍ਰੀ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ ਵਿਖੇ ਸ਼ੁਸੋਭਿਤ ਹੈ। ਉਸ ਵਿਚ ਦਸ਼ਮੇਸ਼ ਜੀ ਦੀ ਪਾਵਨ ਬਾਣੀ ਹੀ ਅੰਕਿਤ ਹੈ।

੬) ਜਿਸ ਵਕਤ ੧੭੩੪ਈ: ਵਿਚ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬੀੜ ਸੰਪਾਦਿਤ ਕੀਤੀ ਗਈ। ਉਸੇ ਵਖਤ ਸਿਖਾਂ ਦੀ ਭਗਤ ਮਾਲਾ ਲਿਖੀ ਗਈ ਜਿਸ ਵਿਚ ਵੀ ਸ੍ਰੀ ਦਸ਼ਮੇਸ ਪਾਤਸ਼ਾਹ ਜੀ ਦੀ ਬਾਣੀ ਦਾ ਜ਼ਿਕਰ ਹੈ।

੭) ਭਾਈ ਕੁਇਰ ਸਿੰਘ ਜੀ ਜੋ ਭਾਈ ਮਨੀ ਸਿੰਘ ਜੀ ਦਾ ਵਿਦਿਆਰਥੀ ਸੀ ਨੇ ਵੀ ਆਪਣੀ ਕ੍ਰਿਤ ਗੁਰ ਬਿਲਾਸ ਪਾਤਸ਼ਾਹੀ ੧੦ ਜਿਸਨੂੰ ੧੭੫੧ ਵਿਚ ਪੂਰਾ ਕੀਤਾ ਹੈ। ਉਸ ਵਿਚ ਵੀ ਜ਼ਿਕਰ ਸ੍ਰੀ ਦਸ਼ਮੇਸ਼ ਪਾਤਸ਼ਾਹ ਜੀ ਦੀ ਬਾਣੀ ਦਾ ਕੀਤਾ ਗਿਆ ਹੈ ।

੮) ੧੭੬੦ ਈ: ਵਿਚ ਸਰੂਪ ਸਿੰਘ ਕੌਸ਼ਿਸ ਦੀਆਂ ਗੁਰੂ ਕੀਆਂ ਸਾਖੀਆਂ ਵਿਚ ਗੁਰੂ ਸਾਹਿਬ ਜੀ ਦਾ ਬਾਣੀਆਂ ਲਿਖਣ ਦਾ ਉਦੇਸ਼, ਰਚਨਾ ਕਾਲ, ਉਹਨਾਂ ਦੀ ਇਤਹਾਸਕ ਪ੍ਰਮਾਣਿਕਤਾ ਵੀ ਅੰਕਿਤ ਹੈ।

੯) ਕੇਸਰ ਸਿੰਘ ਛਿਬਰ ਦਾ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਜੋ ਕਿ ੧੭੬੯-੭੦ ਈ: ਵਿਚ ਸੰਪੂਰਨ ਹੋਇਆ ਵਿਚ ਦਸਮ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਦਾ ਸੰਮਤ ਵੀ ਦਸਦਾ ਹੈ।

੧੦) ਭਾਈ ਮਨੀ ਸਿੰਘ ਜੀ ਦੇ ਪੁਤਰ ਭਾਈ ਦੇਸਾ ਸਿੰਘ ਜੀ ਹਨ ਜਿਨ੍ਹਾਂ ਨੇ ਆਪਣੇ ਰਹਿਤਨਾਮੇ ਵਿਚ ਸ੍ਰੀ ਦਸਮ ਗ੍ਰੰਥ ਸਾਹਿਬ ਬਾਰੇ ਪ੍ਰਮਾਣਿਕਤਾ ਦਾ ਹਵਾਲਾ ਇਸ ਪ੍ਰਕਾਰ ਦਿੱਤਾ ਹੈ। **ਦੂਹੂ ਗ੍ਰੰਥ ਮੈ ਬਾਣੀ ਜੋਈ॥ ਚੁਨ ਚੁਨ ਕੰਠ ਕਰੇ.ਨਿਤ ਸੋਈ ॥੩੩..ਚਾਰ ਸੈ ਚਾਰ ਚਰਿਤ੍ਰ ਬਨਾਏ॥ ਜਹਾਂ ਜੁਵਤਨਿ ਕੇ ਛਲ ਦਿਖਰਾਏ॥** ਹੋਰ ਵੀ ਬਹੁਤ ਸਾਰੇ ਸਬੂਤ ਹਨ ਜਿਨ੍ਹਾਂ ਵਿਚ ਮਹਿਮਾ ਪ੍ਰਕਾਸ਼, ਸੂਰਜ ਪ੍ਰਤਾਪ, ਪੰਥ ਪਰਕਾਸ਼ ਆਦਿ ਬੇਅੰਤ ਗਵਾਹੀਆਂ ਹਨ ।

੧੧) ਕਾਨ੍ਹ ਸਿੰਘ ਨਾਭਾ ਨੇ ਚੰਡੀ ਦੀ ਵਾਰ ਦੀ ਭੂਮਿਕਾ ਲਿਖਦਿਆਂ ਹੋਇਆਂ ਆਖਿਆ ਹੈ, "ਦਸ਼ਮੇਸ਼ ਜੀ ਦੇ ਇਸ ਪਾਠ (ਚੰਡੀ ਦੀ ਵਾਰ) ਦਾ ਸੁਤੰਤਰ ਅਨੁਵਾਦ ਮਨੋਹਰ ਰਚਨਾ ਵਿਚ

ਕੀਤਾ ਹੈ। ਭਾਵੇਂ ਉਕਤਿਵਿਲਾਸ ਹਿੰਦੀ ਕਾਵਯ ਵਿਚ ਬਹੁਤ ਉਚਾ ਸਥਾਨ ਰਖਦਾ ਹੈ। ਪਰ ਚੰਡੀ ਦੀ ਵਾਰ ਪੰਜਾਬੀ ਰਚਨਾ ਉਸ ਤੋਂ ਵੀ ਅਦਭੁਤ ਹੈ। ਮੇਰੇ ਨਿਸ਼ਚੇ ਅਨੁਸਾਰ ਇਸ ਪ੍ਰਕਾਰ ਦੀ ਇਹ ਕਾਵਯ ਰਚਨਾ ਪੰਜਾਬੀ ਵਿਚ ਪਹਿਲੀ ਹੈ ।

੧੨) ਗਿ:ਗੁਰਦਿੱਤ ਸਿੰਘ ਜੀ ਚੰਡੀਗੜ੍ਹ ਨੇ ਇਸੇ ਪੁਸਤਕ ਦੀ ਭੂਮਿਕਾ ਦੀ ਸੰਪਾਦਕੀ ਟਿਪਣੀ ਕਰਦਿਆਂ ਆਖਿਆ ਹੈ, "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇਵੀ ਪੂਜਕ ਨਹੀਂ ਸਨ ਅਤੇ ਏਥੇ ਦਿੱਤਾ 'ਭਗਉਤੀ' ਲਫਜ਼ ਅਕਾਲ ਪੁਰਖ ਬੋਧਿਕ ਹੈ।"

੧੩) ਭਗਵੰਤ ਸਿੰਘ ਹਰੀ ਜੀ ਦਸਮ ਗ੍ਰੰਥ ਬਾਣੀ ਬਿਉਰਾ ਵਿਚ ਚਰਿਤ੍ਰਾਂ ਸਬੰਧੀ ਕਾਫੀ ਸੁੰਦਰ ਵੀਚਾਰ ਅੰਕਿਤ ਕਰਦੇ ਹਨ। ਬਹੁਤ ਹੀ ਧਿਆਨ ਦੇਣ ਯੋਗ ਗਲ ਉਹਨਾਂ ਆਖੀ ਹੈ, "ਜੈਸੀ ਕਿਸੇ ਦੇ ਚਿੱਤ ਦੀ ਬ੍ਰਿਤੀ ਹੁੰਦੀ ਹੈ, ਓਹੋ ਜਿਹਾ ਹੀ ਭਾਵ ਉਸ ਦੇ ਮਨ ਵਿਚ ਫੁਰਦਾ ਹੈ। ਚਰਿਤ੍ਰਾਂ ਦੇ ਪਾਠ ਤੋਂ ਮਨ ਤੇ ਭੈੜਾ ਅਸਰ ਪਾਠਕ ਦੇ ਮਨ ਦੀ ਦਸ਼ਾ ਦਾ ਦੋਸ਼ ਹੈ । ਚਰਿਤ੍ਰਾਂ ਦੇ ਪਾਠ ਦਾ ਨਹੀਂ। ਨੀਤੀ ਦਾ ਬਚਨ ਹੈ।

ਵਕਤਾ ਸਮੇਂ ਨੂੰ ਵੀਚਾਰ ਕੇ ਸਭਾ ਵਿਚ ਬੋਲੇ ਜਿਵੇਂ ਜਨਮੋਤਸਵ ਵੇਲੇ ਵੈਰਾਗ ਦੇ ਸ਼ਬਦ, ਚਲਾਣੇ ਸਮੇਂ ਮੰਗਲਾਂ ਦੇ ਸ਼ਬਦ, ਵਿਵਾਹ ਸਮੇਂ ਅਲਾਹਣੀਆਂ ਸੁਣਾਉਣ ਵਾਲਾ ਅਕਲ ਤੋਂ ਸਖਣਾ ਜਾਣਿਆਂ ਜਾਂਦਾ ਹੈ। ਤਿਵੇਂ ਚਰਿਤ੍ਰਾਂ ਦੀ ਗਲ ਸਮਝਣੀ ਚਾਹੀਦੀ ਹੈ। ਜੋ ਸਮੇਂ ਦੇ ਅਨਕੂਲ ਚਰਿਤ੍ਰ ਨਹੀਂ ਸੁਣਾਉਂਦਾ ਉਹ ਸਿਆਣਾ ਨਹੀਂ।

੧੪) ਗੁਲਸ਼ਨ-ਏ-ਪੰਜਾਬ ਵਿਚ ਵੀ ਕਰਤਾ ਨੇ ਸਿਖਾਂ ਦੇ ਗ੍ਰੰਥਾਂ ਦੀ ਵੀਚਾਰ ਰੱਖਦਿਆਂ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਸਬੰਧ ਵਿਚ ਕਾਫੀ ਲਿਖਿਆ ਹੈ।

੧੫) ਗੁਰੂ ਪਿਆਰ ਦੇ ਮੁਜਸ਼ਮੇਂ ਪੰਥ ਰਤਨ ਡਾ: ਭਾਈ ਵੀਰ ਸਿੰਘ ਜੀ ਨੇ ਆਖਿਆ ਹੈ ,ਉਬਾਲਮ ਸਤਿਗੁਰੂ ਕਲਗੀਆਂ ਵਾਲੇ ਪਾਤਸ਼ਾਹ ਨਾਲ ਇਕ ਪਿਆਰ ਇਹ ਹੈ ਕਿ ਅਸੀਂ ਉਹਨਾਂ ਦੀ ਬਾਣੀ ਨੂੰ ਪਿਆਰ ਕਰੀਏ ।"

੧੬) It is extremely difficult to understand the contents of Dasam Granth ,for it has got not only spiritual but also social and cultural elements.

**Dr. khusdeva singh**

੧੭) ਸੰਤ ਸਿੰਘ ਜੀ ਮਸਕੀਨ ਲਿਖਦੇ ਹਨ, ਅਹੰਕਾਰ ਲੋਭ ਮੋਹ ਕ੍ਰੋਧ ਨੂੰ ਮਨੁਖ ਸ਼ਰੇਆਮ ਪ੍ਰਗਟ ਕਰਦਾ ਹੈ। ਕਾਮ ਕ੍ਰਿਤ ਨੂੰ ਪਸ਼ੂ ਹੀ ਸ਼ਰੇਆਮ ਕਰਦੇ ਹਨ। ਮਨੁੱਖਤਾ ਨੇ ਆਪਣੇ ਆਦਿ ਕਾਲ ਤੋਂ ਹੀ ਇਸ ਨੂੰ ਪੜਦੇ ਵਿਚ ਰੱਖਿਆ ਹੈ। ਕ੍ਰਿਤ ਪੜਦੇ ਵਿਚ ਹੋਣ ਕਰਕੇ ਵੀਚਾਰ ਵੀ ਪੜਦੇ ਵਿਚ ਹੋ ਗਏ। ਇਸੇ ਲਈ ਲੋਕਾਂ ਵੱਲੋਂ ਅਸ਼ਲੀਲ ਸਮਝਿਆ ਗਿਆ। ਕ੍ਰਿਤ ਪੜਦੇ ਵਿਚ ਠੀਕ ਹੈ ਮਨੁਖ ਮਨੁਖ ਹੈ ਪਸ਼ੂ ਨਹੀਂ। ਪਰ ਵੀਚਾਰ ਨੂੰ ਪੜਦੇ ਵਿਚ ਰਖ ਕੇ ਮਨੁਖਤਾ ਗੁੰਮਰਾਹ ਹੋ ਗਈ। ਕਾਮ ਮਨੁਖ ਨੂੰ ਬਲਾਤਕਾਰੀ ਅਤੇ ਇਸਤ੍ਰੀ ਨੂੰ ਗਨਿਕਾ ਨਾ ਬਣਾਵੇ ਇਸ ਵਿਚ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਲੇਖਣੀ ਨੇ ਅਟੁਟ ਯੋਗਦਾਨ ਪਾਇਆ ਹੈ।

੧੮) ਪੰਥ ਦੀ ਰੂਹ ਨਿਧੜਕ ਜਰਨੈਲ ਵੀਹਵੀਂ ਸਦੀ ਦੇ ਗੁਰੂ ਕੇ ਸਪੂਤ ਸੰਤ ਗਿ: ਜਰਨੈਲ ਸਿੰਘ ਜੀ ਖਾਲਸਾ ਨੇ ਵੀ ਲਿਖਦਿਆਂ ਆਖਿਆ ਹੈ, ਦਸਮ ਗ੍ਰੰਥ ਸਾਹਿਬ ਅਤੇ ਪੰਥ ਦਾ ਬਹੁਤ ਹੀ ਡੂੰਘਾ ਰਿਸਤਾ ਹੈ। ਦਸਮ ਗ੍ਰੰਥ ਸਾਹਿਬ ਯੁਧ ਉਭਾਰਨ ਲਈ ਹੈ। ਪੰਥ ਦੁਸ਼ਟ ਸੰਘਾਰਨ ਲਈ ਹੈ। ਇਹਨਾਂ ਡੂੰਘੇ ਸੰਬਧਾਂ ਦੀ ਪਛਾਣ ਜਰੂਰੀ ਹੈ।

੧੯) ਹੁਣ ਵਕਤ ਆ ਗਿਆ ਹੈ ਕਿ ਦਸਮ ਗ੍ਰੰਥ ਸਾਹਿਬ ਦੇ ਸਾਹਿਤ ਦਾ ਪ੍ਰਭਾਵ ਫਿਰ ਮਹਿਸੂਸ ਕੀਤਾ ਜਾਵੇ। ਜਿਸ ਉਦੇਸ਼ ਨੂੰ ਲੈ ਕੇ ਗੁਰੂ ਜੀ ਨੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਰਚਨਾ ਕੀਤੀ ਸੀ। ਉਸ ਨੂੰ ਮੁੜ ਸੁਰਜੀਤ ਕੀਤਾ ਜਾਏ। ( ਡਾ: ਬਲਵੀਰ ਸਿੰਘ ਜੀ ਡੇਹਰਾਦੂਨ)

੨੦) ਅਖੀਰ ਵਿਚ ਜੋਹਨ ਮੈਲਕਮ ਦੇ ਬੋਲ ਹਨ ਕਿ ਪੁਰਾਤਨ ਸਿੰਘਾਂ ਵਿਚ ਦਸਮ ਗ੍ਰੰਥ ਦਾ ਕਿਤਨਾ ਸਤਿਕਾਰ ਸੀ, ਇਹ ਇਸ ਗਲ ਤੋਂ ਜਾਹਰ ਹੈ ਕਿ ਸਿੱਖ ਮਿਸਲਾਂ ਸਮੇਂ ਜਦੋਂ ਕਿਤੇ ਸਰਬਤ ਖਾਲਸਾ ਜੁੜਦਾ ਸੀ। ਤਾਂ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਵੀ ਪ੍ਰਕਾਸ਼ ਕੀਤਾ ਸੀ ।

ਸੋ ਅਜ ਵੀ ਜ਼ਰੂਰਤ ਹੈ ਕਿ ਗੁਰੂ ਪਿਆਰ ਵਿਚ ਗੜੂੰਦ ਹੋ ਕੇ ਆਪਣੇ ਮਾਹੀ ਦੇ ਕੀਤੇ ਹੋਏ ਪਰਉਪਕਾਰਾਂ ਨੂੰ ਪੜ੍ਹੀਏ ਅਤੇ ਅਗਾਂਹ ਆਪਣੇ ਬੱਚਿਆਂ ਨੂੰ ਪੜ੍ਹਾਈਏ। ਤਾਂ ਕਿ ਯਥਾਰਥ ਗਿਆਨ ਅਸਾਡੇ ਪਾਸ ਹੋਵੇ ਜਿਸ ਕਰਕੇ ਗੁਰੂ ਕੀਆਂ ਅਸ਼ੀਸਾਂ ਦੇ ਅਧਿਕਾਰੀ ਬਣ ਸਕੀਏ।

ਟਕਸਾਲ ਉਸ ਸੰਸਥਾ ਦਾ ਨਾਮ ਹੀ ਹੈ। ਜਿਥੇ ਆ ਕੇ ਇਕ ਜੀਵਨ ਆਪਣੀ ਅਸਲੀਅਤ ਵਿਚ ਹੀ ਪ੍ਰਵਾਨ ਨਹੀਂ ਹੁੰਦਾ ਬਲਕਿ ਦੂਜਿਆਂ ਦੇ ਲਈ ਪ੍ਰੇਰਨਾ ਸਰੋਤ ਬਣ ਜਾਂਦਾ ਹੈ। ਜਿਵੇਂ ਧਰਤੀ ਵਿਚ ਪਈ ਧਾਤੂ ਨੂੰ ਕੋਈ ਵੀ ਨਹੀਂ ਪੁਛਦਾ ਪਰ ਜਦ ਓਹੀ ਧਾਤੂ ਟਕਸਾਲ (ਸਿਕੇ ਘੜਨ ਦਾ ਘਰ) ਵਿਚ ਆ ਕੇ ਕਿਸੇ ਸਿਕੇ ਦਾ ਰੂਪ ਧਾਰਨ ਕਰ ਲੈਂਦੀ ਹੈ। ਤਦੋਂ ਲੋਕਾਂ ਦੇ ਖਜ਼ਾਨੇ ਦਾ ਸਿੰਗਾਰ ਬਣ ਜਾਂਦੀ ਹੈ। ਹਰ ਕੋਈ ਉਸ ਨੂੰ ਸਾਂਭ ਸਾਂਭ ਕੇ ਰੱਖਦਾ ਹੈ। ਇਸੇ ਪ੍ਰਕਾਰ ਟਕਸਾਲ ਦੇ ਅਰਥ ਕਾਨ੍ਹ ਸਿੰਘ ਨਾਭਾ ਨੇ ਉਤਮ ਸਿੱਖਿਆ ਦੀ ਥਾਂ ਕੀਤੇ ਹਨ। ਸੰਤ ਗਿਆਨੀ ਗੁਰਬਚਨ ਸਿੰਘ ਜੀ ਸਿੰਘਾਂ ਨਾਲ ਇਤਨੇ ਇਕਮਿਕ ਹੁੰਦੇ ਸਨ ਜਿਵੇਂ ਲੋਕ ਅਖਾਣ ਹੈ, ਘਿਉ ਖਿਚੜੀ ਹੋਣਾ। ਅਨੰਤ ਵਿਦਿਆਰਥੀਆਂ ਦੇ ਨਾਲ ਬਾਬਾ ਅਮਰ ਸਿੰਘ ਜੀ ਨੇ ਵੀ ਆਪਣਾ ਜੀਵਨ ਸੁਧਾਰਨ ਲਈ ਆਪਣੇ ਨਿੱਤ ਕਰਮ ਅਨੁਸਾਰ ਵਿਦਿਆ ਪੜ੍ਹਨੀ, ਕਥਾ ਦੀਆਂ ਕਾਪੀਆਂ ਲਿਖਣੀਆਂ, ਲੱਗੀ ਸੇਵਾ ਨੂੰ ਸ਼ਰਧਾ ਭਾਵਨਾ ਸਹਿਤ ਕਰਨਾ, ਬਾਣੀ ਕੰਠ ਕਰਨੀ, ਸੰਥਿਆ ਦੇ ਸਮੇਂ ਸੰਥਿਆ ਵਿਚ ਹਾਜ਼ਰ ਹੋਣਾ ਅਤੇ ਸਵੇਰ ਸ਼ਾਮ ਸਤਿਗੁਰੂ ਜੀ ਦੀ ਬਾਣੀ ਪੜ੍ਹਨੀ ਅਤੇ ਸਿਮਰਨ ਕਰਨਾ। ਜਿਸ ਪ੍ਰਕਾਰ ਹਰ ਇਨਸਾਨ ਦਾ ਆਪਣਾ ਕੋਈ ਨਾ ਕੋਈ ਮਨ ਪਸੰਦ ਰੁਝੇਵਾਂ ਹੁੰਦਾ ਹੈ। ਜਿਸ ਨੂੰ ਅਸੀਂ ਸ਼ੌਕ ਆਖਦੇ ਹਾਂ। ਜਿਵੇਂ ਦੇਸ਼ਾਂ ਵਿਦੇਸਾਂ ਦੀਆਂ ਕਰੰਸੀਆਂ ਇਕਠੀਆਂ ਕਰਨੀਆਂ, ਅਖਬਾਰਾਂ ਦੀਆਂ ਮਨਪਸੰਦ ਖਬਰਾਂ ਇਕਠੀਆਂ ਕਰਨੀਆਂ, ਕਿਤਾਬਾਂ ਨੂੰ ਇਕਠੀਆਂ ਕਰਨਾ, ਵਧ ਤੋਂ ਵਧ ਸਾਥੀ ਬਣਾਉਣ ਲਈ ਯਤਨਸ਼ੀਲ ਹੋਣਾ, ਕੋਈ ਕੁਝ ਕੋਈ ਕੁਝ, ਪਰ ਬਾਬਾ ਅਮਰ ਸਿੰਘ ਜੀ ਦਾ ਸ਼ੌਕ ਲੰਗਰ ਵਿਚ ਪੂਰਨ ਭਾਵਨਾ ਸਹਿਤ ਸੇਵਾ ਕਰਨੀ। ਸੇਵਾ ਇਤਨੀ ਭਾਵਨਾ ਸਰਧਾ ਅਤੇ ਉਦਮ ਸਹਿਤ ਕਰਨੀ ਕਿ ਦੇਖਣ ਵਾਲੇ ਦਾ ਧਿਆਨ ਆਪਣੇ ਆਪ ਖਿਚਿਆ

ਜਾਣਾ। ਇਨ੍ਹਾਂ ਦੀ ਸੇਵਾ ਵੇਖ ਕੇ ਇਕ ਦਿਨ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਜੀ ਨੇ ਕਿਹਾ, ਅਮਰ ਸਿੰਘ ਤਾਂ ਬਹੁਤ ਕਿਰਤੀ ਹੈ। ਪਹਿਲਾਂ ਗੁਰੂ ਕੇ ਲੰਗਰ ਦੀ ਕਿਰਤ ਕਰਦਾ ਹੈ ਫਿਰ ਕੁਝ ਛਕਦਾ ਹੈ"। ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਨੇ ਆਪਣੀ ਲਿਖਤ ਗੁਰਮੁਖਿ ਪ੍ਰਕਾਸ਼ ਵਿਚ ਬਾਬਾ ਅਮਰ ਸਿੰਘ ਜੀ ਬਾਬਤ ਲਿਖਿਆ ਹੈ:-

**ਮਸਕੀਨੀ ਹੈ ਅਮਰ ਸਿੰਘ ਟਿੱਬਾ ਪਿੰਡ ਤਿਹ ਖਾਸ॥**
**ਕੀਰਤ ਤੇ ਕਿਰਤੀ ਭਯੋ ਕਰਤ ਬਹੁਤ ਅਭਿਆਸ॥**

ਬਾਬਾ ਅਮਰ ਸਿੰਘ ਜੀ ਦੀ ਨਿਮਰਤਾ ਵਾਲਾ ਸੁਭਾਅ ਅਤੇ ਸਾਦਗੀ ਵਾਲਾ ਜੀਵਨ ਆਪਣੇ ਪਾਸ ਹਰ ਤਰਾਂ ਨਾਲ ਵੇਖ ਕੇ ਆਖਿਆ ਹੈ। ਅਮਰ ਸਿੰਘ ਮਸਕੀਨ ਹੈ। (ਮਸਕੀਨ=ਸਕਨ 'ਚੁਪਚਾਪ' ਰਹਿਣ ਵਾਲਾ, ਅਧੀਨ ਭਾਵ ਨਮ ਰਹਿਣ ਵਾਲਾ)। ਹਰ ਇਕ ਨਾਲ ਬਹੁਤ ਹਲੇਮੀ ਨਾਲ ਵਰਤ ਵਰਤਾ ਕਰਦਾ ਹੈ। ਕੀਰਤ ਦਾ ਭਾਵ ਹੈ ਜਸ ਵਡਿਆਈ; ਬਾਬਾ ਅਮਰ ਸਿੰਘ ਨੇ ਆਪਣੇ ਪ੍ਰਭੂ ਦੀਆਂ ਸੰਗਤਾਂ ਦੀ ਸੇਵਾ ਦੁਆਰਾ ਅਤੇ 'ਨਾਮ ਦੇ ਸਿਮਰਨ ਦੁਆਰਾ' ਵਡਿਆਈ ਪ੍ਰਾਪਤ ਕੀਤੀ ਹੈ। ਆਪ ਜੀ ਨੇ ਵਿਦਿਆ, ਸੇਵਾ, ਬਾਣੀ, ਨਾਮ ਦਾ ਬਹੁਤ ਅਭਿਆਸ ਕੀਤਾ ਹੈ। ਇਸ ਲਈ ਸੰਗਤ ਵਿਚ ਇਹਨਾਂ ਦਾ ਨਾਮ ਕਿਰਤੀ ਹੋ ਗਿਆ ਹੈ। ਆਪਣੇ ਪਿਆਰੇ ਉਸਤਾਦ (ਵਿਦਿਆ ਪੜ੍ਹਾਉਣ ਵਾਲਾ) ਦੇ ਮੁਖੋਂ ਅਸੀਸ ਦੇ ਬਚਨ ਪ੍ਰਾਪਤ ਹੋ ਜਾਣੇ। ਸਮਝੋ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬਖਸ਼ਸ਼ਾਂ ਦੇ ਦਰਵਾਜ਼ੇ ਖੁਲ੍ਹ ਗਏ ਹਨ। ਪ੍ਰਮਾਤਮਾ ਦੇ ਸਚਖੰਡ ਨਿਵਾਸ ਲਈ ਥਾਂ ਪ੍ਰਾਪਤੀ ਦਾ ਸਬਬ ਬਣ ਗਿਆ ਹੈ। ਬਸ! ਇਹ ਤਖੱਲਸ ਬਾਬਾ ਅਮਰ ਸਿੰਘ ਜੀ ਦੇ ਨਾਮ ਨਾਲ ਜੁੜ ਗਿਆ, ਬਾਅਦ ਵਿਚ ਆਮ ਕਰਕੇ ਇਹਨਾਂ ਨੂੰ ਕਿਰਤੀ ਜੀ ਕਰਕੇ ਹੀ ਬੁਲਾਇਆ ਜਾਂਦਾ ਸੀ। ਇਥੋਂ ਇਹਨਾਂ ਦਾ ਨਾਮ ਅਮਰ ਸਿੰਘ ਕਿਰਤੀ ਸੰਗਤ ਵਿਚ ਮਕਬੂਲ ਹੋਇਆ। ਬਾਬਾ ਅਮਰ ਸਿੰਘ ਜੀ ਕਿਰਤੀ ਦੇ ਪਾਸ ਰਹਿ ਕੇ ਸਮਾਂ ਗੁਜਾਰਨ ਵਾਲਿਆਂ ਤੋਂ ਇਸ ਪ੍ਰਕਾਰ ਵੀ ਸੁਣਿਆਂ ਹੈ। ਕਿ ਇਕ ਵਾਰ ਸਤਿਗੁਰੂ ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਗੁਰਪੁਰਬ ਨੂੰ ਮਹਾਂਪੁਰਖ ਸਾਰੇ ਸਿੰਘਾਂ ਨੂੰ ਆਖਣ ਲੱਗੇ ਕਿ ਜਿਸ ਪਾਸ ਜਿੰਨੀ ਮਇਆ ਹੈ। ਸਾਰੀ ਇਕ ਥਾਂ ਅਸਾਡੇ ਪਾਸ ਇਕਠੀ ਕਰੋ। ਸਾਰੇ ਸਿੰਘ, ਜਿਤਨੀ ਕਿਸੇ ਪਾਸ ਮਾਇਆ ਸੀ ਭੇਟ ਕਰਨ ਲੱਗੇ ਅਮਰ ਸਿੰਘ ਜੀ ਕੋਲ ਉਸ ਵਕਤ ਕੇਵਲ ਅਠਨੀ (੫੦ ਪੈਸੇ) ਸੀ। ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਮੁਸਕੁਰਾ ਕੇ ਆਖਣ ਲੱਗੇ, ਅਮਰ ਸਿੰਘ ਬਸ! ਇਤਨੀ ਕੁ ਮਾਇਆ ਹੀ ਸਤਿਗੁਰੂ ਜੀ ਦੀ ਸੇਵਾ ਵਿਚ ਅਰਪਣ ਕਰਨੀ ਹੈ। ਬਾਬਾ ਅਮਰ ਸਿੰਘ ਆਖਣ ਲੱਗੇ ਕਿ ਇਹ ਮਿਹਨਤ ਦੀ ਮਾਇਆ ਹੈ। ਸੰਤ ਆਖਣ ਲੱਗੇ ਕਿ ਇਹ ਅਸਲ ਵਿਚ ਕਿਰਤੀ ਹੈ। ਸੰਤ ਗਿਆਨੀ ਗੁਰਬਚਨ ਸਿੰਘ ਜੀ ਦਾ ਇਹ ਨਿਜੀ ਸੁਭਾਅ ਸੀ। ਉਹ ਕਦੇ ਵੀ ਆਪਣੇ ਪਾਸ ਮਾਇਆ ਨਹੀਂ ਰੱਖਦੇ ਸਨ। ਜੇ ਕਿਸੇ ਪ੍ਰੇਮੀ ਨੇ ਮਾਇਆ ਭੇਟ ਕਰਨੀ ਤਾਂ ਸੰਤਾਂ ਨੇ ਆਪਣੇ ਜਥੇ ਵਿਚ ਸਿਆਣੇ ਸਿੰਘਾਂ ਨੂੰ ਮਾਇਆ ਵੰਡ ਦੇਣੀ। ਜਦੋਂ ਕਿਤੇ ਸੰਤਾਂ ਦੀ ਵੀਚਾਰ ਹੋਣੀ ਕਿ ਸਿੰਘਾਂ ਨੂੰ ਖੁਰਾਕ ਦੀ ਜ਼ਰੂਰਤ ਹੈ। ਪੜ੍ਹਨ ਵੇਲੇ ਦਿਮਾਗ ਦੀ ਬਹੁਤ ਵਰਤੋਂ ਹੁੰਦੀ ਹੈ। ਤਾਂ ਆਪ ਨੇ ਸਿੰਘਾਂ ਨੂੰ ਆਖਣਾ ਕਿ ਭਾਈ ਪੈਸੇ ਲਿਆਓ ਸਿੰਘਾਂ ਨੂੰ ਕੜਛੀ (ਸਿੰਘਾਂ ਵਾਸਤੇ ਘਿਓ ਵਰਤਾਉਣ ਨੂੰ ਸੰਤ ਕੜਛੀ ਆਖਦੇ ਸਨ)

ਵਰਤਾਉਣੀ ਹੈ। ਸਾਰੇ ਸਿੰਘਾਂ ਤੋਂ ਪੈਸੇ ਇਕਠੇ ਕਰਕੇ ਘਿਉ ਲੈ ਆਉਣਾ ਅਤੇ ਜੇ ਇਛਾ ਹੋਣੀ ਤਾਂ ਜਲੇਬੀਆਂ ਆਦਿਕ ਤਿਆਰ ਕਰਕੇ ਛਕਾ ਦੇਣੀਆਂ। ਇਸ ਪ੍ਰਕਾਰ ਦਿਨ ਚੜ੍ਹਦੇ ਦਾ ਅਤੇ ਸ਼ਾਮ ਢੁੰਦੀ ਦਾ ਪਤਾ ਹੀ ਨਹੀਂ ਲੱਗਦਾ ਸੀ ਸਮਾਂ ਆਪਣੀ ਚਾਲੇ ਤੁਰਿਆ ਜਾਂਦਾ। ਕਈ ਵਾਰ ਮਹਾਂਪੁਰਖਾਂ ਨੇ ਸਿੰਘਾਂ ਨਾਲ ਹਾਸ ਬਿਲਾਸ ਲਈ ਅਨੇਕ ਤਰ੍ਹਾਂ ਦੇ ਬਚਨ ਕਰਨੇ ਤਾਂ ਕਿ ਵਿਦਿਆਰਥੀਆਂ ਨੂੰ ਬੇਗਾਨਗੀ ਪ੍ਰਤੀਤ ਨਾ ਹੋਏ। ਜੇ ਕਦੇ ਸਿੰਘਾਂ ਨੇ ਕੋਈ ਹਾਸ ਬਿਲਾਸ ਦੇ ਬਚਨ ਆਖ ਦੇਣੇ ਤਾਂ ਮਹਾਂਪੁਰਖਾਂ ਨੇ ਵੀ ਹਸ ਕੇ ਗਲ ਵਿਸਾਰ ਦੇਣੀ। ਕਿ ਗੁਰੂ ਕੀਆਂ ਲਾਡਲੀਆਂ ਫੌਜਾਂ ਹਨ। ਇਕ ਵਾਰ ਸੰਤ ਗਿਆਨੀ ਗੁਰਬਚਨ ਸਿੰਘ ਜੀ ਹਰ ਰੋਜ਼ ਦੀ ਤਰ੍ਹਾਂ ਬਾਹਰ ਸੈਰ ਕਰਨ ਜਾਣ ਲੱਗੇ। ਹਜ਼ੂਰੀ ਸਿੰਘ ਕੋਲ ਹਾਜ਼ਰ ਨਹੀਂ ਸੀ। ਬਾਬਾ ਅਮਰ ਸਿੰਘ ਜੀ ਨੂੰ ਨੇੜੇ ਵਿਚਰਦਾ ਵੇਖ ਕੇ ਆਖਣ ਲੱਗੇ, ਕਿਰਤੀ ਜੀ! ਚਲੋ ਬਾਹਰ ਸੈਰ ਕਰ ਆਈਏ। ਬਾਬਾ ਅਮਰ ਸਿੰਘ ਕਿਰਤੀ ਨੇ ਗੜਵਾ ਚੁਕ ਲਿਆ। ਸੰਤਾਂ ਦੇ ਪਿਛੇ ਕੁਝ ਫਾਸਲੇ ਨਾਲ ਤੁਰਦੇ ਜਾ ਰਹੇ ਸਨ। ਗੜਵੇ ਦਾ ਇਹਨਾਂ ਨੂੰ ਕਾਫੀ ਭਾਰ ਲੱਗਾ। ਸੰਤ ਸੈਰ ਕਰਨ ਵੇਲੇ ਬਹੁਤ ਦੂਰ ਤੱਕ ਤੁਰਕੇ ਜਾਂਦੇ ਸਨ। ਬਾਬਾ ਅਮਰ ਸਿੰਘ ਅੱਗੇ ਹੋ ਕੇ ਗੜਵਾ ਰੱਖਦਿਆਂ ਆਖਣ ਲੱਗੇ ਜੀ! ਇਹ ਪਾਣੀ ਵਰਤ ਲਵੋ। ਸੰਤ ਮੁਸਕਰਾ ਕੇ ਆਖਣ ਲੱਗੇ ਕਿਉਂ ਭਾਰਾ ਲਗਦਾ ਹੈ। ਅਮਰ ਸਿੰਘ ਆਖਣ ਲੱਗੇ, ਇਸੇ ਲਈ ਤਾਂ ਤੁਹਾਡੇ ਅੱਗੇ ਰੱਖਿਆ ਹੈ। ਸੰਤਾਂ ਨੇ ਗਲ ਹਾਸੇ ਵਿਚ ਪਾ ਕੇ ਵਿਸਾਰ ਦਿੱਤੀ। ਪਰ ਗੁਰੂ ਕੇ ਸਿੰਘ ਨੂੰ ਕੁਝ ਨਹੀਂ ਆਖਿਆ ਕਿ ਤੂੰ ਸਾਡੇ ਨਾਲ ਕਿਸ ਵਾਸਤੇ ਰਹਿੰਦਾ ਹੈ। ਹਾਂ! ਜੇ ਕੋਈ ਗਲ ਜਥੇ ਦੇ ਸਿਧਾਂਤਾਂ ਤੋਂ ਜਾਂ ਗੁਰਮਤਿ ਤੋਂ ਉਲਟ ਹੁੰਦੀ ਫੇਰ ਸਿੰਘ ਨੂੰ ਤਾੜਨਾ ਕਰਦੇ ਸਨ। ਇਸੇ ਪਿਆਰ ਦੇ ਬੱਝੇ ਜਥੇ ਵਿਚ ੧੫੦ ਦੇ ਕਰੀਬ ਸਿੰਘ ਰਹਿੰਦੇ ਸਨ। ਬਾਬਾ ਅਮਰ ਸਿੰਘ ਜੀ ਕਿਰਤੀ ਜਥੇ ਵਿਚ ਆਪਣੇ ਵਿਦਿਆਰਥੀ ਕਾਲ ਦਾ ਪੂਰਨ ਖਿਆਲ ਰਖਦੇ ਸਨ ਕਿ ਇਹ ਸਮਾਂ ਮੁੜਕੇ ਹਥ ਨਹੀਂ ਆਉਣਾ। ਜਿਥੇ ਆਪ ਜੀ ਜਥੇ ਦੇ ਵਿਦਿਆਰਥੀਆਂ ਨਾਲ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚਾਰਦੇ ਸਨ ਉਥੇ ਆਪਣੀ ਸੰਥਿਆ ਦੀ ਮਿਹਨਤ ਪੂਰੀ ਤਨਦੇਹੀ ਨਾਲ ਕਰਦੇ ਸਨ। ਕਿਉਂਕਿ ਵਿਦਿਆ ਵਰਗਾ ਸਾਥੀ ਇਨਸਾਨ ਦਾ ਕੋਈ ਵੀ ਨਹੀਂ ਹੈ। ਕਵੀ ਹਰਦਿਆਲ ਜੀ ਨੇ ਸਾਰਕੁਤਾਵਲੀ ਵਿਚ ਬਹੁਤ ਸੁੰਦਰ ਲਿਖਿਆ ਹੈ।

**ਭੂਖਣ ਮੈਂ ਯਹ ਭੂਖਣ ਹੈ**
**ਸੁਭ ਵੇਦ ਮਈ ਇਕ ਬਾਣੀ ਉਚਾਰਾ।**
**ਨਰ ਕੋ ਵਹੁ ਸੁੰਦਰ ਬੇਗ ਕਰੈ**
**ਬਪੁ ਸਾਰ ਜਿਵੇਂ ਫਲੁ ਦੇਵਹਿ ਸਾਰਾ।**
**ਚਤੁਰਾਨਨ ਚੌਦਸ ਭੌਨ ਰਚੇ**
**ਪਰ ਨਾ ਵਿਦਯਾ ਸਮ ਤਾਹਿ ਮਝਾਰਾ।**
**ਨਰ ਤਾਂ ਤੇ ਸਦੀਵ ਪੜ੍ਹੇ ਵਿਦਯਾ**
**ਹਰਿਦਿਆਲ ਚਹੇ ਜੁ ਪਦਾਰਥ ਚਾਰਾ।**

ਕਵੀ ਜੀ ਆਖਦੇ ਹਨ ਕਿ ਗਹਿਣੇ ਮਨੁੱਖ ਦੇ ਪਹਿਰਾਵੇ ਨੂੰ ਸੁੰਦਰ ਬਣਾਉਂਦੇ ਹਨ।

ਗਹਿਣਿਆਂ ਵਿਚੋਂ ਸੁੰਦਰ ਗਹਿਣਾ ਗਿਆਨ ਦੀ ਬਾਣੀ ਵਿਦਿਆ ਦਾ ਹੈ। ਇਹ ਮਨੁਖ ਦੇ ਜੀਵਨ ਨੂੰ ਬਹੁਤ ਛੇਤੀ ਖੁਸ਼ਹਾਲ ਕਰ ਦਿੰਦਾ ਹੈ। ਬ੍ਰਹਮਾਂ ਨੇ ਚੌਦਾਂ ਭਵਨ ਬਣਾਏ ਹਨ। ਪਰ ਵਿਦਿਆ ਦੇ ਬਰਾਬਰ ਕੋਈ ਵੀ ਨਹੀ ਹੈ। ਇਹ ਹਰਿਦਿਆਲ ਕਵੀ ਆਖਦਾ ਹੈ ਜਿਹੜਾ ਚਾਰ ਪਦਾਰਥ ਚਾਹੁੰਦਾ ਹੈ। ਉਹ ਹਮੇਸ਼ਾਂ ਲਈ ਵਿਦਿਆ ਪੜਨਾ ਕਰੇ।

**ਮਾਤਾ ਵਤ ਰਖਯਾ ਕਰੈ ਪਿਤਾ ਜਿਵੇਂ ਹਿਤਕਾਰ ।**
**ਕਰੇ ਨਾਰਿ ਜਯੋਂ ਪ੍ਰੇਮ ਬਹੁ ਸੋਕ ਟਾਰ ਸੁਖਕਾਰ।੨੪।**

ਕਿਉਂਕਿ ਵਿਦਿਆ ਮਾਂ ਵਾਂਗ ਰਖਿਆ ਕਰਦੀ ਹੈ।ਪਿਤਾ ਵਾਂਗ ਭਲਾ ਚਾਹੁਣ ਵਾਲੀ ਹੈ। ਸਤੀ ਵਾਂਗ ਸਾਥ ਨਿਭਾਉਣ ਵਾਲੀ ਹੈ।

**ਵਿਦਯਾ ਬਾਧਵ ਜਯੋਂ ਸਕਲ ਕਾਰਜ ਦੇਤ ਸਵਾਰ।**
**ਦਾਯਕ ਕੀਰਤਿ ਦਰਬ ਕੀ ਤਾਂ ਤੇ ਪੜ੍ਹੇ ਉਦਾਰ।੨੫॥**

ਵਿਦਿਆ ਸਾਰੇ ਸਬੰਧੀਆਂ ਵਰਗੀ ਹੈ। ਸਾਰੇ ਕਾਰਜ ਸਫਲ ਕਰ ਦਿੰਦੀ ਹੈ। ਸਭ ਤੋਂ ਵਡੀ ਗਲ ਵਿਦਿਆ ਹਰ ਥਾਂ ਜਸ ਕਰਵਾ ਦਿੰਦੀ ਹੈ। ਇਸ ਲਈ ਸਿਆਣਾ ਮਨੁਖ ਵਿਦਿਆ ਨੂੰ ਪੜਨਾ ਕਰੇ।

**ਸਹਸ ਗੁਨਾ ਵਿਦਯਾ ਵਧੇ ਪੁਨਾ ਪੁਨਾ ਅਭਿਆਸ ।**
**ਰਸਨਾਗ੍ਰੈ ਨਿਸ ਦਿਨ ਬਸੇ ਜਯੋਂ ਜਲ ਨੀਚੇ ਵਾਸ॥੨੬॥**

ਵਾਰ ਵਾਰ ਪੜ੍ਹਨ ਨਾਲ ਵਿਦਿਆ ਵਧਦੀ ਜਾਂਦੀ ਹੈ। ਵਿਦਿਆਰਥੀ ਦੀ ਰਸਨਾ ਤੇ ਇਉ ਟਿਕ ਜਾਂਦੀ ਹੈ ਜਿਵੇਂ ਨੀਵੀਂ ਥਾਂ ਤੇ ਜਾ ਕੇ ਟਿਕਣਾ ਪਾਣੀ ਦਾ ਸੁਭਾਅ ਹੈ।

**ਤਬ ਲਗਿ ਵਿਦਿਆ ਕੋ ਪੜੋ ਜਬ ਲਗ ਘਟ ਮੈ ਪ੍ਰਾਨ॥**
**ਜਾਂਹਿ ਧਨੀ ਪਹੂੰਚੈ ਨਹੀ ਤਹਿ ਪਹੁੰਚੇ ਵਿਦਵਾਨ॥੩॥**

ਹਰਿਦਿਆਲ ਜੀ ਆਖਦੇ ਹਨ ਕਿ ਵਿਦਿਆ ਨੂੰ ਉਤਨਾਂ ਚਿਰ ਪੜ੍ਹਦੇ ਜਾਓ ਜਦੋਂ ਤੱਕ ਸਰੀਰ ਵਿਚ ਸਵਾਸ ਚਲਦੇ ਹਨ। ਕਿਉਂਕਿ ਜਿਥੇ ਧਨਵਾਨ ਮਨੁਖ ਨੂੰ ਵੀ ਪੁਹੰਚਣਾ ਮੁਸ਼ਕਲ ਹੈ। ਉਥੇ ਵਿਦਵਾਨ ਮਨੁਖ ਸਹਿਜੇ ਹੀ ਪਹੁੰਚ ਜਾਂਦਾ ਹੈ।

**ਅਰਧ ਚਤੁਰਥ ਨਿਤ ਪੜ੍ਹ ਛਾਡੇ ਬੇਨਾਗ॥**
**ਨਿਤ ਕਰਮ ਤੈਸੋ ਕਰੇ ਬੁਧਵੰਤ ਬਡਭਾਗ॥**

ਇਸ ਲਈ ਜਦ ਤੋਂ ਪੜ੍ਹਨਾ ਸ਼ੁਰੂ ਕਰ ਦੇਵੇ ਤਾਂ ਪੂਰਾ ਸਲੋਕ ਜਾਂ ਅੱਧਾ ਸਲੋਕ ਜਾਂ ਅੱਧੇ ਤੋਂ ਵੀ ਅੱਧਾ ਭਾਵ ਚੌਥਾ ਹਿਸਾ ਜਰੂਰ-ਬਰ-ਜਰੂਰ ਪੜ੍ਹੇ। ਇਸ ਲਗਨ ਦੀ ਪ੍ਰਪੱਕਤਾ ਵਾਸਤੇ ਨਿਤ ਕਰਮ ਵੀ ਉਸੇ ਪ੍ਰਕਾਰ ਕਰਨਾ ਕਰੇ। ਜਿਸ ਦੇ ਜੀਵਨ ਦਾ ਨਿਤਨੇਮ ਅਤੇ ਪੜ੍ਹਾਈ ਹਿੱਸਾ ਬਣ ਗਈ ਉਹ ਵਡਭਾਗਾ ਮਨੁਖ ਹੈ। ਜੇ ਨਿਤਨੇਮ ਜ਼ਿੰਦਗੀ ਦਾ ਹਿੱਸਾ ਨਾ ਹੋਵੇ ਤਾਂ ਇਕੱਲੀ ਵਿਦਿਆ ਮਨੁੱਖ ਨੂੰ ਅਹੰਕਾਰੀ ਬਣਾ ਦਿੰਦੀ ਹੈ। **ਪੜ੍ਹਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥** ਤਾਂ ਹੀ ਟਕਸਾਲ ਅੰਦਰ ਜੀਵਨ ਦੀ ਘਾੜਤ ਦੋਨੋਂ ਹੀ ਕਰਤਬਾਂ ਨਾਲ ਸ਼ੁਰੂ ਕੀਤੀ ਜਾਂਦੀ ਹੈ। ਬਾਬਾ ਅਮਰ ਸਿੰਘ ਕਿਰਤੀ ਜੀ ਨੇ ਦੋਨੋਂ ਹੀ ਕਰਤਬ ਆਪਣੇ ਜ਼ਿੰਦਗੀ ਦਾ ਹਿਸਾ

ਬਣਾ ਲਏ ਸਨ। ਜਦੋਂ ਤੋਂ ਗੁਰੂ ਨਾਨਕ ਸਾਹਿਬ ਜੀ ਦੇ ਦਰਬਾਰ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੁਹੰਚੇ ਸਨ ਨਿਤਨੇਮ ਦੀ ਬਖਸ਼ਸ਼ ਤਾਂ ਉਸ ਵੇਲੇ ਤੋਂ ਹੀ ਹੋ ਗਈ ਸੀ। ਸੰਤ ਗਿਆਨੀ ਗੁਰਬਚਨ ਸਿੰਘ ਜੀ ਦੇ ਨਾਲ ਜਥੇ ਵਿਚ ਪ੍ਰਵੇਸ਼ ਕਰਨ ਤੇ ਜੀਵਨ ਗਿਆਨ ਦਾ ਭੰਡਾਰ ਅਤੇ ਗੁਰਮਤਿ ਵੀਚਾਰਾਂ ਵਾਲੀ ਸ਼ਖਸ਼ੀਅਤ ਬਣ ਗਿਆ, ਫੇਰ ਤਾਂ ਸੋਨੇ ਤੇ ਸੁਹਾਗਾ ਬਣ ਗਿਆ ਸੀ। ਵਿਦਿਆ ਮਨੁੱਖ ਨੂੰ ਗਿਆਨ ਦਿੰਦੀ ਹੈ। ਗਿਆਨ ਹੀ ਤੀਜਾ ਨੇਤਰ ਹੈ। ਜਿਸ ਨੇਤਰ ਸਦਕਾ ਮਨੁਖ ਜਾਤੀ ਦਾ ਦੂਜੀਆਂ ਜਾਤੀਆਂ ਨਾਲੋਂ ਫਰਕ ਨਜ਼ਰ ਆਉਂਦਾ ਹੈ। ਨੀਤੀਵਾਨ ਦਾ ਕਥਨ ਹੈ।

**ਨਿੰਦ੍ਰਾ ਭੋਜਨ ਭੋਗ ਭੈ ਇਹ ਪਸੁ ਪੁਰਖ ਸਮਾਨ॥**
**ਨਰਨ ਗਿਆਨ ਨਿਜ ਅਧਿਕਤਾ ਗਿਆਨ ਬਿਨਾਂ ਪਸੁ ਜਾਨ॥**

ਸੌਂ ਜਾਣਾ, ਖੁਰਾਕ ਖਾ ਲੈਣੀ, ਸੰਤਾਨ ਪੈਦਾ ਕਰ ਲੈਣੀ, ਦੂਜੇ ਦਾ ਡਰ ਬਣਿਆ ਰਹਿਣਾ ਇਹ ਸਭ ਕੁਝ ਤਾਂ ਪਸ਼ੂ ਅਤੇ ਮਨੁਖ ਦਾ ਇਕ ਬਰਾਬਰ ਹੈ। ਜੇ ਵਾਧਾ ਹੈ ਤਾਂ ਕੇਵਲ ਇਸ ਦੇ ਗਿਆਨ ਦਾ ਹੈ। ਜਿਸ ਸਦਕਾ ਇਹ ਆਪ ਵੀ ਆਪਣੀ ਮਨਪਸੰਦ ਕਾਰਜ ਵਿਧੀ ਕਰ ਸਕਦਾ ਹੈ। ਦੂਜਿਆਂ ਨੂੰ ਵੀ ਕਾਰਜ ਵਿਧੀ ਵਿਚ ਪ੍ਰਵਿਰਤ ਕਰ ਲੈਂਦਾ ਹੈ। ਇਸ ਤੋਂ ਅਗਾਂਹ ਵਧ ਕੇ ਅਸਲ ਗਿਆਨ ਇਸ ਦੇ ਅਸਲ ਮਨੁਖੀਂ ਨਿਸ਼ਾਨੇ ਦੀ ਪ੍ਰਾਪਤੀ ਦਾ ਹੈ। ਜਿਸ ਨੂੰ ਸਤਿਗੁਰੂ ਜੀ ਪਾਵਨ ਗੁਰਬਾਣੀ ਅੰਦਰ ਕਥਨ ਕਰਦੇ ਹਨ,

**ਭਈ ਪਰਾਪਤਿ ਮਾਨੁਖ ਦੇਹੁਰੀਆ॥**
**ਗੋਬਿੰਦ ਮਿਲਨ ਕੀ ਇਹ ਤੇਰੀ ਬਰੀਆ॥**

ਮਨੁਖਾ ਜਨਮ ਤਾਂ ਮਿਲਿਆ ਹੀ ਪ੍ਰਮਾਤਮਾ ਦੇ ਨਾਮ ਜਪਣ ਵਾਸਤੇ ਹੈ। ਧਾਰਮਿਕ ਵਿਦਿਆ ਦੁਆਰਾ ਇਹ ਗਿਆਨ ਹਾਸਲ ਹੋ ਜਾਂਦਾ ਹੈ। ਜਦ ਇਸ ਗਿਆਨ ਦੀ ਪ੍ਰਾਪਤੀ ਹੋ ਜਾਵੇ। ਉਸ ਵੇਲੇ ਤੋਂ ਅੰਦਰਲੀ ਦੁਨੀਆਂ ਦੀ ਖੋਜ ਸ਼ੁਰੂ ਹੋ ਜਾਂਦੀ ਹੈ। ਜਿਸ ਨੂੰ ਪਾਵਨ ਬਾਣੀ ਆਖਦੀ ਹੈ।

**ਬੰਦੇ ਦਿਲ ਖੋਜ ਹਰ ਰੋਜ ਨ ਫਿਰ ਪਰੇਸਾਨੀ ਮਾਹਿ॥**

ਅੰਦਰਲੀ ਖੋਜ ਹੀ ਮਨੁਖ ਦੇ ਜੀਵਨ ਦਾ ਢੰਗ ਸਭ ਤੋਂ ਪਹਿਲਾਂ ਆਪਣੇ ਧਿਆਨ ਵਿਚ ਕਰਵਾਉਂਦੀ ਹੈ ਉਪਰੰਤ ਜੀਵਨ ਸਾਧਕ ਆਪਣੇ ਔਗਣਾਂ ਨੂੰ ਤਿਆਗਣ ਲਈ ਯਤਨਸ਼ੀਲ ਹੁੰਦਾ ਹੈ।

**ਅਧਕਾਰੀ ਜਗਯਾਸੁ ਅਰੁ ਸਿਖ ਕਹਾਵੈ ਸੋਇ॥ ਤਪ ਸਾਬਨ ਕਰ ਦੇਹ ਕੇ ਪਾਤਕ ਡਾਰੈ ਧੋਇ॥** ਅਧਿਆਤਮ ਪ੍ਰਕਾਸ਼ ਇਸ ਪ੍ਰਕਾਰ ਯਤਨਸ਼ੀਲ ਹੋਣ ਵਾਲੇ ਨੂੰ ਸਿਖ ਆਖਿਆ ਜਾਂਦਾ ਹੈ। ਜਿਹੜਾ ਤਪ ਰੂਪ ਸਾਬਣ ਨਾਲ ਪਾਪਾਂ ਦੀ ਮੈਲ਼ ਦੂਰ ਕਰ ਲੈਂਦਾਂ ਹੈ। ਧੰਨ ਗੁਰੂ ਗ੍ਰੰਥ ਸਾਹਿਬ ਜੀ ਇਸ ਪ੍ਰਕਾਰ ਦੀ ਵੀਚਾਰ ਵਾਲੇ ਨੂੰ ਸਾਧ, ਸੰਤ, ਗੁਰਸਿਖ, ਭਾਈ ਆਦਿਕ ਨਾਵਾਂ ਨਾਲ ਸੰਬੋਧਨ ਕਰਦੇ ਹਨ।

**ਕਹਤੁ ਕਬੀਰੁ ਸੁਨਹੁ ਰੇ ਸੰਤਹੁ ਸਾਧਸੰਗਤਿ ਤਰਿ ਜਾਂਹਿਗਾ॥**

ਭਗਤ ਜੀ ਇਸ ਪੰਗਤੀ ਵਿਚ ਸਾਧਨਾ ਕਰਨ ਵਾਲੇ ਨੂੰ ਸੰਤਹੁ ਸ਼ਬਦ ਨਾਲ ਸੰਬੋਧਨ ਕਰਦੇ

ਹਨ। ਵੈਸੇ ਬਾਣੀ ਅੰਦਰ ਸੰਤ ਸ਼ਬਦ ਕਈ ਰੂਪਾਂ ਵਿਚ ਆਇਆ ਹੈ। ਕਿਤੇ ਸੰਤ ਦੇ ਅਰਥ ਹਨ ਸ਼ਾਂਤ ਚਿਤ ਆਤਮਾ:-

ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ ॥
ਕਾਜੁ ਉਆ ਕੋ ਲੇ ਸਵਾਰਿਓ ਤਿਲੁ ਨ ਦੀਨੋ ਦੋਸੁ ॥
ਮਨ ਮੇਰੇ ਰਾਮ ਰਉ ਨਿਤ ਨੀਤਿ ॥
ਦਇਆਲ ਦੇਵ ਕ੍ਰਿਪਾਲ ਗੋਬਿੰਦ ਸੁਨਿ ਸੰਤਨਾ ਕੀ ਰੀਤਿ ॥

ਕਈ ਥਾਂਵਾਂ ਤੇ ਸੰਤ ਦੇ ਅਰਥ ਹਨ ਜਿਨਾਂ ਨੂੰ ਇਕ ਪਲ ਵੀ ਨਾਮ ਨਾ ਭੁਲੇ :

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੩੧੯)

ਸੰਤ ਸ਼ਬਦ ਭਗਤ ਵਾਸਤੇ ਵੀ ਵਰਤਿਆ ਹੈ:

ਸੰਤ ਪ੍ਰਹਲਾਦ ਕੀ ਪੈਜ ਜਿਨਿ ਰਾਖੀ ਹਰਨਾਖਸੁ ਨਖ ਬਿਦਰਿਓ ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੮੫੬)

ਵੱਖ-ਵੱਖ ਅਵਸਥਾ ਉਪਰ ਸੰਤ ਸ਼ਬਦ ਦੇ ਅਰਥਾਂ ਰਾਹੀਂ ਸਤਿਸੰਗਤ-ਸਕੂਲ ਦੇ ਵਿਦਿਆਰਥੀ ਦਾ ਜੀਵਨ ਹੈ। ਜਿਸ ਪ੍ਰਕਾਰ ਸੰਸਾਰੀ ਸਕੂਲ ਵਿਚ ਦਾਖਲਾ ਲੈਣ ਵਾਲਾ ਵੀ ਵਿਦਿਆਰਥੀ ਹੈ। ਕਿਸੇ ਇਕ ਵਿਸ਼ੇ 'ਤੇ ਡਿਗਰੀ ਕਰਨ ਵਾਲਾ ਵੀ ਵਿਦਿਆਰਥੀ ਹੈ। ਪੰਜਵੀਂ ਤੱਕ ਦੇ ਵਿਦਿਆਰਥੀ ਨੂੰ ਪ੍ਰਾਇਮਰੀ ਆਖਿਆ ਜਾਂਦਾ ਹੈ। ਅੱਠਵੀਂ ਤੱਕ ਮਿਡਲ, ਦਸਵੀਂ ਤੱਕ ਹਾਈ, ਆਦਿਕ ਵਿਦਿਆਰਥੀ ਦੀਆਂ ਵੱਖ-ਵੱਖ ਸਟੇਜਾਂ ਹਨ। ਹੁਨਰ ਦੀ ਕਦਰ ਕਰਨ ਵਾਲੇ ਤਾਂ ਕਹਿੰਦੇ ਹਨ ਕਿ ਹੁਨਰ ਮਨੁੱਖ ਨੂੰ ਅਗਾਂਹ ਤੋਂ ਅਗਾਂਹ ਗਿਆਨ ਦਿੰਦਾ ਹੈ। ਜਿਸ ਪ੍ਰਕਾਰ ਮਨੁੱਖ ਹੁਨਰ ਵਿਚ ਵਰਤਦਾ ਚਲਿਆ ਜਾਂਦਾ ਹੈ। ਇਸੇ ਪ੍ਰਕਾਰ ਸਤਿਸੰਗਤ ਦੇ ਸਕੂਲ ਵਿਚ ਵੀ ਦਾਖਲਾ ਲੈਣ ਵਾਲੇ ਨੂੰ ਸੰਤ (ਸਤ ਦਾ ਗਿਆਨ ਹਾਸਲ ਕਰਨ ਲਈ ਮਨ ਨੂੰ ਟਿਕਾਉਣ ਵਾਲਾ) ਵਿਦਿਆਰਥੀ ਵੀ ਜਦ ਪ੍ਰੇਮਾ ਭਗਤੀ ਵਿਚ ਲੀਨ ਹੈ ਤਾਂ ਭਗਤ ਦੀ ਪਦਵੀ, ਜਦੋਂ ਪ੍ਰੇਮਾ ਭਗਤੀ ਵਿਚ ਗੜੂੰਦ ਆਪਣੇ ਔਗੁਣ ਖਤਮ ਕਰਨ ਲਈ ਦੂਜਿਆਂ ਤੋਂ ਬੇਖਬਰ ਭਾਵੇਂ ਕੋਈ ਕਿੰਨਾਂ ਵੀ ਬੁਰਾ ਕਿਉ ਨਾ ਚਿਤਵੇ ਤਾਂ ਸ਼ਾਂਤ ਚਿਤ ਅਤੇ ਇਕ ਵੀ ਸੁਆਸ ਪ੍ਰਮਾਤਮਾ ਦੇ ਨਾਮ ਤੋਂ ਬਗੈਰ ਨਾ ਜਾਣ ਦੇਵੇ ; ਸੰਤ ਹੈ। ਜਦੋਂ ਸਭ ਅੰਦਰ ਇਕ ਪ੍ਰਭੂ ਨੂੰ ਵੇਖਦਿਆਂ ਹੋਇਆਂ ਆਪਣੇ ਪਿਆਰੇ ਦੇ ਨਾਮ ਅੰਦਰ ਬ੍ਰਿਤੀ ਵਿਲੀਨ ਹੋ ਜਾਵੇ ਤਦੋਂ ਨਿਰੰਕਾਰ ਦਾ ਹੀ ਰੂਪ ਬਣ ਜਾਂਦਾ ਹੈ। ਜੋ ਸੁਭ ਗੁਣ ਨਿਰੰਕਾਰ ਦੇ ਲਖਾਇਕ ਹਨ। ਉਹ ਵਾਹਿਗੁਰੂ ਦੇ ਪਿਆਰੇ ਸੰਤ ਵਿਚ ਪ੍ਰਵੇਸ਼ ਕਰ ਜਾਂਦੇ ਹਨ। ਇਹ ਬਖਸ਼ਸ਼ ਧੰਨ ਗੁਰੂ ਗ੍ਰੰਥ ਸਾਹਿਬ ਦੀ ਹੈ ਜੋ ਖਾਲਸੇ ਦੇ ਸਤਿਗੁਰੂ ਜੀ ਹਨ। ਜਿਹੜੇ ਵਡਭਾਗੇ ਸਤਿਗੁਰੂ ਜੀ ਦੇ ਉਪਦੇਸ਼ ਮੁਤਾਬਕ ਅੰਦਰ ਬਾਹਰ ਇਕ ਨੂੰ ਦੇਖਣ ਲਈ ਯਤਨ ਕਰਦੇ ਹਨ। ਪਾਤਿਸ਼ਾਹ ਜੀ ਉਸ ਤੇ ਕਿਰਪਾ ਕਰਦੇ ਹਨ। ਹੌਲੀ-ਹੌਲੀ ਕਮਾਈ ਦੀ ਰੰਗਣ ਸਦਕਾ ਵਾਹਿਗੁਰੂ ਦਾ ਸੇਵਕ ਉਸ ਦੇ ਦਰ ਤੇ ਪ੍ਰਵਾਨ ਹੋ ਜਾਂਦਾ ਹੈ। ਬਾਬਾ ਅਮਰ ਸਿੰਘ ਜੀ ਕਿਰਤੀ ਨੇ ਵੀ ਆਪਣੀ ਜਿੰਦਗੀ ਦਾ ਮਨੋਰਥ ਕੇਵਲ ਆਪਣੇ ਪਿਆਰੇ ਵਾਹਿਗੁਰੂ ਜੀ ਦੀ ਸੰਗਤਾਂ ਰਾਹੀ

ਬਖਸ਼ਿਸ ਹਾਸਲ ਕਰਨ ਲਈ ਦਿਨ ਰਾਤ ਇਕ ਕਰ ਦਿੱਤਾ। ਮਹਾਂਪੁਰਖਾਂ ਦਾ ਸਭ ਤੋਂ ਵਡਾ ਪਰਉਪਕਾਰ ਕਿ ਜਿਥੇ ਵਿਦਿਆਰਥੀਆਂ ਨੂੰ ਪੜ੍ਹਾਉਣਾ ਉਥੇ ਨਾਲੋ-ਨਾਲ ਥਾਂ ਪੁਰ ਥਾਂ ਜਾ ਕੇ ਕਥਾ ਦੇ ਪ੍ਰਵਾਹ ਚਲਾਉਦਿਆਂ ਹੋਇਆਂ ਲੱਖਾਂ ਪ੍ਰਾਣੀਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਗੁਰੂ ਕੇ ਲੜ ਜੋੜਣਾ। ਬਹੁਤ ਸਾਰੇ ਸਤਸੰਗੀ ਤਾਂ, ਜਥੇ ਦੇ ਸਿੰਘਾਂ ਦਾ ਰਹਿਣ ਸਹਿਣ ਵੇਖ ਕੇ ਮਹਾਂਪੁਰਖਾਂ ਨਾਲ ਹੀ ਰਹਿਣ ਲਗ ਪੈਂਦੇ ਸਨ। ਇਸ ਪ੍ਰਕਾਰ ਜਥੇ ਵਿਚ ਹੀ ੧੩ ਸਿੰਘਾਂ ਨੇ ਜਿਨ੍ਹਾਂ ਵਿਚ ਬਾਬਾ ਅਮਰ ਸਿੰਘ ਕਿਰਤੀ, ਗਿਆਨੀ ਇੰਦਰਜੀਤ ਸਿੰਘ ਜੀ ਰਕਬਾ (ਅਜ-ਕਲ੍ਹ ਨਿਰਮਲ ਬੁੰਗਾ ਸਹੌੜਾਂ), ਗਿਆਨੀ ਵੀਰ ਸਿੰਘ ਜੀ ਮੱਦੋਕੇ, ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ ਵੈਰੋ ਕੇ, ਗਿਆਨੀ ਹਰਨੇਕ ਸਿੰਘ ਜੀ ਸੋਢੀਵਾਲ ਅਤੇ ਸਿੰਘ ਸਾਹਿਬ ਗਿਆਨੀ ਕਪੂਰ ਸਿੰਘ ਬਰਾੜ ਆਦਿਕ ਨੇ ਵੇਦਾਂਤ ਦੇ ਗ੍ਰੰਥ ਵੀਚਾਰ ਸਾਗਰ ਆਦਿਕ ਸੰਤ ਗਿਆਨੀ ਮੋਹਣ ਸਿੰਘ ਜੀ ਪਾਸ ਪੜ੍ਹੇ ਸਨ। ਇਉਂ ਜਥੇ ਵਿਚ ਤਕਰੀਬਨ ਗਿਆਰਾਂ ਸਾਲ ਛੇ ਮਹੀਨੇ ਰਹਿ ਕੇ ਗੁਰੂ ਘਰ ਦੀ ਬ੍ਰਹਮ ਵਿਦਿਆ ਹਾਸਲ ਕੀਤੀ।

ਇਕ ਬਾਰ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਕਹਿਣ ਲੱਗੇ, ਭਾਈ ਜਿਸ ਨੇ ਅਕਾਲ ਪੁਰਖ ਦੇ ਦਰ ਤੋਂ ਸਦਾ ਲਈ ਨਿਮਰਤਾ ਹਾਸਲ ਕਰਨੀ ਹੈ। ਉਹ ਗੁਰੂ ਘਰ ਦੇ ਮਹਾਨ ਵਿਦਵਾਨ ਗੁਰੂ ਚਰਨਾਂ ਦੇ ਨਿਸ਼ਠਾਵਾਨ ਪ੍ਰੇਮ ਮੂਰਤਿ ਮਹਾਂ ਕਵੀ ਸੰਤੋਖ ਸਿੰਘ ਜੀ ਵੱਲੋਂ ਨਾਨਕ ਪ੍ਰਕਾਸ਼ ਦੇ ਅਰੰਭ ਵਿਚ ਅੰਕਿਤ ਮੰਗਲ ਯਾਦ ਕਰ ਲਵੇ। ਮਹਾਂਪੁਰਖਾਂ ਦੀ ਰਸਨਾ ਤੋਂ ਸ੍ਰਵਣ ਕਰਕੇ ਬਾਬਾ ਅਮਰ ਸਿੰਘ ਕਿਰਤੀ ਨੇ ਕਵੀ ਸੰਤੋਖ ਸਿੰਘ ਜੀ ਦੇ ਦਸ ਗੁਰੂ ਸਾਹਿਬਾਨ ਦੇ ਮੰਗਲ ਯਾਦ ਕਰ ਲਏ ਸਨ। ਅੰਮ੍ਰਿਤ ਵੇਲੇ ਇਕ ਵਾਰ ਸਾਰੇ ਮੰਗਲਾਂ ਦਾ ਪ੍ਰੇਮ ਸਹਿਤ ਪਾਠ ਕਰਦੇ ਸਨ। ਇਕ ਵਾਰ ਬਾਬਾ ਅਮਰ ਸਿੰਘ ਕਿਰਤੀ ਜੀ ਲਾਇਲਪੁਰ (ਅਜ-ਕਲ੍ਹ ਪਾਕਿਸਤਾਨ) ਕਥਾ ਕਰਨ ਵਾਸਤੇ ਗਏ ਸਨ। ਉਥੇ ਸੰਗਤਾਂ ਵਿਚ ਕਥਾ ਰਾਹੀਂ ਬੇਨਤੀਆਂ ਕੀਤੀਆਂ ਕਿ ਐ ਭਾਈ! ਗੁਰੂ ਦਰ ਦੀ ਭਾਵਨਾ ਪਰਾਪਤ ਕਰਨ ਲਈ ਸ਼ਰਧਾ ਸਿਦਕ ਬਹੁਤ ਜ਼ਰੂਰੀ ਹੈ। ਸਿਦਕ ਨੂੰ ਪ੍ਰਾਪਤ ਕਰਨ ਲਈ ਕਵੀ ਸੰਤੋਖ ਸਿੰਘ ਜੀ ਦੇ ਇਤਹਾਸ ਦੇ ਮੰਗਲ ਸਮਝਣੇ ਅਤੇ ਵੀਚਾਰਨੇ ਚਾਹੀਦੇ ਹਨ। ਅੰਮ੍ਰਿਤ ਵੇਲੇ ਉਠ ਕੇ ਘਟ ਤੋਂ ਘਟ ਪੰਜ ਬਾਣੀਆਂ ਜ਼ਰੂਰ ਪੜ੍ਹਨੀਆਂ ਚਾਹੀਦੀਆਂ ਹਨ। ਜੇ ਬਾਣੀ ਪੜ੍ਹਨ ਦੀ ਸਮਰਥਾ ਨਹੀਂ ਤਾਂ ਸੰਥਿਆ ਕਰ ਲੈਣੀ ਚਾਹੀਦੀ ਹੈ। ਹੌਲੀ-੨ ਬਾਣੀ ਪੜ੍ਹਨ ਦੀ ਲਗਨ ਪ੍ਰਗਟ ਹੋ ਜਾਂਦੀ ਹੈ। ਬਾਬਾ ਜੀ ਦੀ ਕਥਾ ਅਤੇ ਰਹਿਣੀ ਦੇ ਪ੍ਰਭਾਵ ਸਦਕਾ ਬਹੁਤ ਪ੍ਰੇਮੀ ਸੱਜਣਾਂ ਨੇ ਬਾਣੀ ਦੀ ਸੰਥਿਆ ਕੀਤੀ ਅਤੇ ਕਾਫੀ ਸੰਗਤ ਨੇ ਮੰਗਲ ਕੰਠ ਕਰ ਲਏ ਸਨ। ਆਪ ਵਾਪਸ ਫਿਰ ਜਥੇ ਵਿਚ ਪੁਹੰਚ ਗਏ ਸਨ। ਜਿਵੇਂ ਸਿਆਣਿਆਂ ਦਾ ਕਥਨ ਹੈ,

**ਪਾਰਸ ਮੈ ਅਰ ਸੰਤ ਮੈ ਵਡੋ ਅੰਤਰੋ ਜਾਨ॥**
**ਵਹ ਲੋਹਿਓ ਕੰਚਨ ਕਰੇ ਵਹ ਕਰ ਹੈ ਆਪ ਸਮਾਨ॥**

ਪਾਰਸ ਅਤੇ ਸੰਤ ਵਿਚ ਬਹੁਤ ਫਰਕ ਹੈ। ਪਾਰਸ ਲੋਹੇ ਆਦਿਕ ਕੁਝ ਧਾਤਾਂ ਨੂੰ ਸੋਨਾ ਤਾਂ ਬਣਾ ਸਕਦਾ ਹੈ। ਪਰ ਪਾਰਸ ਨਹੀ। ਸੰਤ ਆਪਣੇ ਪਾਸ ਰੱਖ ਕੇ ਜ਼ਿੰਦਗੀ ਸੁਧਾਰਨ ਦੀ ਤਮੰਨਾ ਵਾਲੇ ਨੂੰ ਸਤਿਗੁਰੂ ਜੀ ਦੇ ਲੜ ਲਾ ਕੇ ਨਿਰੰਕਾਰੀ ਜੋਤ ਵਿਚ ਅਭੇਦ ਕਰਕੇ ਇਕ ਸੰਤ ਦਾ

ਹੀ ਰੂਪ ਬਣਾ ਦਿੰਦੇ ਹਨ। ਇਉਂ ਬਾਬਾ ਅਮਰ ਸਿੰਘ ਕ੍ਰਿਤੀ ਵੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਪਾਸ ਰਹਿ ਕੇ ਜਿੰਨੀ ਸਤਿਗੁਰੂ ਜੀ ਨੇ ਕਿਰਪਾ ਕਰਕੇ ਮਤਿ ਬੁਧਿ ਬਖਸ਼ੀ। ਗੁਰੂ ਕੀ ਅਤੇ ਗੁਰੂ ਕੀਆਂ ਸੰਗਤਾਂ ਦੀ ਸੇਵਾ ਕਰਦਿਆਂ ਪਾਤਸ਼ਾਹ ਜੀ ਦੀ ਰਹਿਮਤ ਹਾਸਲ ਕੀਤੀ। ਇਸੇ ਲਈ ਇਹਨਾਂ ਦੀ ਜ਼ਿੰਦਗੀ ਵੀ ਇਕ ਸੰਤ ਵਾਲੀ ਜ਼ਿੰਦਗੀ ਬਣ ਗਈ ਸੀ। ਜਿਸ ਕਰਕੇ ਸੰਗਤਾਂ ਆਪ ਜੀ ਨੂੰ ਸੰਤ ਗਿਆਨੀ ਅਮਰ ਸਿੰਘ ਕਿਰਤੀ ਜੀ ਕਰਕੇ ਬੁਲਾਉਂਦੀਆਂ ਹਨ।

ਇਸ ਪ੍ਰਕਾਰ ਜੋ ਨਾਮ ਪਿਤਾ ਘਮੰਡ ਸਿੰਘ ਜੀ ਅਤੇ ਮਾਤਾ ਰਾਅ ਕੌਰ ਨੇ ਬਹੁਤ ਲਾਡਾਂ ਨਾਲ ਰੱਖਿਆ ਸੀ। ਇਹਨਾਂ ਨੇ ਨਾਮ ਦੀ ਕਮਾਈ ਅਤੇ ਗੁਰੂ ਕੀ ਸੇਵਾ ਕਰਕੇ ਆਪਣਾ ਨਾਮ ਅਤੇ ਆਪਣੇ ਮਾਤਾ ਪਿਤਾ ਦਾ ਨਾਮ ਵੀ ਸਫਲ ਕਰ ਦਿੱਤਾ। ਇਸੇ ਲਈ ਚਾਣਕਿਆ ਰਾਜਨੀਤੀ ਅੰਦਰ ਕਥਨ ਹੈ।

**ਜਿਉ ਸੁਗੰਧ ਪੁਸਪੀ ਬਿਰਛ ਸਭ ਬਨ ਕਰੈ ਸੁਗੰਧ॥**
**ਤਿਉ ਸਪੁਤਰ ਤੇਰ ਹੋਤ ਹੈ ਆਨੰਦਤ ਕੁਲਬੰਧ॥**

ਜਿਵੇਂ ਸੁਗੰਧੀ ਵਾਲੇ ਦਰਖਤ ਜੰਗਲ ਵਿਚ ਆਪਣੇ ਚੌਗਿਰਦੇ ਨੂੰ ਸੁਗੰਧੀ ਵਾਲਾ ਕਰ ਦਿੰਦੇ ਹਨ। ਇਕ ਚੰਗਾ ਸਪੁਤਰ ਆਪਣੀ ਕੁਲ ਦਾ ਨਾਮ ਅਤੇ ਸਬੰਧੀਆਂ ਨੂੰ, ਮਹਾਨ ਸਤਿਕਾਰ ਦੇ ਯੋਗ ਬਣਾ ਦਿੰਦਾ ਹੈ। ਉਸ ਦੇ ਸਬੰਧੀ ਆਪਣੇ ਆਪ ਵਿਚ ਖੁਸ਼ੀ ਮਹਿਸੂਸ ਕਰਦੇ ਹਨ।

ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਆਪਣਾ ਅਤੇ ਜਥੇ ਦਾ ਪ੍ਰਚਾਰ ਵਹੀਰ ਜਾਰੀ ਰਖਦੇ ਸਨ। ਜਿਸ ਵਿਚ ਸਮੇਂ-ਸਮੇਂ ਤਖਤ ਸਾਹਿਬਾਨ ਦੀਆਂ ਯਾਤਰਾਂਵਾਂ ਅਤੇ ਦੂਰ-ਦਰੇਡੇ ਦੇ ਗੁਰਧਾਮਾਂ ਦੇ ਦਰਸ਼ਨ ਜਥੇ ਦੇ ਸਿੰਘਾਂ ਨੂੰ ਕਰਵਾਉਂਦੇ ਰਹਿੰਦੇ ਸਨ। ਤਾਂ ਕਿ ਸਿੰਘਾਂ ਨੂੰ ਗੁਰ ਇਤਿਹਾਸ ਅਤੇ ਸਥਾਨਾਂ ਦੇ ਦਰਸ਼ਨਾਂ ਰਾਹੀਂ ਸਤਿਗੁਰੂ ਜੀ ਦੀ ਪਾਵਨ ਚਰਨ ਧੂੜ ਹਾਸਲ ਹੁੰਦੀ ਰਹੇ। ਜਿਸ ਸਥਾਨ ਤੇ ਕਿਸੇ ਕਥਾ ਵਾਚਕ ਜਾਂ ਗ੍ਰੰਥੀ ਸਾਹਿਬਾਨ ਆਦਿਕ ਦੀ ਜ਼ਰੂਰਤ ਹੁੰਦੀ ਸੀ। ਮਹਾਂਪੁਰਖ ਕਿਸੇ ਯੋਗ ਅਧਿਕਾਰੀ ਨੂੰ ਉਸ ਦੀ ਇਛਾ ਮੁਤਾਬਿਕ ਉਸੇ ਥਾਂ ਤੇ ਨਿਯੁਕਤ ਕਰਵਾ ਦਿੰਦੇ ਸਨ। ਅੱਜ ਉਹਨਾਂ ਮਹਾਂਪੁਰਖਾਂ ਵਲੋਂ ਲਗਾਏ ਹੋਏ ਸਿੱਖੀ ਪ੍ਰਚਾਰ ਦੇ ਗੁਰੂ ਦੁਲਾਰਿਆਂ ਦੇ ਤਖਤ ਸਾਹਿਬਾਨਾਂ ਤੇ ਵੱਡੇ-੨ ਗੁਰਦੁਆਰਿਆਂ ਵਿਚ ਦਰਸ਼ਨ ਹੁੰਦੇ ਹਨ। ਜਿਨ੍ਹਾਂ ਨੇ ਦਮਦਮੀ ਟਕਸਾਲ ਦੀ ਭਿੰਡਰਾਂ ਸੰਪ੍ਰਦਾਇ ਵਿਚੋਂ ਵਿਦਿਆ ਹਾਸਲ ਕਰਕੇ ਆਪਣੀ ਜ਼ਿੰਦਗੀ ਸਾਧੀ ਹੈ।

ਇਸੇ ਪ੍ਰਕਾਰ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਜੀ ਮਾਲਵਾ ਪ੍ਰਚਾਰ ਫੇਰੀ ਦੌਰਾਨ ਜਦੋਂ ਜਥੇ ਸਮੇਤ 'ਫੱਤਾ ਮਾਲੋਕਾ' ਨਗਰ ਵਿਚ ਪਹੁੰਚੇ ਸਨ। ਇਸ ਵਖਤ ਬਾਕੀ ਸੇਵਾਵਾਂ ਦੇ ਨਾਲੋ ਨਾਲ ਸੰਤ ਬਾਬਾ ਅਮਰ ਸਿੰਘ ਕਿਰਤੀ ਜੀ ਦੀ ਜ਼ਿੰਮੇਵਾਰੀ ਜਥੇ ਦੇ ਸਿੰਘਾਂ ਨੂੰ ਛੋਟੇ ਗ੍ਰੰਥ (ਵੀਚਾਰਮਾਲਾ ਆਦਿ) ਪੜ੍ਹਾਉਣ ਦੀ ਲਗਾਈ ਹੋਈ ਸੀ। ਆਪ ਜੀ ਨੇ ਇਥੇ ਕੁਝ ਦਿਨ ਕਥਾ ਦਾ ਪ੍ਰਵਾਹ ਰੱਖਿਆ। ਮਹਾਂਪੁਰਖਾਂ ਦਾ ਅਸੂਲ ਸੀ ਕਿ ਕੁਝ ਦਿਨ ਮੁਕਾਮ ਰੱਖਿਆ ਜਾਵੇ, ਤਾਂ ਕਿ ਪਿੰਡ ਵਿਚ ਵਸਣ ਵਾਲਿਆਂ ਨੂੰ ਸਿੱਖੀ ਦੀ ਰਹਿਣੀ ਸਹਿਣੀ ਬਾਰੇ ਗੁਰਸਿਖਾਂ ਵੱਲ ਵੇਖ ਕੇ ਹੀ ਗਿਆਨ ਹੋ ਜਾਵੇ। ਬਹੁਤਾ ਤਰਕ ਵਿਤਰਕ ਵਿਚ ਨਾ ਪੈਣਾ ਪਵੇ। ਇਸੇ ਲਈ ਆਪ ਜੀ ਨੇ ਜਥੇ ਦੇ ਸਿੰਘਾਂ ਲਈ ਅਸੂਲ ਬਹੁਤ ਸਖਤ ਬਣਾਏ ਸਨ। ਤਾਂ ਕਿ ਸਿੰਘਾਂ ਦੇ ਜੀਵਨ ਹੀ

ਪ੍ਰੇਰਣਾ ਸਰੋਤ ਬਣ ਜਾਣ। ਜਿਸ ਦਾ ਹਰ ਇਕ ਤੇ ਬਹੁਤ ਸੋਹਣਾ ਪ੍ਰਭਾਵ ਪੈਂਦਾ ਹੈ। ਸੰਤਾਂ ਤੋਂ ਸ਼ੁਰੂ ਹੋ ਕੇ ਸਾਰੇ ਸਿੰਘਾਂ ਨੇ ਤਿੰਨ ਵਜੇ ਉਠਣਾ ਸ਼ੁਰੂ ਕਰ ਦੇਣਾ। ਕੋਈ ਇਸ਼ਨਾਨ ਕਰਦਾ ਮੰਗਲ ਮਿਠੀ ਸੁਰ ਵਿਚ ਪੜ੍ਹੀ ਜਾਂਦਾ ਹੈ। ਕੋਈ ਇਸਨਾਨ ਕਰਕੇ ਜਪੁਜੀ ਸਾਹਿਬ ਦਾ ਪਾਠ ਸੁਰਤਿ ਇਕਾਗਰ ਕਰਕੇ ਕਰਦਾ ਹੈ। ਕੋਈ ਗੁਰ ਦੁਆਰੇ ਸਾਹਿਬ ਵਿਚ ਪੰਜੇ ਬਾਣੀਆਂ ਦਾ ਨਿਤਨੇਮ ਸੁਰ ਚਾਲ ਵਿਚ ਕਰਦਾ ਹੈ। ਕੋਈ ਬਾਣੀ ਪੜ੍ਹਦਾ ਗੁਰੂ ਕੀ ਸੇਵਾ ਵਿਚ ਜੁੜਿਆ ਹੋਇਆ ਹੈ। ਇਉਂ ਸਾਰੇ ਸਿੰਘਾਂ ਦਾ ਰਹਿਣ ਸਹਿਣ ਵੇਖ ਕੇ ਪਿੰਡ ਵਾਲਿਆਂ ਨੇ ਸੰਤਾਂ ਪਾਸ ਬੇਨਤੀ ਕੀਤੀ। ਅਸਾਨੂੰ ਗੁਰਦੁਆਰੇ ਸਾਹਿਬ ਵਿਚ ਸੇਵਾ ਲਈ ਕੋਈ ਵਿਦਵਾਨ ਗਿਆਨੀ ਸਿੰਘ ਦੇਵੋ। ਮਹਾਂਪੁਰਖ ਆਖਣ ਲੱਗੇ ਕੋਈ ਯੋਗ ਸਿਆਣਾ ਸਿੰਘ ਵੇਖ ਕੇ ਤੁਹਾਡੇ ਪਾਸ ਗੁਰੂ ਘਰ ਦੀ ਸੇਵਾ ਵਾਸਤੇ ਜਰੂਰ ਦੇਵਾਂਗੇ।

ਉਸ ਸਮੇਂ ਗੁਰ ਦੁਆਰਾ ਸਾਹਿਬ ਵਿਚ ਹੀ ਬਾਬਾ ਰਣਜੀਤ ਸਿੰਘ ਜੀ ਟਾਂਡੀਆਂ ਵਾਲੇ ਰਹਿੰਦੇ ਸਨ। ਇਹਨਾਂ ਨੇ ਸੰਤ ਬਾਬਾ ਅਮਰ ਸਿੰਘ ਕਿਰਤੀ ਜੀ ਦੀ ਲੰਗਰ ਦੀ ਸੇਵਾ ਬਾਣੀ ਦੀ ਲਗਨ, ਨਿਮਰਤਾ ਭਰਿਆ ਸੰਗਤ ਨਾਲ ਵਰਤਾਵ ਵੇਖ ਕੇ ਆਪਸ ਵਿਚ ਸਲਾਹ ਕੀਤੀ ਕਿ ਸੰਤਾਂ ਨੂੰ ਸੰਤ ਬਾਬਾ ਅਮਰ ਸਿੰਘ ਕਿਰਤੀ ਜੀ ਲਈ ਬੇਨਤੀ ਕਰੀਏ। ਮਹਾਂਪੁਰਖ 'ਫੱਤਾ ਮਾਲੋਕਾ' ਪਿੰਡ ਤੋਂ ਪ੍ਰਚਾਰ ਕਰਦੇ ਹੋਏ ਵਾਪਸ ਭਿੰਡਰਾਂ ਗੁਰਦੁਆਰਾ ਅਖੰਡ ਪ੍ਰਕਾਸ਼ ਵਿਖੇ ਪੁਹੰਚ ਗਏ ਸਨ।

ਪਿੰਡ 'ਫੱਤਾ ਮਾਲੋਕਾ' ਤੋਂ ਸੰਗਤਾਂ ਨੇ ਭਿੰਡਰੀਂ ਜੋੜ ਮੇਲੇ ਤੇ ਜਾਣ ਦਾ ਪ੍ਰੋਗਰਾਮ ਬਣਾਇਆ ਸੀ। ਆਪਸ ਵਿਚ ਸਲਾਹ ਕੀਤੀ ਕਿ ਆਪਾਂ ਸੰਤਾਂ ਨੂੰ ਬੇਨਤੀ ਕਰਕੇ ਕਿਰਤੀ ਜੀ ਨੂੰ ਆਪਣੇ ਨਗਰ ਲੈ ਆਈਏ। ਸੰਗਤਾਂ ਨੇ ਬਾਬਾ ਰਣਜੀਤ ਸਿੰਘ ਨੂੰ ਅੱਗੇ ਕਰਕੇ ਭਿੰਡਰੀਂ ਬੇਨਤੀ ਕੀਤੀ। ਕਿ ਆਪ ਜੀ ਨੇ ਸੰਗਤ ਨੂੰ ਬਚਨ ਕੀਤਾ ਸੀ । ਕੋਈ ਸਿਆਣਾ ਵਿਦਵਾਨ ਸਿੰਘ ਤੁਹਾਡੇ ਨਗਰ ਦੀ ਸੇਵਾ ਵਿਚ ਹਾਜ਼ਰ ਕਰਾਂਗੇ। ਸੰਤ ਗਿਆਨੀ ਗੁਰਬਚਨ ਸਿੰਘ ਜੀ ਆਪਣੀ ਮੌਜ ਵਿਚ ਆਖਣ ਲੱਗੇ ਭਾਈ ਜਿਹੜਾ ਸਿੰਘ ਤੁਹਾਡੇ ਨਾਲ ਜਾਣ ਲਈ ਤਿਆਰ ਹੁੰਦਾ ਹੈ। ਸਾਡੀ ਖੁਸ਼ੀ ਹੋਵੇਗੀ ਉਸ ਨੂੰ ਤੁਸੀਂ ਨਾਲ ਲੈ ਜਾਵੋ। ਸਾਰੀ ਸੰਗਤ ਨਾਲ ਬਾਬਾ ਰਣਜੀਤ ਸਿੰਘ ਸੰਤ ਬਾਬਾ ਅਮਰ ਸਿੰਘ ਕਿਰਤੀ ਜੀ ਦੇ ਪਾਸ ਪੁਹੰਚ ਗਏ। ਕੁਝ ਵੀਚਾਰ ਵਟਾਂਦਰੇ ਉਪਰੰਤ ਬਾਬਾ ਰਣਜੀਤ ਸਿੰਘ ਨੇ ਮਹਾਂਪੁਰਖਾਂ ਨਾਲ ਹੋਏ ਬਚਨ ਸਾਂਝੇ ਕੀਤੇ। ਕੁਝ ਧਰਤੀ ਦੀ ਖਿਚ, ਕੁਝ ਜੀਵਾਂ ਦੇ ਪੂਰਬਲੇ ਸੰਜੋਗ, ਕੁਝ ਦਾਣਾ ਪਾਣੀ ਦਾ ਬਲ, ਕੁਝ ਪੁਰਉਪਕਾਰ ਦੀ ਭਾਵਨਾ ਅਤੇ ਕੁਝ ਉਸ ਇਲਾਕੇ ਦਾ ਸਾਦਾ ਰਹਿਣ ਸਹਿਣ, ਇਸ ਸਭ ਕੁਝ ਦੇ ਕਾਰਨ ਸੰਤ ਬਾਬਾ ਅਮਰ ਸਿੰਘ ਕਿਰਤੀ ਸੰਗਤਾਂ ਦੇ ਨਾਲ ਜਾਣ ਵਾਸਤੇ ਤਿਆਰ ਹੋ ਗਏ। ਸੰਤ ਬਾਬਾ ਅਮਰ ਸਿੰਘ ਜੀ ਨੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਪਾਸ ਬੇਨਤੀ ਕੀਤੀ। ਮਹਾਂਪੁਰਖ ਆਖਣ ਲੱਗੇ, "ਭਾਈ! ਅਸਾਡਾ ਦਿਲ ਤੇ ਨਹੀਂ ਕਰਦਾ, ਪਰ ਸੰਗਤ ਨੂੰ ਬਚਨ ਦੇ ਚੁੱਕੇ ਹਾਂ। ਚਲੋ, ਜਿਵੇਂ ਕਰਤਾਰ ਨੂੰ ਭਾਉਂਦਾ ਹੈ"।

ਅਗਲੇ ਦਿਨ ਜੋ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਦਾ ਅਸੂਲ ਸੀ। ਕੋਈ ਵੀ ਜਥੇ ਦਾ ਸਿੰਘ ਜਦੋਂ ਜਥੇ ਵਿਚੋਂ ਜਾਂਦਾ ਸੀ। ਉਸ ਨੂੰ ਬਹੁਤ ਹੀ ਪ੍ਰੇਮ ਨਾਲ ਸਭ ਤੋਂ ਪਹਿਲਾਂ ਜਥੇ ਵਿਚ ਰਹਿੰਦਿਆਂ ਹੋਇਆਂ ਇਕ ਸੁਘੜ ਉਸਤਾਦ ਦੀ ਤਾੜਨਾ ਵਾਂਗ ਜਿਹੜੀ ਤਾੜਨਾ

ਕਦੇ ਕੀਤੀ ਹੋਵੇ। ਉਸ ਬਾਬਤ ਵੀ ਆਪ ਜੀ ਜਥੇ ਵਿਚੋਂ ਜਾਣ ਵਾਲੇ ਸਿੰਘ ਨੂੰ ਆਖਦੇ ਸਨ, "ਖਾਲਸਾ ਜੀ! ਤੁਸੀਂ ਕਲਗੀਧਰ ਸਾਹਿਬ ਜੀ ਦੇ ਲਾਡਲੇ ਹੋ। ਜਥੇ ਵਿਚ ਰਹਿੰਦਿਆਂ ਹੋਇਆਂ ਨੂੰ ਮੇਰੇ ਵਲੋਂ ਕਈ ਵਾਰ ਤਾੜਨਾ ਭਰੇ ਲਫਜ਼ ਬੋਲੇ ਜਾਂਦੇ ਹਨ। ਤੁਸੀਂ ਆਪਣਾ ਸੰਗਤ ਰੂਪ ਵਿਚ ਭਰਾ ਜਾਣਦੇ ਹੋਏ ਉਨ੍ਹਾਂ ਬੋਲਾਂ ਨੂੰ ਨਾ ਚਿਤਾਰਨਾ। ਜਦੋਂ ਵੀ ਤੁਹਾਡਾ ਮਨ ਖੁਸ਼ੀ ਵਿਚ ਆਵੇ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਅਰਦਾਸ ਕਰਨੀ ਕਿ ਸਾਡੀ ਗੁਰੂ ਨਾਲ ਨਿਭ ਜਾਵੇ। ਜੋ ਸਿੱਖਿਆ ਤੁਸੀਂ ਦਸ਼ਮੇਸ਼ ਜੀ ਦੀ ਟਕਸਾਲ ਵਿਚੋਂ ਹਾਸਲ ਕੀਤੀ ਹੈ। ਮਨ ਬਾਣੀ ਕਰਕੇ ਇਸ ਅਸੂਲਾਂ ਤੇ ਪਹਿਰਾ ਦੇਣਾ। ਆਪ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਨਾਲ ਜੁੜੇ ਰਹਿਣਾ। ਜਿਤਨੀ ਜ਼ਿੰਦਗੀ ਹੈ ਦੂਜਿਆਂ ਨੂੰ ਸਤਿਗੁਰੂ ਜੀ ਦੇ ਚਰਨਾਂ ਨਾਲ ਜੋੜਨ ਲਈ ਪ੍ਰੇਰਦੇ ਰਹਿਣਾ ਹੈ। ਜਿਹੜੇ ਸਿੱਖੀ ਨਾਲੋਂ ਟੁਟੇ ਹਨ। ਉਨ੍ਹਾਂ ਨੂੰ ਜੋੜਨ ਲਈ ਯਤਨ ਕਰਦੇ ਰਹਿਣਾ ਹੈ। ਗੁਰੂ ਪਾਤਿਸ਼ਾਹ ਜੀ ਦੀਆਂ ਬੇਅੰਤ ਬਖਸ਼ਿਸ਼ਾਂ ਹੋਣਗੀਆਂ।" ਜਦੋਂ ਕਿਸੇ ਕਥਾ ਦੀ ਸੰਪੂਰਨਤਾ ਹੁੰਦੀ ਸੀ ਉਸ ਵਖਤ ਵੀ ਆਪ ਇਹ ਨਿਮਰਤਾ ਭਰੇ ਲਫਜ਼ਾਂ ਨਾਲ ਵਿਦਿਆਰਥੀਆਂ ਦੇ ਦਿਲਾਂ ਅੰਦਰ ਟਕਸਾਲ ਦਾ ਅਥਾਹ ਪ੍ਰੇਮ ਵਸਾ ਦਿੰਦੇ ਸਨ। ਇਹੀ ਮਕਨਾਤੀਸੀ ਖਿਚ ਸੀ ਜਿਸ ਸਦਕਾ ਸਿੰਘ ਬਾਰਾਂ- ਬਾਰਾਂ ਸਾਲ ਜਥੇ ਵਿਚ ਰਹਿ ਕੇ ਆਪਣੀ ਜ਼ਿੰਦਗੀ ਦੀ ਘਾੜਤ ਘੜਦੇ ਸਨ।

## (ਕਾਂਡ ਦੂਜਾ)

ਸੰਤ ਬਾਬਾ ਅਮਰ ਸਿੰਘ ਕਿਰਤੀ ਜੀ ਨਾਲ ਭੀ ਪ੍ਰੇਮ ਭਰੇ ਬੋਲਾਂ ਦੀ ਸਾਂਝ ਪਾ ਕੇ ਜਥੇ ਵਿਚੋਂ ਆਪਣੀਆਂ ਅਤੇ ਗੁਰੂ ਕੀਆਂ ਅਸੀਸਾਂ ਨਾਲ ਲਬਰੇਜ਼ ਕਰਕੇ ਵਿਦਾ ਕੀਤਾ। ਲੰਮਾ ਸਮਾਂ ਜਥੇ ਵਿਚ ਰਹਿ ਕੇ ਸੰਤ ਬਾਬਾ ਅਮਰ ਸਿੰਘ ਕਿਰਤੀ ਜੀ ਨੇ ਚਾਰ ਕਥਾਵਾਂ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀਆਂ, ਚਾਰ ਕਥਾਵਾਂ ਗੁਰ ਇਤਿਹਾਸ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀਆਂ ਸ੍ਰਵਣ ਕੀਤੀਆਂ। ਮਿਹਨਤ ਨਾਲ ਸਾਰੀ ਵਿਦਿਆ ਵੀਚਾਰ ਸਹਿਤ ਆਪਣੇ ਮਨ ਅੰਦਰ ਵਸਾਈ। ਸੰਤ ਬਾਬਾ ਅਮਰ ਸਿੰਘ ਜੀ ਦੀ ਨਗਰ 'ਫੱਤਾ ਮਾਲੋਕੇ' ਵਿਖੇ ਜਾਣ ਦੀ ਗਲ ਜਥੇ ਵਿਚ ਹਨੇਰੀ ਵਾਂਗ ਫੈਲ ਗਈ। ਪ੍ਰੇਮ ਕਰਨ ਵਾਲੇ ਸਿੰਘ ਆਖਣ ਲੱਗੇ, ਕਿਰਤੀ ਜੀ ਉਹ ਇਲਾਕਾ ਬੋਲ ਚਾਲ ਪੱਖੋਂ ਬਹੁਤ ਹੀ ਸਿੱਧਾ ਸਾਦਾ ਹੈ। ਫਿਰ ਉਸ ਇਲਾਕੇ ਵਿਚ ਚੋਰੀ ਆਦਿਕ ਵੀ ਬਹੁਤ ਹੈ। ਆਪ ਜਥੇ ਦੇ ਪਿਆਰ ਵਾਲੇ ਸਿੰਘਾਂ ਨੂੰ ਬੇਨਤੀ ਪੂਰਬਕ ਆਖਣ ਲੱਗੇ ਕਿ ਹੁਣ ਤਾਂ ਅਸੀਂ ਬਚਨ ਦੇ ਚੁਕੇ ਹਾਂ। ਸੰਤਾਂ ਨੇ ਭੀ ਆਗਿਆ ਦੇ ਦਿੱਤੀ ਹੈ। ਮਹਾਂਪੁਰਖਾਂ ਦੀ ਸੰਗਤ ਦੇ ਪਰਤਾਪ ਅਤੇ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਅਸੀਸ ਕਰਕੇ ਉਹ ਵੀ ਸੁਧਰ ਜਾਣਗੇ। ਸੰਗਤ ਨੂੰ ਤਾਂ ਆਪ ਜੀ ਨੇ ਉਸੇ ਦਿਨ ਭੇਜ ਦਿੱਤਾ ਸੀ। ਆਪ ਨੇ ਬਚਨ ਕੀਤਾ ਕਿ ਅਸੀਂ ਬਾਕੀ ਜਥੇ ਦੇ ਸਿੰਘਾਂ ਦੀਆਂ ਖ਼ੁਸ਼ੀਆਂ ਹਾਸਲ ਕਰਕੇ ਦੋ ਚਾਰ ਦਿਨ ਬਾਅਦ ਵਿਚ ਜਦੋਂ ਸਬੱਬ ਬਣ ਗਿਆ ਆ ਜਾਵਾਂਗੇਂ।

ਆਪਣੀ ਜ਼ਿੰਦਗੀ ਦੇ ਅਸਲ ਮਿੱਤਰ ਸੰਤ ਬਾਬਾ ਰਾਮ ਸਿੰਘ ਜੀ ਵਲੋਂ ਜਿਨ੍ਹਾਂ ਨੇ ਆਪ ਜੀ ਨੂੰ ਸੰਤ ਗਿਆਨੀ ਗੁਰਬਚਬਨ ਸਿੰਘ ਜੀ ਖਾਲਸਾ ਦੇ ਸਪੁਰਦ ਕੀਤਾ ਸੀ। ਉਹਨਾਂ ਦੇ ਪਰਉਪਕਾਰ ਨੂੰ ਧਿਆਨ ਵਿਚ ਰੱਖਦਿਆਂ ਆਪਣੇ ਜੀਵਨ ਨੂੰ ਸੇਵਾ ਅਤੇ ਸਿਮਰਨ ਨਾਲ ਸੋਧਿਆ ਹੈ। ਜਿਸ ਸਦਕਾ ਸਤਿਗੁਰੂ ਜੀ ਦੀਆਂ ਸੰਗਤਾਂ ਦੇ ਪ੍ਰੇਮ ਅਤੇ ਸਤਿਕਾਰ ਦੇ ਪਾਤਰ ਬਣੇ। ਪਰਮ ਪਿਤਾ ਵਾਹਿਗੁਰੂ ਜੀ ਨੇ ਮੇਲ ਵੀ ਕੈਸਾ ਬਣਾਇਆ। ਜਥੇ ਵਿਚ ਛਡਣ ਰਾਮ ਸਿੰਘ ਜੀ ਇਕ ਸੰਤ ਦੇ ਲਿਬਾਸ ਵਾਲੇ ਆਏ ਸਨ। ਜਥੇ ਵਿਚੋਂ ਸੰਗਤਾਂ ਦੇ ਮੁਖ ਬੇਨਤੀਕਾਰ ਜਿਹੜੇ ਲੈਣ ਆਏ ਉਹ ਬਾਬਾ ਰਣਜੀਤ ਸਿੰਘ ਜੀ ਭੀ ਸਿਖੀ ਸਾਧਨਾ ਲਿਬਾਸ ਵਾਲੇ ਸਨ। ਇਹ ਵਿਧਾਨ ਸਾਡੇ ਲਈ ਵੀ ਪ੍ਰੇਰਨਾ ਸਰੋਤ

ਹੈ। ਜੇ ਸਾਰੇ ਸੰਸਾਰ ਵਿਚ ਵਿਆਪਕ ਵਹਿਗੁਰੂ ਜੀ ਨੂੰ ਸਮਝਣਾ ਹੈ। ਤਾਂ ਜੀਵਨ ਨੂੰ ਸਾਧਨਾ ਵਾਲੇ ਦੀ ਸੰਗਤ ਦਾ ਸਾਥੀ ਬਣਾ ਲੈਣਾ ਕਰ। ਤਾਂ ਕਿ ਜ਼ਿੰਦਗੀ ਹੀ ਸਾਧਨ ਬਣ ਜਾਏ। ਜਿਸ ਪ੍ਰਕਾਰ ਸੰਤ ਬਾਬਾ ਅਮਰ ਸਿੰਘ ਕਿਰਤੀ ਜੀ ਨੇ ਸਾਧਨਾ ਨੂੰ ਸਾਥੀ ਬਣਾਇਆ ਹੈ। ਫਿਰ ਗੁਰੂ ਕੀਆਂ ਸੰਗਤਾਂ ਦੀ ਕਿਰਪਾ ਦਾ ਅਧਿਕਾਰੀ ਬਣ ਜਾਂਵੇਗਾ। ਸੰਸਾਰ ਜੰਗ ਦੇ ਅਖਾੜੇ ਅੰਦਰ ਮਨ ਨੂੰ 'ਰਣ-ਜੀਤ' ਜੰਗ ਵਿਚ ਜਿਤਣ ਵਾਲਾ ਹੋਵੇਂਗਾ। ਜੰਗ ਜਿਤਣ ਵਾਲਾ ਸੂਰਮਾ ਹੁੰਦਾ ਹੈ। ਇਸ ਕਲਜੁਗ ਵਿਚ ਜਿਸ ਨੂੰ ਵਾਹਿਗੁਰੂ ਜੀ ਦਾ ਪ੍ਰੇਮ ਰੰਗ ਲਗ ਗਿਆ ਉਸਨੂੰ ਧੰਨ ਗੁਰੂ ਅਰਜਨ ਦੇਵ ਜੀ ਸੂਰਮਾ ਆਖਦੇ ਹਨ। ਗੁਰਦੇਵ ਦੇ ਬਚਨ ਹਨ:

**ਜਾ ਕਉ ਹਰਿ ਰੰਗ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥**
**ਆਤਮ ਜਿਣੈ ਸਗਲ ਵਸਿ ਤਾਂ ਕੈ ਜਾ ਕਾ ਸਤਿਗੁਰ ਪੂਰਾ॥**
(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੬੭੯)

ਸੰਤ ਬਾਬਾ ਅਮਰ ਸਿੰਘ ਜੀ ਕਿਰਤੀ ਨੇ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰੇਮਮਈ ਵਾਕ 'ਮਨ ਜੀਤੈ ਜਗ ਜੀਤ' ਦੀ ਪਰਪੱਕਤਾ ਲਈ, ਸੰਗਤਾਂ ਦੇ ਮਨ ਜਿੱਤ ਕੇ ਗੁਰੂ ਨਾਲ ਜੋੜਣ ਲਈ ਕੁਝ ਦਿਨਾਂ ਮਗਰੋਂ ਸਾਰੇ ਸਿੰਘਾਂ ਦੀਆਂ ਪ੍ਰੇਮ ਭਰੀਆਂ ਵੀਚਾਰਾਂ ਸੁਣਕੇ ਖੁਸ਼ੀਆਂ ਹਾਸਲ ਕਰਕੇ ਗੁਰਦੁਆਰਾ ਅਖੰਡ ਪ੍ਰਕਾਸ਼ ਭਿੰਡਰਾਂ ਤੋਂ 'ਵਿਚ ਦੁਨੀਆਂ ਸੇਵ ਕਮਾਈਐ' ਗੁਰੂ ਕੇ ਬੋਲਾਂ ਨੂੰ ਧਿਆਨ ਵਿਚ ਟਿਕਾ ਕੇ ਗੁਰੂ ਨੂੰ ਯਾਦ ਕਰਦਿਆਂ ਗੁਰਬਾਣੀ ਪੜ੍ਹਦਿਆਂ 'ਫੱਤਾ ਮਾਲੋਕਾ' ਨਗਰ ਵਲ ਨੂੰ ਚਾਲੇ ਪਾ ਦਿੱਤੇ। ਜਥੇ ਦੇ ਸਾਥੀ ਸਿੰਘਾਂ ਨੇ ਆਪਣੇ ਸਾਥੀ ਦਾ ਸਫਰ ਉਹਨਾਂ ਵਖਤਾਂ ਦੇ ਸਾਧਨਾਂ ਨੂੰ ਮੁੱਖ ਰੱਖਦਿਆਂ ਦੇਸੀ ਘਿਉ ਨਾਲ ਤਰ ਹੋਈ ਚੂਰੀ ਕੁਟ ਕੇ ਗੜਵੇ ਵਿਚ ਭਰ ਦਿੱਤੀ । ਆਪ ਪੰਧ ਮੁਕਾਉਂਦਿਆਂ ਹੋਇਆਂ 'ਫੱਤਾ ਮਾਲੋਕਾ' ਕੇ ਗੁਰਦੁਆਰੇ ਵਿਚ ਪੁਹੰਚ ਗਏ। ਗੁਰਦੁਆਰੇ ਵਿਚ ਇਕ ਬਜੁਰਗ ਸਜਣ ਬੈਠਾ ਸੀ। ਆਪ ਵੀ ਮੰਜੇ ਤੇ ਕੋਲ ਹੀ ਬੈਠ ਗਏ। ਥੋੜਾ ਸਮਾਂ ਗੁਜਰ ਜਾਣ ਪਿਛੋਂ ਸੰਤ ਬਾਬਾ ਅਮਰ ਸਿੰਘ ਕਿਰਤੀ ਜੀ ਉਸ ਸਜਣ ਨੂੰ ਆਖਣ ਲਗੇ, "ਬਾਬਾ! ਭਾਈ ਰਣਜੀਤ ਸਿੰਘ ਨੂੰ ਸਾਨੂੰ ਮਿਲਾ ਦਿਉ" ਬਾਬੇ ਨੇ ਕੋਈ ਜੁਆਬ ਨਾ ਦਿੱਤਾ। ਮਹਾਂਪੁਰਖਾਂ ਨੇ ਫਿਰ ਬਾਬਾ ਰਣਜੀਤ ਸਿੰਘ ਦੇ ਕੁਝ ਸਾਥੀਆਂ ਦੇ ਨਾਮ ਕਹੇ, ਤਾਂ ਉਹ ਬਾਬਾ ਅਗੋਂ ਰੁਖਾ ਜਿਹਾ ਹੀ ਬੋਲਿਆ। ਤਾਂ ਆਪ ਨੇ ਜਿਹੜੀ ਸਿੰਘਾਂ ਨੇ ਗੜਬੇ ਵਿਚ ਚੂਰੀ ਪਾਈ ਹੋਈ ਸੀ। ਹਥ ਸਾਫ ਕਰਕੇ ਬਾਬੇ ਨੂੰ ਖਾਣ ਨੂੰ ਦਿੰਦਿਆਂ ਆਖਣ ਲਗੇ, ਚਲ ਬਾਬਾ ਜਿਵੇਂ ਤੇਰੀ ਮਰਜੀ! ਲੈ ਗੁਰੂ ਘਰ ਦੇ ਲੰਗਰ ਦਾ ਪ੍ਰਸ਼ਾਦ ਛਕ ਲੈ। ਚੂਰੀ ਛਕਦਿਆਂ ਸਾਰ ਹੀ ਬਾਬਾ ਆਪ ਹੀ ਉਹਨਾਂ ਸਿੰਘਾਂ ਨੂੰ ਬੁਲਾਉਣ ਲਈ ਤੁਰ ਗਿਆ। ਸਿਆਣਿਆਂ ਨੇ ਸਚ ਹੀ ਕਿਹਾ ਹੈ "ਤੇਲ ਤਮਾਂ ਜਾ ਕਉ ਮਿਲੈ ਤੁਰਤ ਨਰਮ ਹੋਇ ਜਾਇ"। ਸਾਰੇ ਸਜਣ ਦੌੜੇ ਆਏ ਅਤੇ ਸੰਤ ਬਾਬਾ ਅਮਰ ਸਿੰਘ ਕਿਰਤੀ ਜੀ ਨੂੰ ਬਹੁਤ ਹੀ ਪਿਆਰ ਸਹਿਤ ਮਿਲੇ। ਸੁਖ ਸ਼ਾਂਤ ਪੁਛਣ ਉਪਰੰਤ ਦਰਬਾਰ ਸਾਹਿਬ ਦੇ ਨਾਲ ਲਗਦਾ ਇਕ ਕਮਰਾ ਖੋਲ ਦਿੱਤਾ। ਸੰਤਾਂ ਨੇ ਆਪਣਾ ਆਸਣ ਲਾ ਲਿਆ। ਸ਼ਾਮ ਦੇ ਸਮੇਂ ਸੰਤਾਂ ਨੇ ਬਹੁਤ ਹੀ ਪ੍ਰੇਮ ਸਹਿਤ ਰਹਿਰਾਸ ਸਾਹਿਬ ਜੀ ਦਾ ਨਿਤਨੇਮ ਕੀਤਾ ਅਤੇ ਗੁਰੂ ਚਰਨਾਂ ਵਿਚ ਇਕ ਮਨ ਇਕ ਚਿਤ ਅਰਦਾਸ ਕੀਤੀ। ਲੰਗਰ ਦੀ ਤਿਆਰੀ ਜਿਸ ਪ੍ਰਕਾਰ ਜਥੇ ਵਿਚ ਅਸੂਲ ਸਨ, ਪੂਰੀ ਸੋਧ ਨਾਲ ਤਿਆਰ ਕਰ ਕੇ ਆਪ

ਛਕਿਆ ਅਤੇ ਜਿੰਨੇ ਕੁ ਸਿੰਘ ਸਨ ਉਨ੍ਹਾਂ ਨੂੰ ਗੁਰੂ ਕੇ ਲੰਗਰ ਦੀ ਮਹਾਨਤਾ ਸੁਣਾ ਕੇ ਗੁਰੂ ਕਾ ਪ੍ਰਸ਼ਾਦਿ ਛਕਾਇਆ।

ਸਾਰੇ ਸਿੰਘ ਆਪਣੇ ਆਪਣੇ ਘਰਾਂ ਨੂੰ ਚਲੇ ਗਏ ਸਨ। ਸੰਤ ਬਾਬਾ ਅਮਰ ਸਿੰਘ ਕਿਰਤੀ ਜੀ ਆਪਣੇ ਆਸਣ ਤੇ ਪੁਹੰਚ ਕੇ ਇਕਾਗਰ ਚਿਤ ਹੋ ਕੇ ਕੀਰਤਨ ਸੋਹਿਲਾ ਜੀ ਦਾ ਪਾਠ ਕਰਕੇ ਅਰਾਮ ਕਰਨ ਲੱਗੇ। ਜਦੋਂ ਰਾਤ ਦੇ ਗਿਆਰਾਂ ਬਾਰਾਂ ਦਾ ਸਮਾਂ ਹੋਇਆ, ਤਾਂ ਦੋ ਚੋਰ ਦਰਬਾਰ ਸਾਹਿਬ ਦੇ ਅੰਦਰ ਚਲੇ ਗਏ। ਕੁਝ ਦੇਰ ਅੰਦਰ ਰੁਮਾਲੇ ਸਾਹਿਬ ਅਤੇ ਬਸਤ੍ਰ ਫਰੋਲ ਕੇ ਵਾਪਸ ਚਲੇ ਗਏ। ਹੋਰ ਕੋਈ ਗੁਰੂ ਸਾਹਿਬ ਜੀ ਦੀ ਬੇਅਦਬੀ ਆਦਿਕ ਤੋਂ ਬਚਾ ਹੋ ਗਿਆ ਸੀ। ਕੁਝ ਦੇਰ ਬਾਅਦ ਸੰਤਾਂ ਨੇ ਉਠ ਕੇ ਸਾਰੀ ਦਰਬਾਰ ਸਾਹਿਬ ਜੀ ਦੀ ਸਥਿਤੀ ਨੂੰ ਦੇਖਿਆ ਅਤੇ ਸਾਰੇ ਰੁਮਾਲਿਆਂ ਨੂੰ ਸੰਭਾਲ ਕੇ ਇਕਤਰ ਕਰਕੇ ਵਖਰੇ ਸਾਂਭ ਦਿੱਤਾ। ਅੰਮ੍ਰਿਤ ਵੇਲੇ ਉਠਣ ਉਪਰੰਤ ਆਪ ਜੀ ਨੇ ਨਿਤਨੇਮ ਕਰਨ ਤੋਂ ਬਾਅਦ ਜਲ ਪਾਣੀ ਛਕਣਾ ਕੀਤਾ। ਸਾਰੀ ਸਵੇਰ ਦੀ ਕਿਰਿਆ ਤੋਂ ਬਾਅਦ ਉਹਨਾਂ ਰੁਮਾਲਿਆਂ ਨੂੰ ਧੋ ਕੇ ਸਾਫ ਕੀਤਾ। ਫਿਰ ਦੁਆਰਾ ਸੰਭਾਲ ਕੀਤੀ। ਜਦੋਂ ਇਸ ਅਸਲੀਅਤ ਦਾ ਪਤਾ ਨਗਰ ਦੀ ਸੰਗਤ ਨੂੰ ਲਗਾ ਤਾਂ ਸਾਰੀ ਸੰਗਤ ਨੇ ਬਹੁਤ ਹੀ ਅਫਸੋਸ ਕੀਤਾ। ਸੰਤ ਆਖਣ ਲਗੇ ਭਾਈ ਇਹ ਕਿਸੇ ਦਾ ਕੋਈ ਕਸੂਰ ਨਹੀਂ ਹੈ। ਜਦੋਂ ਅਸੀਂ ਜਥੇ ਵਿਚੋਂ ਤੁਰਨ ਲੱਗੇ ਤਾਂ ਨਾਲ ਦੇ ਪ੍ਰੇਮ ਕਰਨ ਵਾਲੇ ਜਥੇ ਦੇ ਸਿੰਘਾਂ ਦੇ ਮੁੱਖ ਵਿਚੋਂ ਸਹਿਜ ਵਿਚ ਹੀ ਬਚਨ ਨਿਕਲ ਗਏ ਸਨ। ਉਹ ਕਹਿਣ ਲੱਗੇ ਕਿ ਉਸ ਇਲਾਕੇ ਵਿਚ ਰਹਿਣ ਵਾਲਿਆਂ ਦੀ ਬੋਲੀ ਬਹੁਤ ਰੁਖੀ ਹੈ। ਉਸ ਇਲਾਕੇ ਵਿਚ ਚੋਰ ਵੀ ਵਸਦੇ ਹਨ। ਸੰਤ ਆਖਣ ਲਗੇ ਭਾਈ ਇਹ ਤਾਂ ਉਹਨਾਂ ਗੁਰੂ ਪਿਆਰਿਆਂ ਦੇ ਬਚਨ ਹੀ ਪੂਰੇ ਹੋਏ ਹਨ।

ਕੁਝ ਦਿਨ ਸੰਤ ਬਾਬਾ ਅਮਰ ਸਿੰਘ ਕਿਰਤੀ ਜੀ ਨੇ ਅਰਾਮ ਕਰਨ ਉਪਰੰਤ ਵੀਚਾਰ ਬਣਾਇਆ ਕਿ ਹੁਣ ਇਥੇ ਨਾਮ ਬਾਣੀ ਦਾ ਲੰਗਰ ਜੋ ਆਤਮਾ ਦੀ ਖੁਰਾਕ ਹੈ ਉਸ ਦੀ ਸ਼ੁਰੂਆਤ ਕੀਤੀ ਜਾਣੀ ਚਾਹੀਦੀ ਹੈ। ਆਪ ਜੀ ਨੇ ਅੰਮ੍ਰਿਤ ਵੇਲੇ ਭਗਤ ਬਾਣੀ ਦੀ ਕਥਾ ਅਰੰਭ ਕਰ ਦਿੱਤੀ। ਭਾਵੇਂ ਕਿ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਕਲਿਆਣਕਾਰੀ ਹੈ। ਪਰ ਜਦ ਅਸੀਂ ਸੰਸਾਰਕ ਸੋਚ ਦੇ ਭਾਰ ਹੇਠਾਂ ਦਬੇ ਹੁੰਦੇ ਹਾਂ। ਤਦੋਂ ਅਸੀਂ ਆਪਣੀ ਸੋਚ ਮੁਤਾਬਕ ਸੋਚਦੇ ਹਾਂ। ਜਿਸ ਪ੍ਰਕਾਰ ਆਮ ਪਿੰਡਾਂ ਵਿਚ ਇਹ ਸੁਨਣ ਨੂੰ ਮਿਲੇਗਾ ਕਿ ਅਜ ਹੁਕਮਨਾਮਾ ਸਾਹਿਬ ਖੁਸ਼ੀ ਦਾ ਆਇਆ ਹੈ। ਅਜ ਇਸ ਪ੍ਰਕਾਰ ਦਾ, ਅੱਜ ਇਸ ਪ੍ਰਕਾਰ ਦਾ ਆਦਿਕ। ਕਾਰਨ ਸਪਸ਼ਟ ਹੈ ਕਿ ਅਸੀਂ ਬਾਣੀ ਦੇ ਅਰਥਾਂ ਤੋਂ ਵਾਂਝੇ ਹੁੰਦੇ ਹਾਂ। ਜਦੋਂ ਸਾਨੂੰ ਸਮਝ ਆ ਜਾਵੇ ਫਿਰ ਇਹ ਭਰਮ ਖਤਮ ਹੋ ਜਾਂਦਾ ਹੈ। ਗੁਰੂ ਨਾਮ ਹੀ ਕਲਿਆਣਕਾਰੀ ਹੈ। ਇਕ ਸੰਤ ਦਾ ਮਨੋਰਥ ਵੀ ਬਾਣੀ ਰਾਹੀਂ ਜਨ-ਕਲਿਆਣ ਕਰਨਾ ਹੁੰਦਾ ਹੈ। ਜਿਵੇਂ ਕਿਵੇਂ ਸੰਗਤ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਨਾਲ ਇਸ ਪ੍ਰਕਾਰ ਜੁੜ ਜਾਵੇ ਜਿਵੇਂ ਸ਼ਹਿਦ ਦੀ ਮੱਖੀ ਫੁਲਾਂ ਨਾਲ ਸ਼ਹਿਦ ਇਕਤਰ ਕਰਨ ਲਈ ਜੁੜ ਜਾਂਦੀ ਹੈ। ਇਸ ਪ੍ਰਕਾਰ ਸੰਤ ਬਾਬਾ ਅਮਰ ਸਿੰਘ ਕ੍ਰਿਤੀ ਜੀ ਨੇ ਭਗਤ ਬਾਣੀ ਦੀ ਪਾਵਨ ਵੀਚਾਰ ਸ਼ੁਰੂ ਕੀਤੀ। ਕਿ ਪ੍ਰਮਾਤਮਾ ਦੀ ਭਗਤੀ ਕਰਨ ਵਾਲਾ ਕਿੰਨਾਂ ਮਹਾਨ ਹੁੰਦਾ ਹੈ। ਮਨੁਖਾ ਜਨਮ ਮਿਲਿਆ ਹੀ ਪ੍ਰਮਾਤਮਾ ਦੀ ਪ੍ਰਾਪਤੀ ਲਈ ਹੈ। ਇਸ ਪ੍ਰਕਾਰ ਭਗਤੀ ਕਰਨ ਵਾਲੇ ਨੂੰ ਹੀ ਭਗਤ ਕਿਹਾ ਜਾਂਦਾ

ਹੈ। ਭਗਤੀ ਕਰਨ ਦੀ ਲਗਨ ਗੁਰੂ ਸਾਹਿਬ ਜੀ ਪਾਸੋਂ ਪ੍ਰਾਪਤ ਹੁੰਦੀ ਹੈ। ਧੰਨ ਗੁਰੂ ਗ੍ਰੰਥ ਸਾਹਿਬ ਜੀ ਦੇ ਬਚਨ ਹਨ,

**ਗੁਰ ਤੇ ਸਾਂਤਿ ਭਗਤਿ ਕਰੇ ਦਿਨ ਰਾਤੀ**
**ਗੁਣ ਕਹਿ ਗੁਣੀ ਸਮਾਵਣਿਆ।**
(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੧੧੭)

ਧੰਨ ਗੁਰੂ ਗ੍ਰੰਥ ਸਾਹਿਬ ਅੰਦਰ ਭਗਤੀ ਕਰਨ ਲਈ ਪ੍ਰੇਰਿਤ ਕਰਨ ਵਾਲਾ ਸ਼ਬਦ ੬੫੬ ਵਾਰ ਆਉਂਦਾ ਹੈ। ਜਿਸ ਦਾ ਰੂਪ 'ਭਗਤਿ' ਹੈ। 'ਭਗਤੀ ਕਰਨ ਵਾਲਾ' ਲਈ ਭਗਤ ਸ਼ਬਦ ਜਿਸ ਦਾ ਰੂਪ 'ਭਗਤ' ਹੈ, ੨੯੧ ਵਾਰ ਆਉਂਦਾ ਹੈ। ਭਗਤ ਦੀ ਮਹਿਮਾ ਨੂੰ ਕਵੀ ਬਹੁਤ ਹੀ ਸੁੰਦਰ ਸ਼ਬਦਾਂ ਵਿਚ ਅੰਕਿਤ ਕਰਦਾ ਹੈ।

**ਦਯਾ ਦਿਲ ਰਾਖੈ ਸਬਹੀ ਸੋਂ ਮ੍ਰਿਦ ਭਾਖੈ ਨਿਤ,**
**ਕਾਮ ਕ੍ਰੋਧ ਲੋਭ ਮੋਹ ਹਉਮੈ ਕੋ ਦਬਾਵੈ ਜੂ॥**
**ਕਾਹੂ ਮੈ ਨਾ ਤੇਖੈ (ਵਖਰੇਵਾਂ ਤਕਣਾ)**
**ਸਭ ਹੀ ਮੈ ਏਕ ਬ੍ਰਹਮ ਦੇਖੈ;**
**ਲਘੁ ਲੇਖੇ ਆਪ, ਕਰ ਨੇਮ ਤਨ ਤਾਵੈ ਜੂ॥**
**ਦੇਵੀਦਤ ਜਾਨੈ ਏਕ ਹਰਿ ਹੀ ਕੋ ਮੀਤ,**
**ਔਰ ਜਗਤ ਕੀ ਰੀਤਿ ਮੈ ਨ ਪ੍ਰੀਤਿ ਸਰਸਾਵੈ ਜੂ॥**
**ਦੁਖਿਤ ਹਨੈ (ਸਹਾਰਨਾ) ਆਪ,**
**ਦੁਖ ਔਰ ਕੇ ਮਿਟਾਵੈ;**
**ਏਸੋ ਸਾਂਤ ਪਦ ਪਾਵੈ ਤਬ ਭਗਤ ਕਹਾਵੈ ਜੂ॥"**

ਇਸ ਪ੍ਰਕਾਰ ਗੁਰਸਿਖ ਲਈ ਗੁਰੂ ਭਗਤੀ ਜੀਵਨ ਸੇਧ ਰੂਪ ਵਿਚ ਸਮਝਾਉਣ ਲਈ 'ਬਿਨੁ ਗੁਰ ਭਗਤਿ ਨ ਹੋਇ' ਗੁਰੂ ਚਰਨਾਂ ਨਾਲ ਜੋੜਨ ਲਈ ਯਤਨ ਅਰੰਭ ਕਰ ਦਿੱਤੇ। ਗੁਰੂ ਘਰ ਵਿਚੋਂ ਜੀਵਨ ਸੇਧ ਹਾਸਲ ਕਰਨ ਵਾਲੇ ਦਾ ਫਰਜ਼ ਹੈ। ਪਹਿਲਾਂ ਆਪਣੇ ਮਨ ਨੂੰ ਪਰਬੋਧਣਾ ਫਿਰ ਦੂਜਿਆਂ ਨੂੰ ਰੀਝਾਉਣਾ। ਐਸੀ ਭਾਵਨਾ ਵਾਲੇ ਗਿਆਨ ਸਪੰਨ ਗੁਰਸਿਖਾਂ ਬਾਬਤ ਭਾਈ ਗੁਰਦਾਸ ਜੀ ਲਿਖਦੇ ਹਨ। "ਗੁਰਸਿਖਾਂ ਗੁਰਸਿਖ ਮੇਲਿ ਮਿਲਾਇਆ। (ਵਾਰ ੨੦ ਪਉੜੀ ੭) ਐਸੇ ਗੁਰਸਿਖ, ਆਮ ਮਨੁਖ ਅੰਦਰ ਭਾਵਨਾ ਪ੍ਰਗਟ ਕਰਕੇ ਗੁਰੂ ਨਾਲ ਮਿਲਣ ਵਾਲਾ ਗੁਰਸਿਖ ਬਣਾ ਦਿੰਦੇ ਹਨ। ਗੁਰਸਿਖ ਦਾ ਜੀਵਨ ਮਨੋਰਥ ਹੀ ਆਪ ਗੁਰੂ ਨਾਲ ਜੁੜਨਾ ਅਤੇ ਦੂਜਿਆਂ ਨੂੰ ਗੁਰੂ ਨਾਲ ਜੋੜਨਾਂ ਹੁੰਦਾ ਹੈ। ਜਿਸ ਪ੍ਰਕਾਰ ਕਥਾ ਦਾ ਸੰਗਤ ਨੂੰ ਰਸ ਆਉਣ ਲਗਾ ਉਸੇ ਪ੍ਰਕਾਰ ਸੰਗਤ ਅੰਮ੍ਰਿਤ ਵੇਲੇ ਕਥਾ ਵਿਚ ਜੁੜਨ ਲਗ ਪਈ ।

ਇਸੇ ਨਗਰ 'ਫੱਤਾ ਮਾਲੋਕਾ' ਵਿਖੇ ਤਿੰਨ ਡੇਰੇ ਸਨ। ਜਿਨ੍ਹਾਂ ਵਿਚੋਂ ਦੋ ਡੇਰਿਆਂ ਵਿਚ ਤਾਂ ਕੋਈ ਸੰਗਤ ਦੀ ਆਵਾਜਾਈ ਨਹੀਂ ਸੀ। ਇਕ ਡੇਰਾ ਜਿਸਨੂੰ ਨਿਰਮਲ ਕੁਟੀਆ ਕਿਹਾ ਜਾਂਦਾ ਹੈ। ਇਥੇ ਉਹਨਾਂ ਸਮਿਆਂ ਵਿਚ ਉਦਾਸੀ ਸੰਪ੍ਰਦਾਇ ਦੇ ਕਰਣੀ ਕਮਾਈ ਵਾਲੇ ਸਾਧੂ ਸ੍ਰੀ ਵਾਸਦੇਵ

ਜੀ ਰਹਿੰਦੇ ਸਨ। ਜਿਹੜੇ ਨਗਰ ਦੇ ਬੱਚਿਆਂ ਨੂੰ ਬਾਣੀ ਪੜ੍ਹਾਉਣ ਦੀ ਸੇਵਾ ਕਰਦੇ ਸਨ। ਜਦੋਂ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਨਗਰ 'ਫੱਤਾ ਮਾਲੋਕਾ' ਵਿਖੇ ਗਏ ਸਨ। ਉਸ ਸਮੇਂ ਸੰਤਾਂ ਦੀ ਕਮਾਈ ਦੀ/ਸੁਗੰਧੀ ਸਦਕਾ ਆਪ ਜੀ ਸ੍ਰੀ ਵਾਸਦੇਵ ਜੀ ਦੇ ਦਰਸ਼ਨ ਕਰਨ ਲਈ ਗਏ ਸਨ। ਤਾਂ ਉਦਾਸੀ ਸੰਤਾਂ ਨੇ ਆਪ ਜੀ ਦਾ ਬਹੁਤ ਸਤਿਕਾਰ ਕੀਤਾ। ਆਪ ਜੀ ਨੂੰ ਮੰਜੇ ਉਪਰ ਬੈਠਣ ਲਈ ਬੇਨਤੀ ਕੀਤੀ। ਪਰ ਉਸ ਵੇਲੇ ਕੁਝ ਛੋਟੇ-ਛੋਟੇ ਬੱਚੇ ਨੀਵੇਂ ਥਾਂ ਤੇ ਬੈਠੇ ਬਾਣੀ ਪੜ੍ਹ ਰਹੇ ਸਨ। ਸੰਤ ਭੂਮ ਆਸਣ ਤੇ ਬੈਠ ਗਏ ਨਾਲ ਹੀ ਆਖਿਆ ਕਿ ਜਦੋਂ ਗੁਰਬਾਣੀ ਪੜ੍ਹਨ ਵਾਲੇ ਗੁਰੂ ਦੁਲਾਰੇ ਜਿਸ ਥਾਂ ਤੇ ਬੈਠੇ ਹੋਣ, ਤਾਂ ਸਾਨੂੰ ਉਹਨਾਂ ਕੋਲ ਨੀਵੇਂ ਬੈਠ ਕੇ ਬਹੁਤ ਅਨੰਦ ਆਉਂਦਾ ਹੈ। ਖਾਲਸਾ ਜੀ ਦੇ ਪ੍ਰੇਮ ਭਰੇ ਗਿਆਨ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਪ੍ਰਤੀ ਸਤਿਕਾਰ ਵਾਲੇ ਬੋਲ ਸੁਣ ਕੇ ਉਸ ਵੇਲੇ ਆਖਣ ਲੱਗੇ, ਮਹਾਂਪੁਰਖੋ ਅਸੀਂ ਕਦੀ ਖਿਆਲ ਹੀ ਨਹੀਂ ਕੀਤਾ ਸੀ। ਉਸ ਦਿਨ ਤੋਂ ਬਾਅਦ ਆਪ ਜੀ ਨੇ ਰਹਿੰਦੀ ਜ਼ਿੰਦਗੀ ਤੱਕ ਗੁਰੂ ਕੀ ਬਾਣੀ ਦਾ ਆਪ ਵੀ ਬਹੁਤ ਅਦਬ ਰੱਖਿਆ ਅਤੇ ਬਾਣੀ ਪੜ੍ਹਨ ਵਾਲੇ ਬੱਚਿਆਂ ਨੂੰ ਵੀ ਅਦਬ ਕਰਨਾ ਸਿਖਾਇਆ।

ਸੰਤ ਬਾਬਾ ਅਮਰ ਸਿੰਘ ਕਿਰਤੀ ਜੀ ਨੂੰ ਪਿੰਡ ਵਿਚ ਰਹਿੰਦਿਆਂ ਕੁਝ ਸਮਾਂ ਹੋਇਆ ਸੀ। ਤਾਂ ਆਪ ਇਹਨਾਂ ਮਹਾਂਪੁਰਖਾਂ ਦੇ ਦਰਸ਼ਨ ਕਰਨ ਵਾਸਤੇ ਗਏ। ਸ੍ਰੀ ਵਾਸਦੇਵ ਜੀ ਨੂੰ ਕਿਰਤੀ ਜੀ ਨੇ ਬੇਨਤੀ ਕੀਤੀ ਕਿ ਆਪ ਜੀ ਸਾਨੂੰ ਵੇਦਾਂਤ ਦੇ ਗ੍ਰੰਥ ਪੜ੍ਹਾਉ। ਜਦੋਂ ਉਦਾਸੀ ਮਹਾਂਪੁਰਖਾਂ ਨੂੰ ਵੀਚਾਰ ਕਰਦਿਆਂ ਪਤਾ ਲਗਾ ਕਿ ਕਿਰਤੀ ਜੀ ਸੰਤ ਗਿਆਨੀ ਗੁਰਬਚਨ ਸਿੰਘ ਭਿੰਡਰਾਂ ਵਾਲਿਆਂ ਦੇ ਵਿਦਿਆਰਥੀ ਹਨ। ਤਾਂ ਉਦਾਸੀ ਮਹਾਂਪੁਰਖ ਆਖਣ ਲਗੇ ਕਿ ਤੁਹਾਨੂੰ ਹੁਣ ਕੁਝ ਕਰਨ ਦੀ ਲੋੜ ਨਹੀ ਹੈ। ਹੁਣ ਤੁਸੀਂ ਸਾਡੀ ਮਦਦ ਕਰਿਆ ਕਰੋ ਕਿਉਂਕਿ ਅਸੀਂ ਬਿਰਧ ਹੋ ਗਏ ਹਾਂ, ਸਾਡੀ ਨਿਗ੍ਹਾ ਵੀ ਘਟ ਗਈ ਹੈ। ਤੁਸੀਂ ਦਸਮੇਂ ਪਾਤਸ਼ਾਹ ਦੀ ਟਕਸਾਲ ਦੇ ਵਿਦਿਆਰਥੀ ਹੋ। ਨਗਰ ਵਿਚ ਅਤੇ ਆਸ ਪਾਸ ਪ੍ਰੋਗਰਾਮਾਂ ਵਿਚ ਕਥਾ ਵਾਰਤਾ ਕਰਿਆ ਕਰੋ। ਸਾਨੂੰ ਵੀ ਕੁਝ ਮਦਦ ਮਿਲ ਜਾਇਆ ਕਰੇਗੀ। ਕਿਰਤੀ ਜੀ ਦੇ ਪ੍ਰੇਮ ਭਰੇ ਮਿਲਾਪ ਸਦਕਾ ਸੰਤਾਂ ਨੇ ਰਹਿੰਦੀ ਜਿੰਦਗੀ ਆਪਸ ਵਿਚ ਬਹੁਤ ਹੀ ਪ੍ਰੇਮ ਭਾਵ ਨਾਲ ਪੂਰੀ ਕੀਤੀ।

ਇਕ ਵਾਰ ਨਗਰ ਵਿਚ ਹੀ ਭਾਈ ਜੱਗਰ ਸਿੰਘ 'ਬਖਸ਼ੀਸੇ ਕਾ' ਇਹਨਾਂ ਦੇ ਘਰ ਵਿਚ ਸ੍ਰੀ ਅਖੰਡ ਪਾਠ ਸੀ। ਅਖੰਡ ਪਾਠ ਲਈ ਪਾਠੀ ਸਿੰਘ ਨਿਰਮਲ ਕੁਟੀਆ ਵਾਲੇ ਮਹਾਂਪੁਰਖਾਂ ਨੇ ਭੇਜੇ ਸਨ। ਘਰ ਵਾਲੇ ਪ੍ਰੇਮੀ ਸਿੰਘਾਂ ਨੇ ਸੰਤ ਬਾਬਾ ਅਮਰ ਸਿੰਘ ਕਿਰਤੀ ਜੀ ਨੂੰ ਵੀ ਬੁਲਾਵਾ ਭੇਜਿਆ ਸੀ। ਆਪ ਵੀ ਉਹਨਾਂ ਦੇ ਘਰ ਪੁਹੰਚੇ ਹੋਏ ਸਨ। ਅਖੰਡ ਪਾਠ ਸਾਹਿਬ ਅਰੰਭ ਕਰਨ ਉਪਰੰਤ ਉਦਾਸੀ ਸੰਤ ਅਤੇ ਕਿਰਤੀ ਜੀ ਇਕ ਬੈਠਕ ਵਿਚ ਬੈਠੇ ਸਨ। ਇਕ ਬਜ਼ੁਰਗ ਬਾਬਾ ਜਿਸ ਨੇ ਤਕਰੀਬਨ ਆਪਣੀ ਉਮਰ ਦਾ ਬਹੁਤਾ ਹਿੱਸਾ ਸੰਤਾਂ ਦੀ ਸੰਗਤ ਕਰਕੇ ਕੁਝ ਨਾ ਕੁਝ ਹਾਸਲ ਕਰਨ ਵਾਲੀ ਭਾਵਨਾ ਨਾਲ ਬਤੀਤ ਕੀਤਾ ਹੋਇਆ ਸੀ। ਉਂਝ ਭਾਵੇਂ ਉਹ ਵਿਦਿਆ ਪੱਖੋਂ ਅਨਪੜ੍ਹ ਸੀ। ਪਰ ਭਾਵਨਾ ਬਹੁਤ ਸ਼ੁਧ ਸੀ। ਆਮ ਜੋ ਸਿਆਣੇ ਵਿਦਵਾਨਾਂ ਨੇ ਸਰੋਤਿਆਂ ਦੇ ਚੌਦਾਂ ਗੁਣ ਆਖੇ ਹਨ।

ਸਰਧਾਵਾਨ ਹੋਵੇ ।੨. ਨਿੰਮ੍ਰਤਾ ਵਾਲਾ ਹੋਵੇ ।੩. ਪ੍ਰੇਮੀ ਹੋਵੇ ।੪. ਉਦਾਰ ਹੋਵੇ ।੫. ਅਰਥ

ਸਮਝਣ ਦੀ ਬੁਧੀ ਰਖਣ ਵਾਲਾ ਹੋਵੇ। ੬. ਆਲਸ ਰਹਿਤ ਹੋਵੇ। ੭. ਪ੍ਰਸ਼ਨ ਕਰਨ ਦੇ ਢੰਗ ਤੋਂ ਜਾਣੂ ਹੋਵੇ। ੮. ਮਿੱਠੀ ਬੋਲੀ ਵਾਲਾ ਹੋਵੇ ।੯. ਇੰਦ੍ਰੇਜਿਤ ਹੋਵੇ ।੧੦. ਪ੍ਰਸੰਗ ਦੇ ਸਿਧਾਂਤ ਨੂੰ ਜਾਨਣ ਵਾਲਾ ਹੋਵੇ ।੧੧. ਕੁਟਿਲਤਾ ਤੋਂ ਬਗੈਰ ਹੋਵੇ। ੧੨. ਸੇਵਾ ਕਰਨ ਦਾ ਪ੍ਰੇਮੀ ਹੋਵੇ। ੧੩. ਪਾਖੰਡ ਅਤੇ ਆਪਣੇ ਜਸ ਦਾ ਤਿਆਗੀ ਹੋਵੇ। ੧੪. ਜੋ ਸੁਣਿਆ ਹੈ ਉਸ ਉਪਰ ਅਮਲ ਕਰਨ ਵਾਲਾ ਹੋਵੇ ਇਹ ਚੌਦਾਂ ਗੁਣ ਨਹੀਂ ਤਾਂ ਬਹੁਤਾਤ ਵਿਚ ਉਸ ਬਾਬੇ ਅੰਦਰ ਸ੍ਰੋਤਾ ਸੱਜਣ ਵਾਲੇ ਗੁਣ ਸਨ। ਬਹੁਤ ਹੀ ਨਿੰਮ੍ਰਤਾ ਨਾਲ ਉਸ ਨੇ ਦੋਨਾਂ ਮਹਾਂਪੁਰਖਾਂ ਪਾਸ ਬੇਨਤੀ ਕੀਤੀ ਕਿ ਮੈਨੂੰ ਆਪ ਜੀ ਭਗਤ ਕਬੀਰ ਜੀ ਦੀ ਬਾਣੀ :

**ਕਬੀਰ ਏਕ ਮਰੰਤੇ ਦੁਇ ਮੂਏ ਦੋਇ ਮਰੰਤਹ ਚਾਰਿ॥**
**ਚਾਰਿ ਮਰੰਤਹ ਛਹ ਮੂਏ ਚਾਰਿ ਪੁਰਖ ਦੁਇ ਨਾਰਿ॥**
**(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੧੩੬੯)**

ਦੇ ਅਰਥ ਸਮਝਾਉਣ ਦੀ ਕ੍ਰਿਪਾਲਤਾ ਕਰੋ। ਉਦਾਸੀ ਸੰਤ ਸ੍ਰੀ ਵਾਸਦੇਵ ਜੀ ਆਖਣ ਲਗੇ, ਕ੍ਰਿਤੀ ਜੀ ਆਪ ਟਕਸਾਲ ਦੇ ਸਿਖਿਆਰਥੀ ਹੋ, ਇਨ੍ਹਾਂ ਪੰਗਤੀਆਂ ਦੇ ਅਰਥ ਸਮਝਾਉਣਾ ਕਰੋ। ਸੰਤ ਬਾਬਾ ਅਮਰ ਸਿੰਘ ਕਿਰਤੀ ਜੀ ਆਖਣ ਲਗੇ ਕਿ ਭਾਈ ਇਹਨਾਂ ਪੰਗਤੀਆਂ ਦੇ ਅਰਥ ਬਹੁਤ ਹਨ।

**ਪਹਿਲਾ ਅਰਥ:-**

ਇਕ ਸ਼ਿਕਾਰੀ ਨੇ ਜੰਗਲ ਵਿਚ ਜਾ ਕੇ ਹਰਨੀ ਦਾ ਸ਼ਿਕਾਰ ਕੀਤਾ। ਜਦ ਹਿਰਨੀ ਦੇ ਤੀਰ ਮਾਰਿਆ ਤਾਂ ਹਰਨੀ ਦੇ ਮਰਨੇ ਕਰਕੇ ਉਸ ਦੇ ਪੇਟ ਵਿਚ ਜੋ ਬੱਚਾ ਸੀ ਉਹ ਮਰ ਗਿਆ। ਜਿਥੇ ਸ਼ਿਕਾਰੀ ਨੇ ਖੜ ਕੇ ਤੀਰ ਚਲਾਇਆ ਸੀ। ਉਥੇ ਨੇੜੇ ਹੀ ਖੁਡ ਸੀ, ਜਿਸ ਵਿਚੋਂ ਸਪ ਨਿਕਲਿਆ ਜਿਸ ਨੇ ਡੰਗ ਮਾਰ ਕੇ ਸ਼ਿਕਾਰੀ ਮਾਰ ਦਿੱਤਾ। ਸ਼ਿਕਾਰੀ ਦੇ ਮਰਨ ਨਾਲ ਉਸ ਦੇ ਹੱਥ ਵਿਚੋਂ ਕਮਾਨ ਸੱਪ ਦੇ ਉਤੇ ਡਿੱਗ ਪਿਆ, ਜਿਸ ਕਾਰਨ ਸੱਪ ਵੀ ਮਰ ਗਿਆ। ਇਹ ਚਾਰ ਹੋ ਗਏ। ਜਦੋਂ ਸ਼ਿਕਾਰੀ ਦੀ ਖਬਰ ਘਰ ਪੁਹੰਚੀ ਤਾਂ ਸ਼ਿਕਾਰੀ ਦੀ ਘਰਵਾਲੀ ਜਿਸ ਦੇ ਗਰਭ ਵਿਚ ਬੱਚਾ ਸੀ ਉਹ ਉਸ ਨਾਲ ਸਤੀ ਹੋ ਗਈ। ਇਸ ਪ੍ਰਕਾਰ ਇਨਾਂ ਵਿਚ ਚਾਰ ਪੁਰਖ ਅਤੇ ਦੋ ਇਸਤ੍ਰੀਆਂ ਸਨ।

**ਦੂਜਾ ਅਰਥ:-**

ਇਕ ਰਾਗ ਮਰਨ ਨਾਲ ਦੂਜਾ ਦਵੈਸ਼ ਮਰ ਗਿਆ ਹੈ। ਇਹਨਾਂ ਦੋ ਦੇ ਮਰਨ ਨਾਲ ਆਸਾ ਅਤੇ ਤ੍ਰਿਸ਼ਨਾ ਹੋਰ ਮਰ ਗਏ ਹਨ। ਇਹਨਾਂ ਦੇ ਮਰਨ ਨਾਲ ਵਿਸ਼ੇ ਸੁਖ ਅਤੇ ਦੁਖ ਨਵਿਰਤ ਹੋ ਗਏ, ਭਾਵ ਮਰ ਗਏ। ਰਾਗ, ਦਵੈਖ, ਦੁਖ ਅਤੇ ਵਿਸ਼ੇ ਸੁਖ ਇਹ ਪੁਰਖ ਹਨ ਅਤੇ ਆਸਾ ਤੇ ਤ੍ਰਿਸ਼ਨਾ ਦੋ ਨਾਰੀਆਂ ਹਨ।

**ਤੀਸਰਾ ਅਰਥ:-**

ਇਕ ਹੰਕਾਰ ਮਰਨ ਨਾਲ ਦੋ ਰਾਗ ਦਵੈਖ ਮਰ ਗਏ ਹਨ। ਇਹਨਾਂ ਦੋ ਦੇ ਮਰਨ ਨਾਲ ਚਾਰ ਹੋਰ ਮਰ ਗਏ ਹਨ; ਕਾਮ, ਕ੍ਰੋਧ, ਲੋਭ, ਮੋਹ। ਇਹਨਾਂ ਚਾਰਾਂ ਦੇ ਮਰਨ ਨਾਲ ਛੇ ਹੋਰ ਮਰ ਗਏ ਹਨ; ਪੰਜ ਗਿਆਨ ਇੰਦ੍ਰਿਆਂ ਦੇ ਵਿਸ਼ੇ ਸੁਆਦ ਅਤੇ ਛੇਵਾਂ ਮਨ ਦਾ ਵਿਕਾਰੀ ਹੋਣਾ।

ਇਸ ਪ੍ਰਕਾਰ ਜਦੋਂ ਸੰਤ ਬਾਬਾ ਅਮਰ ਸਿੰਘ ਕਿਰਤੀ ਜੀ ਤੋਂ ਅਰਥਾਂ ਦੀ ਵੀਚਾਰ ਸੁਣੀ ਤਾਂ ਸੰਤ ਸ੍ਰੀ ਵਾਸਦੇਵ ਜੀ ਆਖਣ ਲੱਗੇ, ਭਾਈ ਨਗਰ ਭਾਗਾਂ ਵਾਲਾ ਹੈ। ਜਿਸ ਨੂੰ ਇਸ ਪ੍ਰਕਾਰ ਦੇ ਮਿਹਨਤ ਕਰਨ ਵਾਲੇ ਵਿਦਵਾਨ ਗੁਰਮੁਖ ਪਿਆਰੇ ਮਿਲੇ ਹਨ। ਇਤਨਾ ਗਿਆਨ ਹਾਸਲ ਕਰਨ ਲਈ ਸਾਲਾਂ ਬੱਧੀ ਵਿਦਿਆ ਦੀ ਮਿਹਨਤ ਕਰਨੀ ਪੈਂਦੀ ਹੈ। ਤਾਂ ਕਿਤੇ ਕੁਝ ਹਾਸਲ ਹੁੰਦਾ ਹੈ। ਪਿੰਡ ਵਾਲਿਆਂ ਲਈ ਤਾਂ ਕਰਤਾਰ ਨੇ ਭੰਡਾਰਾ ਹੀ ਖੋਲ ਦਿੱਤਾ ਹੈ। ਜਿੰਨਾਂ ਮਰਜ਼ੀ ਕੋਈ ਲਾਹਾ ਪ੍ਰਾਪਤ ਕਰ ਲਵੇ। ਇਸ ਪ੍ਰਕਾਰ ਨਗਰ ਵਿਚ ਕਿਰਤੀ ਜੀ ਦੀ ਵਿਦਿਆ ਦਾ ਜਸ ਬਹੁਤ ਫੈਲ ਗਿਆ ਸੀ। ਕਈ ਵਿਦਿਆਰਥੀ ਆਪ ਜੀ ਪਾਸ ਸੰਥਿਆ ਪ੍ਰਾਪਤ ਕਰਨ ਲਈ ਆਉਣ ਲਗ ਪਏ ਸਨ। ਮਹੰਤ ਰਾਮ ਸਿੰਘ ਜੀ ਸਭ ਤੋਂ ਪਹਿਲਾਂ ਸੰਥਿਆ ਹਾਸਲ ਕਰਨ ਵਾਲੇ ਸਨ। ਗੁਰਦੁਆਰਾ ਸਾਹਿਬ ਦੇ ਹਦੂਦ ਅੰਦਰ ਹੀ ਇਕ ਖੂਹੀ ਸੀ। ਜਿਸ ਦਾ ਪਾਣੀ ਬਹੁਤ ਠੰਡਾ ਤੇ ਮਿੱਠਾ ਸੀ। ਇਸ ਖੂਹੀ ਦੇ ਚਾਰ-ਚੁਫੇਰੇ ਪੰਜ ਸੱਤ ਬਹੁਤ ਵੱਡੇ ਅਕਾਰ ਦੇ ਪਿੱਪਲ ਸਨ। ਮਾਲਵੇ ਦੇ ਇਲਾਕੇ ਅੰਦਰ ਖੂਹੀ ਦਾ ਕਿਨਾਰਾ ਪਿੱਪਲ ਬੋਹੜਾਂ ਦੀ ਛਾਂ ਜੇਠ ਹਾੜ ਦੇ ਮਹੀਨੇ ਸ਼ਿਮਲੇ ਦੀ ਠੰਡ ਮਹਿਸੂਸ ਕਰਵਾ ਦਿੰਦੀ ਸੀ। ਤਕਰੀਬਨ ਗਰਮੀ ਦੇ ਦਿਨਾਂ ਵਿੱਚ ਬਹੁਤੇ ਬੱਚੇ ਜਵਾਨ ਇੱਥੇ ਹੀ ਇਸਨਾਨ ਕਰਦੇ ਅਤੇ ਪੇਂਡੂ ਖੇਡਾਂ ਖੇਡਦੇ ਸਨ। ਭਾਈ ਕੌਰ ਸਿੰਘ ਜੀ, ਜਿਨ੍ਹਾਂ ਨੇ ਕਿਰਤੀ ਜੀ ਪਾਸੋਂ ਉਨ੍ਹਾਂ ਦੇ ਜ਼ਿੰਦਗੀ ਦੇ ਅਖੀਰਲੇ ਪਲਾਂ ਵਿਚ ਕੁਝ ਉਨ੍ਹਾਂ ਦੇ ਜੀਵਨ ਦੀਆਂ ਘਟਨਾਵਾਂ ਅੰਕਿਤ ਕੀਤੀਆਂ ਸਨ। ਜਿਹੜੀਆਂ ਗ੍ਰੰਥ ਬਣਾਉਣ ਦਾ ਅਧਾਰ ਬਣੀਆਂ ਹਨ। ਇਹ ਭਾਈ ਕੌਰ ਸਿੰਘ ਛੋਟੀ ਉਮਰ ਵਿਚ ਹੀ ਨਿਰਮਲ ਕੁਟੀਆ ਵਿਚ ਸ੍ਰੀ ਵਾਸਦੇਵ ਜੀ ਪਾਸ ਸੰਥਿਆ ਕਰਨ ਜਾਂਦੇ ਸਨ। ਦੁਪਹਿਰ ਵੇਲੇ ਖੂਹੀ ਤੇ ਇਸ਼ਨਾਨ ਕਰਨ ਉਪਰੰਤ ਜਦੋਂ ਸੰਤਾਂ ਨੂੰ ਫਤਹਿ ਬੁਲਾਉਣ ਜਾਣਾ ਤਾਂ ਸੰਤ ਬਾਬਾ ਅਮਰ ਸਿੰਘ ਜੀ ਨੇ ਇਹਨਾਂ ਦੇ ਸਿਰ ਤੇ ਦਸਤਾਰਾ ਸਜਾ ਦੇਣੀ ਅਤੇ ਪਤਾਸਿਆ ਦਾ ਪ੍ਰਸ਼ਾਦ ਦੇਣਾ। ਜਦੋਂ ਸੰਤ ਸ੍ਰੀ ਵਾਸਦੇਵ ਜੀ ਸੱਚਖੰਡ ਸਿਧਾਰ ਗਏ। ਉਸ ਤੋਂ ਬਾਅਦ ਵਿਚ ਭਾਈ ਕੌਰ ਸਿੰਘ, ਸੰਤ ਬਾਬਾ ਅਮਰ ਸਿੰਘ ਕਿਰਤੀ ਜੀ ਪਾਸ ਹੀ ਵਿੱਦਿਆ ਪੜ੍ਹਨ ਲੱਗ ਪਏ ਸਨ। ਮਹਾਂਪੁਰਖਾਂ ਦੀ ਜ਼ਿੰਦਗੀ ਦੇ ਅਖੀਰਲੇ ਪਲਾਂ ਤੱਕ ਗੁਰੂ ਘਰ ਸਮੇਂ-ਸਮੇਂ ਸੇਵਾ ਵਿਚ ਹਾਜ਼ਰ ਹੁੰਦੇ ਰਹੇ ਹਨ। ਅੱਜ ਵੀ ਗੁਰੂ ਕੀ ਬਹੁਤ ਕ੍ਰਿਪਾ ਹੈ। ਸਤਿਗੁਰੂ ਜੀ ਆਪਣੇ ਪਿਆਰੇ ਉਪਰ ਸਦਾ ਅਸੀਸ ਦਾ ਹੱਥ ਰੱਖਣ, ਤਾਂ ਕਿ ਸੰਗਤ ਵਿੱਚੋਂ ਸੇਵਾ ਸਿਮਰਨ ਦੀ ਦਾਤ ਹਾਸਲ ਹੁੰਦੀ ਰਹੇ। ਇਸੇ ਪ੍ਰਕਾਰ ਸੰਤਾਂ ਦੀ ਵਿਦਿਆ ਦੀ ਕੰਨਸੋ ਪਿੰਡ ਤੋਂ ਚਲਦੀ ਹੋਈ ਇਲਾਕੇ ਵਿੱਚੋਂ ਅਗਾਂਹ ਵੱਧ ਕੇ ਸਾਰੇ ਪੰਜਾਬ ਵਿਚ ਫੈਲ ਗਈ। ਦੂਰੋਂ ਦੂਰੋਂ ਵਿਦਿਆਰਥੀ ਗੁਰੂ ਘਰ ਦੀ ਵਿੱਦਿਆ ਹਾਸਲ ਕਰਨ ਲਈ ਪੁਹੰਚਦੇ ਸਨ।

ਸੰਨ ੧੯੫੦-੫੧ ਈ: ਵਿਚ ਸੰਤਾਂ ਨੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਦਾ ਨਗਰ ਵਿਚ ਪ੍ਰੋਗਰਾਮ ਬਣਾਇਆ ਸੀ। ਕਈ ਦਿਨ ਸੰਤਾਂ ਨੇ ਇਸ ਨਗਰ ਵਿਚ ਰਹਿ ਕੇ ਕਥਾ ਵਾਰਤਾ ਕੀਤੀ। ਉਪਰੰਤ ਖਾਲਸਾ ਜੀ ਇਸ ਇਲਾਕੇ ਵਿਚ ਪ੍ਰਚਾਰ ਕਰਦੇ ਫਿਰ ਵਾਪਸ ਭਿੰਡਰੀਂ ਪੁਹੰਚ ਗਏ ਸਨ। ਖਾਲਸਾ ਜੀ ਨੇ ਸਾਰੀ ਜ਼ਿੰਦਗੀ ਆਪਣੇ ਸਰੀਰ ਢਿੱਲਾ ਹੋਣ ਉਪਰੰਤ ਵੀ ਕਥਾ ਦਾ ਪ੍ਰਵਾਹ ਨਿਰੰਤਰ ਜਾਰੀ ਰੱਖਿਆ। ਜਿਸ ਨੂੰ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਅਸੀਸਾਂ ਸਦਕਾ ਸਾਰੀ ਜ਼ਿੰਦਗੀ ਨਿਭਾਇਆ।

ਜਦੋਂ ਤੋਂ ਸੰਤ ਬਾਬਾ ਅਮਰ ਸਿੰਘ ਕਿਰਤੀ ਜੀ ਨਗਰ ਵਿਚ ਆਏ, ਅੰਮ੍ਰਿਤ ਵੇਲੇ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਚਲਦੀ ਰਹਿੰਦੀ ਸੀ। ਗੁਰੂ ਘਰ ਦੀ ਵਿੱਦਿਆ ਸਿੱਖਣ ਵਾਲੇ ਵਿਦਿਆਰਥੀ ਮਹਾਪੁਰਖਾਂ ਪਾਸ ਆਕੇ ਰਹਿਣ ਲੱਗ ਪਏ ਸਨ। ਸੰਤਾਂ ਨੇ ਸਿੰਘਾਂ ਦੀ ਸੰਥਿਆ ਨੂੰ ਮੁੱਖ ਰੱਖ ਕੇ ਸ਼ਾਮ ਦੇ ਵਕਤ ਗੁਰ ਇਤਿਹਾਸ ਦੀ ਕਥਾ ਸ਼ੁਰੂ ਕਰ ਦਿੱਤੀ। ਵਿਦਿਆਰਥੀਆਂ ਨੂੰ ਟਕਸਾਲ ਦੀ ਵਿਧੀ ਮੁਤਾਬਕ ਬਾਣੀ ਪੜ੍ਹਨ ਤੋਂ ਲੈ ਕੇ ਕਥਾ ਕਰਨ ਤੱਕ ਦੇ ਸਾਰੇ ਗ੍ਰੰਥਾਂ ਦਾ ਅਧਿਐਨ ਕਰਵਾਇਆ ਜਾਂਦਾ ਸੀ। ਇਸੇ ਸਮੇਂ ਦੌਰਾਨ ਪੜ੍ਹਨ ਵਾਲੇ ਵਿਦਿਆਰਥੀਆਂ ਵਿੱਚ ਕੁਝ ਵਿਸ਼ੇਸ 'ਗੁਰੂ ਰਹਿਮਤ ਪ੍ਰਾਪਤ' ਗੁਰੂ ਪਿਆਰੇ ਵੀ ਸਨ। ਜਿਨ੍ਹਾਂ ਵਿਚੋਂ ਤਖਤ ਸ੍ਰੀ ਹਰਮੰਦਰ ਸਾਹਿਬ ਜੀ ਪਟਨਾ ਸਾਹਿਬ ਵਿਖੇ ਸਿੰਘ ਸਾਹਿਬ ਜਥੇਦਾਰ ਇਕਬਾਲ ਸਿੰਘ ਜੀ ਹਨ। ਜਿਨ੍ਹਾਂ ਨੂੰ ਧੰਨ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਦਰਬਾਰ ਦੀ ਸੇਵਾ ਬਖਸ਼ੀ ਹੈ। ਇਹਨਾਂ ਨੇ ਵਿੱਦਿਆ ਪ੍ਰਾਪਤੀ ਦੇ ਕਾਲ ਦੌਰਾਨ ਕੁਝ ਸਮਾਂ ਸੰਤ ਬਾਬਾ ਅਮਰ ਸਿੰਘ ਜੀ ਪਾਸ ਵਿੱਦਿਆ ਪੜ੍ਹੀ ਸੀ। ਧੰਨ ਗੁਰੂ ਗੋਬਿੰਦ ਸਿੰਘ ਜੀ ਦੀ ਚਲਾਈ ਟਕਸਾਲ ਦੁਆਰਾ ਪ੍ਰਾਪਤ ਗੁਰੂ ਸਿਧਾਂਤ ਦੀ ਪ੍ਰਪੱਕਤਾ ਸਦਕਾ ਅੱਜ ਪੰਥ ਵਿੱਚ ਪੂਰੀ ਚੜ੍ਹਦੀ ਕਲਾ ਨਾਲ ਗੁਰੂ ਸਿਧਾਂਤ ਉੱਪਰ ਪਹਿਰਾ ਦੇ ਰਹੇ ਹਨ। ਇਸੇ ਸਮੇਂ ਦੇ ਦੌਰਾਨ ਭਾਈ ਬਲਵੰਤ ਸਿੰਘ ਜੀ ਵਰੇ ਪਿੰਡ ਤੋਂ ਪੜ੍ਹਦੇ ਸਨ। ਸਮਾਂ ਪਾ ਕੇ ਜਿਨ੍ਹਾਂ ਨੂੰ ਕਲਗੀਧਰ ਜੀ ਨੇ ਕਿਰਪਾ ਕਰਦਿਆਂ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਹੈਡ ਗ੍ਰੰਥੀ ਦੀ ਸੇਵਾ ਬਖਸ਼ੀ ਹੈ। ਜੋ ਕਿ ਨਿਰੰਤਰ ਜਾਰੀ ਹੈ। ਸੰਤ ਪਰਤਾਪ ਸਿੰਘ ਜੀ ਕੋਕਰੀ ਵਾਲੇ ਜਿਨ੍ਹਾਂ ਉਪਰ ਸਤਿਗੁਰੂ ਜੀ ਦੀ ਰਹਿਮਤ ਹੈ। ਗੁਰੂ ਸਾਹਿਬ ਜੀ ਨੇ ਇਹਨਾਂ ਨੂੰ ਦਰਬਾਰ ਦੀ ਸੇਵਾ ਅਤੇ ਸਿਮਰਨ ਦੀ ਦਾਤ ਬਖਸ਼ੀ ਹੈ। ਇਹਨਾਂ ਤੋਂ ਲੈ ਕੇ ਤੀਹ ਪੈਂਤੀ ਸਿੰਘ ਸੰਤਾਂ ਪਾਸ ਪੜ੍ਹਦੇ ਸਨ।

ਆਪ ਜੀ ਨੇ ਜਿਸ ਪ੍ਰਕਾਰ ਜਥੇ ਵਿਚ ਰਹਿ ਕੇ ਅਸੂਲ ਸਿੱਖੇ ਸਨ। ਉਹਨਾਂ ਮੁਤਾਬਿਕ ਹੀ ਇਸ ਅਸਥਾਨ ਉਪਰ ਆਪਣੇ ਜੀਵਨ ਦਾ ਢੰਗ ਬਣਾਇਆ ਤਾਂ ਕਿ ਵਿਦਿਆਰਥੀਆਂ ਦਾ ਵੀ ਵੇਖ ਕੇ ਜੀਵਨ ਬਣਾਉਣ ਲਈ ਉੱਦਮ ਬਣ ਜਾਏ। ਧੰਨ ਗੁਰੂ ਰਾਮਦਾਸ ਸਾਹਿਬ ਜੀ ਨੇ ਸਿੱਖ ਦੀ ਜੀਵਨ ਜਾਂਚ ਅੰਕਿਤ ਕੀਤੀ ਹੈ :

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ ॥

ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥
(ਸ਼੍ਰੀ ਗੁਰੂ ਗ੍ਰੰਥ ਸਾਹਿਬ ਅੰਗ ੩੦੫)।

ਸਤਿਗੁਰੂ ਜੀ ਦਾ ਸਿੱਖ ਅੰਮ੍ਰਿਤ ਵੇਲੇ ਉਠੱਦਾ ਹੀ ਵਾਹਿਗੁਰੂ ਨਾਮ ਨੂੰ ਧਿਆਉਂਦਾ ਹੈ। ਉੱਦਮ ਕਰਦਿਆਂ ਹੋਇਆਂ ਸਰੀਰ ਨੂੰ ਸਾਵਧਾਨ ਕਰਕੇ ਇਸ਼ਨਾਨ ਕਰਦਾ ਹੈ। ਪ੍ਰਮੇਸ਼ਰ ਦੇ ਨਾਮ ਨੂੰ ਜਪਦਾ ਹੈ। ਸਤਸੰਗ ਕਰਦਾ ਹੈ। ਦਿਨ ਵੇਲੇ ਗੁਰਬਾਣੀ ਪੜ੍ਹਦਾ ਹੈ। ਇਹ ਚਾਲ ਇਕ ਜੀਵਨ ਦਾ ਢੰਗ ਬਣ ਜਾਏ। ਇਸ ਲਈ ਉਠਦੇ ਬਹਿੰਦੇ ਆਉਣ ਜਾਣ ਵਾਲੇ ਸੁਆਸ ਨਾਲ ਨਾਮ ਨੂੰ ਜਪਦਾ ਹੈ। ਆਪ ਵੀ ਨਾਮ ਜਪਦਾ ਹੈ। ਦੂਜਿਆਂ ਨੂੰ ਵੀ ਨਾਮ ਜਪਣਾ ਦੀ ਪ੍ਰੇਰਣਾ ਦਿੰਦਾ ਹੈ। ਐਸੀ ਜ਼ਿੰਦਗੀ ਜੀਣ ਵਾਲੇ ਗੁਰਸਿੱਖ ਦੀ ਬਾਬਤ ਸਤਿਗੁਰੂ ਜੀ ਆਖਦੇ ਹਨ, ਅਸੀਂ ਵੀ ਧੂੜ ਚਾਹੁੰਦੇ ਹਾਂ।

ਸੰਤ ਬਾਬਾ ਅਮਰ ਸਿੰਘ ਕਿਰਤੀ ਜੀ ਅੰਮ੍ਰਿਤ ਵੇਲੇ ਤਕਰੀਬਨ ਸਵੇਰੇ ੩.੩੦ ਵਜੇ ਉਠਦੇ ਸਨ। ਵਾਹਿਗੁਰੂ-ਵਾਹਿਗੁਰੂ ਨਾਮ ਦੀ ਮਿੱਠੀ ਸੁਰ ਵਾਲੀ ਧੁਨ ਵਿਚ ਮਨ ਨੂੰ ਮਸਤ ਕਰਕੇ ਕੁਝ ਚਿਰ ਆਸਣ ਉਪੱਰ ਹੀ ਬੈਠੇ ਰਹਿੰਦੇ ਸਨ। ਉਪਰੰਤ ਇਸ਼ਨਾਨ ਕਰਨ ਦੀ ਤਿਆਰੀ ਕਰਨ ਲੱਗ ਜਾਣਾ। ਹਜ਼ੂਰੀ ਵਾਲੇ ਸਿੰਘ ਨੇ ਵੀ ਉਠ ਖਲੋਣਾ ਜਾਂ ਫਿਰ ਸੰਤਾਂ ਨੇ ਆਪ ਬਹੁਤ ਪਿਆਰ ਨਾਲ ਉਠਾ ਦੇਣਾ। ਗੁਰਮੁਖਾ! ਉਠ ਭਾਈ ਅੰਮ੍ਰਿਤ ਵੇਲਾ ਹੋ ਗਿਆ ਹੈ। ਹਜ਼ੂਰੀ ਵਾਲੇ ਸਿੰਘ ਨੇ ਹਲਟੀ ਗੇੜ ਕੇ ਖੂਹੀ ਵਿੱਚੋਂ ਪਾਣੀ ਕੱਢ ਕੇ ਕੁੰਡ ਭਰ ਦੇਣੀ। ਆਪ ਨੇ ਇਸਨਾਨ ਕਰਕੇ ਫਿਰ ਸਿਮਰਨ ਵਿੱਚ ਜੁੜ ਜਾਣਾ। ਸਿੰਘਾਂ ਨੇ ਵਾਰੀ ਨਾਲ ਇਸ਼ਨਾਨ ਕਰੀ ਜਾਣਾ। ਹਜ਼ੂਰੀਏ ਸਿੰਘ ਨੇ ਲੰਗਰ ਵਿਚ ਆਕੇ ਭਾਂਡਿਆਂ ਦੀ ਸਾਫ ਸਫਾਈ ਕਰਨੀ ਫਿਰ ਚਾਹ ਤਿਆਰ ਕਰ ਦੇਣੀ। ਸੰਤਾਂ ਨੇ ਗੁਰਬਾਣੀ ਪੜ੍ਹਦਿਆਂ ਚਾਹ ਆਪ ਵਰਤਾਉਣੀ। ਜੇ ਜਥੇ ਵਿਚ ਨਵਾਂ ਆਇਆ ਸਿੰਘ ਇਸ਼ਨਾਨ ਕੀਤੇ ਬਗੈਰ ਚਾਹ ਪੀਣ ਆ ਜਾਂਦਾ ਤਾਂ ਆਪ ਉਸ ਨੂੰ ਬਹੁਤ ਪਿਆਰ ਨਾਲ ਆਖਦੇ, ਭਾਈ ਗੁਰਮੁਖਾ! ਗੁਰੂ ਕੇ ਸਿੱਖ ਲਈ ਸਭ ਤੋਂ ਪਹਿਲਾਂ ਇਸ਼ਨਾਨ ਜ਼ਰੂਰੀ ਹੈ। ਫਿਰ ਘੱਟ ਤੋਂ ਘੱਟ ਜਪੁਜੀ ਸਾਹਿਬ ਦਾ ਪਾਠ ਜ਼ਰੂਰ ਕਰਨਾ ਚਾਹੀਦਾ ਹੈ। ਅੰਮ੍ਰਿਤਧਾਰੀ ਸਿੰਘ ਲਈ ਪੰਜ ਬਾਣੀਆਂ ਦਾ ਪਾਠ ਕਰਕੇ ਕੁਝ ਛਕਣਾ ਚਾਹੀਦਾ ਹੈ। ਇਸ ਤਰ੍ਹਾਂ ਨਾਲ ਇਕ ਤਾਂ ਉਸ ਨੂੰ ਗੁਰੂ ਘਰ ਦੀ ਮ੍ਰਯਾਦਾ ਸਿਖਾ ਦੇਣੀ ਅਤੇ ਨਾਲ ਹੀ ਇਹ ਆਖ ਕੇ ਭਾਈ ਕੱਲ੍ਹ ਤੋਂ ਇਸ਼ਨਾਨ ਕਰਕੇ ਚਾਹ ਪਾਣੀ ਛਕਣਾ ਹੈ, ਚਾਹ ਪਾ ਦੇਣੀ ਅਤੇ ਆਖਣਾ ਭਾਈ ਲੰਗਰ ਤੋਂ ਬਾਹਰ ਬੈਠ ਕੇ ਛਕ ਲੈ। ਕਥਾ ਕਰਨ ਤੋਂ ਪਹਿਲਾਂ ਰਹਿੰਦਾ ਸਮਾਂ ਆਪ ਜੀ ਨੇ ਕਮਰੇ ਵਿਚ ਆਕੇ ਨਿਤਨੇਮ ਕਰਦੇ ਰਹਿਣਾ। ਕਥਾ ਦਾ ਜੋ ਨੀਯਤ ਸਮਾਂ ਪਹੁ ਫੁਟਾਲਾ ਹੁੰਦਾ ਸੀ। ਆਪ ਜੀ ਨੇ ਦਰਬਾਰ ਸਾਹਿਬ ਵਿਚ ਪਹੁੰਚ ਜਾਣਾ। ਕਥਾ ਤੋਂ ਬਾਅਦ ਵਿਚ ਸਿੰਘਾਂ ਨੂੰ ਕੁਝ ਜਲ ਪਾਣੀ ਛਕਾ ਦੇਣਾ ਅਤੇ ਫਿਰ ਸੰਥਿਆ ਸ਼ੁਰੂ ਕਰ ਦੇਣੀ। ਸੰਥਿਆ ਕਰਵਾ ਕੇ ਆਪ ਜੀ ਨੇ ਲੰਗਰ ਵਿਚ ਪਹੁੰਚ ਕੇ ਸਿੰਘਾਂ ਨਾਲ ਲੰਗਰ ਤਿਆਰ ਕਰਵਾਉਣਾ। ਬਾਕੀ ਦੇ ਸਿੰਘਾਂ ਨੇ ਸੰਥਿਆ ਦੀ ਮਿਹਨਤ ਕਰਦੇ ਰਹਿਣਾ। ਕਰੀਬਨ ੧੧ ਵਜੇ ਲੰਗਰ ਦੀ ਪੰਗਤ ਲਗਾ

ਦੇਣੀ। ਦੁਪਹਿਰ ਦੇ ਸਮੇਂ ਕੁਝ ਸਮਾਂ ਅਰਾਮ ਕਰਨ ਲੱਗ ਜਾਣਾ। ਤਕਰੀਬਨ ੧,੧.੩੦ ਵਜੇ ਉਠ ਕੇ ਸਿੰਘਾਂ ਲਈ ਸ਼ਾਮ ਦਾ ਜਲ ਪਾਣੀ ਤਿਆਰ ਕਰਨਾ। ਜਲ ਪਾਣੀ ਛਕਣ ਉਪਰੰਤ ਗੁਰ ਇਤਿਹਾਸ ਗੁਰਪ੍ਰਤਾਪ ਸੂਰਜ ਜਾਂ ਪੰਥ ਪ੍ਰਕਾਸ਼ ਦੀ ਕਥਾ ਕਰਨੀ। ਕਥਾ ਵਾਲੇ ਸਿੰਘਾਂ ਨੇ ਕਥਾ ਵੀਚਾਰਨੀ ਅਤੇ ਆਪ ਜੀ ਨੇ ਬਾਕੀ ਸਿੰਘਾਂ ਨਾਲ ਰਾਤ ਦੇ ਲੰਗਰ ਦੀ ਤਿਆਰੀ ਕਰਵਾਉਣੀ, ਕੁਝ ਨੂੰ ਬਾੜੀ ਵਿਚ ਸਬਜ਼ੀ ਦੀ ਕਾਂਟ-ਛਾਂਟ ਸਾਫ ਸਫਾਈ ਵਾਸਤੇ ਲਗਾ ਦੇਣਾ। ਲੰਗਰ ਵਿਚ ਸਿੰਘਾਂ ਨੂੰ ਮਹਾਂਪੁਰਖਾਂ ਵੱਲੋਂ ਕਿਹਾ ਜਾਂਦਾ ਸੀ ਕਿ ਜਦ ਲੰਗਰ ਤਿਆਰ ਕਰਨਾ ਹੈ ਬਾਣੀ ਪੜ੍ਹਦੇ ਰਹਿਣਾ ਹੈ। ਆਪ ਵੀ ਲੰਗਰ ਵਿਚ ਜਿੰਨਾਂ ਸਮਾਂ ਰਹਿੰਦੇ ਬਾਣੀ ਪੜ੍ਹਦੇ ਰਹਿੰਦੇ ਜਾਂ ਭਾਈ ਗੁਰਦਾਸ ਜੀ ਦੀ ਬਾਣੀ ਜਾਂ ਗੁਰ ਇਤਿਹਾਸ ਦੇ ਮੰਗਲ। ਸਾਰੀ ਸੰਗਤ ਨੂੰ ਲੰਗਰ ਛਕਾ ਕੇ ਫਿਰ ਆਪ ਲੰਗਰ ਛਕਦੇ ਸਨ। ਰਾਹੀ ਮੁਸਾਫਰ ਜਾਂ ਕੋਈ ਸਿੰਘ ਜੋ ਗੁਰੂ ਘਰ ਵਿਚ ਆ ਜਾਂਦਾ ਸੀ। ਸੰਤ ਆਪ ਸਿੰਘਾਂ ਨੂੰ ਨਾਲ ਲੈ ਕੇ ਮੰਜੇ ਬਿਸਤਰੇ ਵਿਛਾ ਕੇ ਸਿੰਘਾਂ ਦੇ ਆਸਣ ਲਗਵਾਉਂਦੇ ਸਨ। ਆਪ ਜੀ ਬਸਤ੍ਰ ਵੀ ਵਿਦਿਆਰਥੀਆਂ ਦੇ ਵਾਂਗ ਹੀ ਬਹੁਤ ਸਾਦੇ ਰੱਖਦੇ ਸਨ। ਸੇਵਾ ਵਿੱਚ ਵੀ ਨਾਲ ਹੀ ਵਿਚਰਦੇ ਰਹਿੰਦੇ ਸਨ। ਆਮ ਨਵੇਂ ਆਉਣ ਵਾਲੇ ਪ੍ਰੇਮੀ ਸੱਜਣ ਨੂੰ ਤਾਂ ਆਪ ਜੀ ਬਾਰੇ ਪਤਾ ਵੀ ਨਹੀਂ ਲਗਦਾ ਸੀ। ਇਕ ਵਾਰ ਸ਼ਾਮ ਦਾ ਸਮਾਂ ਸੀ। ਇੱਕ ਸਿੰਘ ਕਿਤੇ ਦੂਰੋਂ ਆਇਆ ਸੀ ਸੰਤਾਂ ਨੂੰ ਆ ਕੇ ਆਖਣ ਲੱਗਾ, ਕਿ ਮੈਂ ਸੰਤ ਬਾਬਾ ਅਮਰ ਸਿੰਘ ਕਿਰਤੀ ਜੀ ਨੂੰ ਮਿਲਣਾ ਹੈ। ਸੰਤ ਆਖਣ ਲੱਗੇ, ਭਾਈ ਉਹ ਸਵੇਰੇ ਕਥਾ ਕਰਨ ਵੇਲੇ ਆਉਂਦੇ ਹਨ। ਉਸ ਵੇਲੇ ਤੁਹਾਨੂੰ ਮਿਲ ਜਾਣਗੇ। ਜਦੋਂ ਅੰਮ੍ਰਿਤ ਵੇਲੇ ਕਥਾ ਸਮੇਂ ਗੁਰੂ ਦਰਬਾਰ ਵਿਚ ਗਿਆ ਤਾਂ ਵੇਖ ਕੇ ਹੈਰਾਨ ਹੋ ਗਿਆ ਕਿ ਇਹ ਤਾਂ ਉਹੀ ਹਨ। ਜਿਨ੍ਹਾਂ ਨੇ ਰਾਤ ਨੂੰ ਮੈਨੂੰ ਕਿਹਾ ਸੀ ਕਿ ਭਾਈ ਅੰਮ੍ਰਿਤ ਵੇਲੇ ਸੰਤਾਂ ਨਾਲ ਮਿਲਣ ਲਈ ਆਵੀਂ। ਇਸੇ ਪ੍ਰਕਾਰ ਇਕ ਵਾਰ ਮਹਾਂਪੁਰਖ ਖੁਰਪੀ (ਰੰਬਾ) ਲੈ ਕੇ ਗੰਢੇ ਗੋਡ ਰਹੇ ਸਨ। ਦੋ ਸਿੰਘ ਦਰਸ਼ਨਾਂ ਵਾਸਤੇ ਆਏ, ਉਹਨਾਂ ਨੇ ਸਿੰਘਾਂ ਨੂੰ ਪੁੱਛਿਆ ਕਿ ਅਸੀਂ ਸੰਤਾਂ ਨੂੰ ਮਿਲਣਾ ਹੈ। ਸਿੰਘਾਂ ਨੇ ਅਖਿਆ ਕਿ ਦਰਬਾਰ ਪਿੱਛੇ ਹਨ ਤਾਂ ਉਹ ਦਰਬਾਰ ਸਾਹਿਬ ਦੇ ਪਿਛਲੇ ਪਾਸੇ ਚਲੇ ਗਏ। ਉਹਨਾਂ ਸੋਚਿਆ ਕਿ ਸ਼ਾਇਦ ਸੰਤਾਂ ਨੇ ਕਿਸੇ ਥਾਂ ਤੇ ਵਿਛਾਈ ਕਰਵਾ ਕੇ ਆਸਣ ਲਾਇਆ ਹੋਵੇਗਾ। ਜਦੋਂ ਚਾਰ ਚੁਫੇਰੇ ਨਿਗਾ ਫੇਰੀ ਤਾਂ ਕਿਤੇ ਵੀ ਉਨ੍ਹਾਂ ਦੀ ਸੋਚ ਵਾਲਾ ਢੰਗ ਨਜ਼ਰ ਨਾ ਆਇਆ। ਸੰਤਾਂ ਨੂੰ ਗੰਢੇ ਗੋਡ ਦੇ ਵੇਖ ਕੇ ਆਖਣ ਲੱਗੇ, ਮਾਲੀ ਸਾਹਿਬ ਅਸੀਂ ਸੰਤਾਂ ਨੂੰ ਮਿਲਣਾ ਹੈ। ਸੰਤ ਆਖਣ ਲੱਗੇ ਭਾਈ ਮਹੰਤ ਜੀ ਤਾਂ ਪਾਠ ਕਰਨ ਗਏ ਹਨ। ਥੋੜ੍ਹੇ ਸਮੇਂ ਵਿਚ ਆ ਜਾਣਗੇ। ਫਿਰ ਤੁਸੀਂ ਮਿਲ ਲੈਣਾ, ਹੁਣ ਲੰਗਰ ਵਿਚ ਜਾ ਕੇ ਚਾਹ ਪਾਣੀ ਛਕ ਲਵੋ। ਸਿੰਘਾਂ ਨੇ ਆ ਕੇ ਲੰਗਰ ਵਿਚ ਪ੍ਰਸ਼ਾਦਾ ਚਾਹ ਛਕ ਲਈ। ਛਕਣ ਉਪਰੰਤ ਉਹ ਫਿਰ ਉਹਨਾਂ ਸਿੰਘਾਂ ਨੂੰ ਆਖਣ ਲੱਗੇ ਕਿ ਸੰਤ ਕਿੰਨਾਂ ਕੁ ਚਿਰ ਤੱਕ ਆਉਣਗੇ। ਅਸੀਂ ਵਾਪਸ ਵੀ ਕਾਫੀ ਦੂਰ ਜਾਣਾ ਹੈ। ਉਹ ਸਿੰਘ ਆਖਣ ਲੱਗੇ, ਤੁਸੀਂ ਸੰਤਾਂ ਨੂੰ ਦਰਬਾਰ ਸਾਹਿਬ ਦੇ ਪਿੱਛੇ ਮਿਲ ਕੇ ਨਹੀਂ ਆਏ ? ਇਹਨਾਂ ਆਖਿਆ, "ਉਥੇ ਤਾਂ ਇਕ ਮਾਲੀ ਗੰਢੇ ਗੋਡ ਰਿਹਾ ਸੀ।" ਅਸੀਂ ਉਸਨੂੰ ਪੁੱਛਿਆ, ਤਾਂ ਉਸ ਨੇ ਆਖਿਆ ਕਿ ਮਹੰਤ ਜੀ ਤਾਂ ਪਾਠ ਕਰਨ ਗਏ ਹੋਏ ਹਨ। ਸਿੰਘਾਂ ਨੇ ਆਖਿਆ ਉਹੀ ਸੰਤ ਹਨ। ਉਤਨਾ ਚਿਰ ਤੱਕ ਸੰਤ ਆਪਣੇ ਕਮਰੇ ਵਿਚ ਪਹੁੰਚ ਗਏ ਸਨ। ਸਿੰਘਾਂ ਨੇ ਕਿਰਤੀ ਜੀ ਦੇ ਦਰਸ਼ਨ ਕੀਤੇ ਬਹੁਤ ਖੁਸ਼

ਹੋਏ। ਸਿੰਘ ਆਖਣ ਲਗੇ, "ਜੀ! ਤੁਸੀਂ ਤਾਂ ਅੱਜ ਪੂਰੇ ਹੀ ਮਾਲੀ ਬਣੇ ਹੋਏ ਸੀ" ਸੰਤ ਬਾਬਾ ਅਮਰ ਸਿੰਘ ਆਖਣ ਲੱਗੇ, "ਭਾਈ ਮਾਲੀ ਤਾਂ ਸਾਡੇ ਸਾਰਿਆਂ ਦੇ ਗੁਰੂ ਗ੍ਰੰਥ ਸਾਹਿਬ ਜੀ ਸੱਚੇ ਪਾਤਸ਼ਾਹ ਹਨ। ਅਸੀਂ ਤਾਂ ਉਹਨਾਂ ਦੀ ਲਗਾਈ ਹੋਈ ਡਿਊਟੀ ਨਿਭਾਉਣ ਵਾਲੇ ਝਾੜੂਬਰਦਾਰ ਹਾਂ। ਉਹ ਜਿਵੇਂ ਸਾਨੂੰ ਸਭ ਨੂੰ ਪ੍ਰੇਰਦਾ ਹੈ। ਅਸੀਂ ਉਸ ਦੀ ਰਹਿਮਤ ਸਦਕਾ ਸੇਵਾ ਦਾ ਲਾਹਾ ਪ੍ਰਾਪਤ ਕਰ ਰਹੇ ਹਾਂ" ਉਹ ਸਿੰਘ ਦਰਸ਼ਨ ਕਰਕੇ ਬਹੁਤ ਖੁਸ਼ ਹੋਏ। ਇਸ ਪ੍ਰਕਾਰ ਗੁਰੂ ਘਰ ਦੀ ਸੇਵਾ ਵਾਲਾ ਸਫਰ ਕਰੀਬਨ ਆਪ ਨੇ ਸਾਰੀ ਜ਼ਿੰਦਗੀ ਜਿਨਾਂ ਚਿਰ ਸਰੀਰ ਨੇ ਸਾਥ ਦਿੱਤਾ ਜਾਰੀ ਰੱਖਿਆ।

ਤਕਰੀਬਨ ਸੰਨ ੧੯੭੦ ਵਿਚ ਗਿਆਨੀ ਹਰਭਜਨ ਸਿੰਘ ਢੁੱਡੀਕੇ ਵਾਲੇ ਆਪ ਜੀ ਪਾਸ ਆਏ ਸਨ। ਆਪ ਨੇ ਕਿਰਤੀ ਜੀ ਪਾਸੋਂ ਧੰਨ ਗੁਰੂ ਅਮਰ ਦਾਸ ਜੀ ਦੀ ਚੁਬਾਰਾ ਸਾਹਿਬ ਦੇ ਇਤਿਹਾਸ ਦੀ ਕਥਾ ਸ਼ੁਰੂ ਕਰਕੇ ਸੰਪੂਰਨ ਗੁਰ ਇਤਿਹਾਸ ਗੁਰ ਪ੍ਰਤਾਪ ਸੂਰਜ ਗ੍ਰੰਥ ਪੜ੍ਹਿਆ ਸੀ। ਇਨ੍ਹਾਂ ਵੇਲੇ ਸੰਤਾਂ ਪਾਸ ਭਾਈ ਚੰਨਣ ਸਿੰਘ ਜੀ, ਭਾਈ ਬਉਰਾ ਸਿੰਘ ਜੀ, ਭਾਈ ਮੱਲ ਸਿੰਘ ਜੀ ਅਤੇ ਭਾਈ ਗੁਰਦੇਵ ਸਿੰਘ ਜੀ ਤੋਂ ਲੈ ਕੇ ਪੰਜਾਹ ਸੱਠ ਸਿੰਘ ਰਹਿੰਦੇ ਸਨ। ਜਿਥੇ ਆਪ ਜੀ ਸਿੰਘਾਂ ਨੂੰ ਸੰਥਿਆ ਕਰਵਾਉਂਦੇ ਸਨ, ਉਥੇ ਨਾਲੋ-ਨਾਲ ਜੋ ਟਕਸਾਲ ਦਾ ਵਿਧਾਨ ਹੈ। ਪਹਿਲਾਂ ਆਪਣੇ ਮਨ ਨੂੰ ਗਿਆਨ ਵਿਚ ਪ੍ਰਪੱਕ ਕਰਨਾ ਜ਼ਰੂਰੀ ਹੈ। ਆਪ ਜੀ ਪਹਿਲਾਂ ਆਪਣੇ ਜੀਵਨ ਨੂੰ ਮਿਲੇ ਹੋਏ ਗਿਆਨ ਮੁਤਾਬਿਕ ਢਾਲਦੇ ਫਿਰ ਸਿਖਿਆਰਥੀਆਂ ਨੂੰ ਗਿਆਨ ਵੰਡਦੇ। ਆਪ ਜੀ ਦਾ ਸਿਖਿਆਰਥੀਆਂ ਨੂੰ ਜਾਂਚ ਸਿਖਾਉਣ ਦਾ ਇਕ ਹੋਰ ਨਿਰਾਲਾ ਢੰਗ ਸੀ। ਆਪ ਜੀ ਬਚਨ ਕਰਦੇ ਹੁੰਦੇ ਸਨ ਗੁਰੂ ਕੀ ਸੇਵਾ ਤਪਾਂ ਤੋਂ ਵੀ ਸ੍ਰੇਸ਼ਟ ਤਪ ਹੈ।

**ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ ॥**

**(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੪੨੩)**

ਸੇਵਾ ਨਾਲ ਲਗਨ ਲਗਾਉਣ ਵਾਸਤੇ ਕਿਰਤੀ ਜੀ ਨੇ ਪਹਿਲਾਂ ਵਿਦਿਆਰਥੀਆਂ ਨੂੰ ਆਖਣਾ ਕਿ ਭਾਈ ਅੱਜ ਆਪਾਂ ਸਭ ਨੇ ਮਿਲ ਕੇ ਗੁਰੂ ਕੇ ਦਰਬਾਰ ਦੀ ਸਫਾਈ ਕਰਨੀ ਹੈ। ਸਬਜ਼ੀ ਵਗੈਰਾ ਦੀ ਗੋਡਾਈ ਕਰਨੀ ਹੈ ਆਦਿ ਜਦ ਥੋੜ੍ਹੀ ਬਹੁਤ ਸੇਵਾ ਹੋ ਚੁੱਕੀ ਹੁੰਦੀ ਫਿਰ ਆਪ ਨੇ ਖਾਸ ਸਿੰਘਾਂ ਨੂੰ ਆਖਣਾ ਕਿ ਅੱਜ ਸਿੰਘਾਂ ਨੇ ਬਹੁਤ ਸੇਵਾ ਵਧ ਚੜ੍ਹ ਕੇ ਕੀਤੀ ਹੈ। ਅੱਜ ਇਹਨਾਂ ਨੂੰ ਖੀਰ ਪੂੜੇ ਤਿਆਰ ਕਰਕੇ ਖਵਾਉ। ਜਾਂ ਦੇਸੀ ਘਿਉ ਤੇ ਸ਼ੱਕਰ ਆਦਿ ਲੰਗਰ ਵਿਚ ਕੋਈ ਨਾ ਕੋਈ ਪਦਾਰਥ ਤਿਆਰ ਕਰਕੇ ਛਕਾਉਣਾ। ਸਿੰਘਾਂ ਨੇ ਸੇਵਾ ਦੇ ਹੁਕਮ ਦੀ ਉਡੀਕ ਕਰਦੇ ਰਹਿਣਾ ਕਿ ਕੁਝ ਵਧੀਆ ਵਸਤੂ ਤਿਆਰ ਕਰਕੇ ਖਵਾਈ ਜਾਏਗੀ। ਬਾਬਾ ਫਰੀਦ ਜੀ ਦੀ ਮਾਤਾ ਵਾਂਗ ਸੰਤਾਂ ਨੇ ਵਿਦਿਆਰਥੀਆਂ ਅੰਦਰ ਐਸੀ ਸੇਵਾ ਦੀ ਲਗਨ ਪੈਦਾ ਕਰ ਦੇਣੀ, ਜਿਹੜੀ ਜ਼ਿੰਦਗੀ ਭਰ ਜੀਵਨ ਦਾ ਅਟੁੱਟ ਅੰਗ ਬਣ ਜਾਂਦੀ ਸੀ। ਬੱਚਿਆਂ ਅੰਦਰ ਵੀ ਲਗਨ ਪ੍ਰਗਟ ਕਰਨ ਵਾਸਤੇ ਆਪ ਜੀ ਵਿਸ਼ੇਸ ਕਰਕੇ ਸੰਗਰਾਂਦ ਵਾਲੇ ਦਿਨ ਅੰਮ੍ਰਿਤ ਵੇਲੇ ਬਾਰਹਮਾਹ ਦੀ ਕਥਾ ਕਰਨੀ। ਸ਼ਾਮ ਦੇ ਵਖਤ ਜਿੰਨੇ ਵੀ ਬੱਚੇ ਹੋਣੇ ਉਹਨਾਂ ਦੀਆਂ ਕੁਸ਼ਤੀਆਂ ਕਰਵਾਉਣੀਆਂ। ਜਦੋਂ ਸਾਰੀਆਂ ਕੁਸ਼ਤੀਆਂ ਹੋ ਜਾਂਦੀਆਂ ਸਨ। ਤਾਂ ਆਪ ਨੇ ਜਿੱਤਣ ਵਾਲੇ ਦੇ ਇਨਾਮ ਤੋਂ ਹਾਰਨ ਵਾਲੇ ਨੂੰ ਅੱਧਾ ਇਨਾਮ ਦੇਣਾ ਤਾਂ ਕਿ ਉਸ ਦਾ ਹੌਸਲਾ ਬੁਲੰਦ ਰਹੇ। ਅਗਾਂਹ ਲਈ ਮਿਹਨਤ

ਕਰਦਾ ਰਹੇ। ਇਸ ਨਾਲ ਇੱਕ ਤਾਂ ਬੱਚਿਆਂ ਦਾ ਸਰੀਰਕ ਸਵੱਸਥ ਕਾਇਮ ਰਹਿੰਦਾ ਦੂਜਾ ਗੁਰੂ ਘਰ ਨਾਲ ਪ੍ਰੇਮ ਉਪਜਦਾ। ਬੱਚੇ ਉਡੀਕਦੇ ਰਹਿੰਦੇ ਸਨ। ਸੰਗਰਾਂਦ ਆਵੇ ਬਾਬਾ ਜੀ ਕੋਲੋਂ ਕੋਈ ਨਾ ਕੋਈ ਇਨਾਮ ਜਰੂਰ ਮਿਲੇਗਾ।

ਜਿਸ ਪ੍ਰਕਾਰ ਕੋਈ ਫਲਦਾਰ ਬੂਟੇ ਨੂੰ ਫਲ ਲੱਗਾ ਹੁੰਦਾ ਹੈ। ਤਾਂ ਹਰ ਇਕ ਦੀ ਖਿੱਚ ਦਾ ਕਾਰਨ ਬਣ ਜਾਂਦਾ ਹੈ। ਜਾਂ ਕੋਈ ਫੁੱਲ ਜਦ ਆਪਣੀ ਖੁਸ਼ਬੂ ਬਖੇਰਦਾ ਹੈ। ਤਾਂ ਸਹਿਦ ਦੀਆਂ ਮਖੀਆਂ ਦੂਰੋਂ-ਦੂਰੋਂ ਰਸ ਪ੍ਰਾਪਤ ਕਰਨ ਲਈ ਪਹੁੰਚਣ ਲਗ ਜਾਂਦੀਆਂ ਹਨ। ਇਸੇ ਪ੍ਰਕਾਰ ਸੰਸਾਰ ਅੰਦਰ ਜਦੋਂ ਪ੍ਰਭੂ ਪਿਆਰਾ ਨਾਮ ਦੀ ਕਮਾਈ ਪਰਉਪਕਾਰ, ਸੇਵਾ, ਆਪਣੇ ਆਪ ਨੂੰ ਨਿਮਰਤਾ ਵਿਚ ਰੱਖ ਕੇ ਜ਼ਿੰਦਗੀ ਦੀ ਚਾਲ ਚਲਦਾ ਹੈ। ਸੰਸਾਰ ਦੇ ਦੁੱਖਾਂ ਦੀ ਮਾਰੀ ਦੁਨੀਆਂ ਸੰਤਾਂ ਕੋਲੋਂ ਨਾਮ ਦੀ ਠੰਡ ਰਾਹੀਂ ਆਪਣੇ ਜ਼ਿੰਦਗੀ ਵਿਚ ਆਏ ਹੋਏ ਦੁੱਖਾਂ ਤੋਂ ਖਹਿੜਾ ਛੁਡਵਾਉਣ ਲਈ ਸੰਤਾਂ ਪਾਸ ਆਉਣਾ ਸ਼ੁਰੂ ਕਰ ਦਿੰਦੀ ਹੈ।

**ਕੋਈ ਤਨ ਦੁਖੀ ਕੋਈ ਮਨ ਦੁਖੀ**
**ਕੋਈ ਚਿੰਤਾ ਚਿਤ ਉਦਾਸ॥**
**ਥੋੜੇ ਥੋੜੇ ਸਭ ਦੁਖੀ**
**ਸੁਖੀ ਹਰੀ ਕੇ ਦਾਸ॥**

ਹਰ ਕੋਈ ਕੁਝ ਨਾ ਕੁਝ ਦੁੱਖ ਦਾ ਮਾਰਿਆ ਹੋਇਆ ਹੈ। ਇਉਂ ਹੀ ਇਕ ਮਾਈ ਸੰਤਾਂ ਕੋਲ ਆਈ। ਸੰਤਾਂ ਨੂੰ ਆਖਣ ਲੱਗੀ, "ਬਾਬਾ ਜੀ ਮੇਰਾ ਪੁੱਤ ਘਰੋਂ ਲੜ ਕੇ ਚਲਾ ਗਿਆ ਹੈ। ਕਿਰਪਾ ਕਰਕੇ ਅਰਦਾਸ ਕਰੋ ਮੇਰਾ ਪੁੱਤਰ ਘਰ ਆ ਜਾਵੇ" ਸੰਤਾਂ ਨੇ ਮਾਈ ਨੂੰ ਇਕ ਸਿੰਘ (ਭਾਈ ਕੌਰ ਸਿੰਘ) ਵੱਲ ਇਸ਼ਾਰਾ ਕਰ ਕੇ ਭੇਜ ਦਿੱਤਾ, ਕਿ ਉਸ ਸਿੰਘ ਨੂੰ ਕਹਿ ਦੇ ਅਰਦਾਸ ਕਰ ਦੇਵੇਗਾ। ਭਾਈ ਕੌਰ ਸਿੰਘ ਨੇ ਗੁਰੂ ਦਰਬਾਰ ਵਿਚ ਜਾ ਕੇ ਅਰਦਾਸ ਕਰ ਦਿੱਤੀ। ਸਤਿਗੁਰੂ ਜੀ ਦੀ ਐਸੀ ਖੇਡ ਵਰਤੀ। ਮਾਈ ਦੇ ਘਰ ਜਾਣ ਤੋਂ ਪਹਿਲਾਂ ਹੀ ਉਸ ਦਾ ਮੁੰਡਾ ਘਰ ਬੈਠਾ ਸੀ। ਮਾਈ ਫੇਰ ਪਤਾਸੇ ਲੈ ਕੇ ਆਈ, ਸੰਤਾਂ ਨੂੰ ਆਖਣ ਲੱਗੀ ਕਿ ਮੈਨੂੰ ਉਸ ਭਾਈ ਦੇ ਦਰਸ਼ਨ ਕਰਵਾਉ। ਗੁਰੂ ਮਹਰਾਜ ਨੇ ਤਾਂ ਉਸੇ ਵੇਲੇ ਬੇਨਤੀ ਸੁਣ ਲਈ। ਸੰਤ ਬਾਬਾ ਅਮਰ ਸਿੰਘ ਜੀ ਆਖਣ ਲੱਗੇ, ਭਾਈ ਉਹ ਸਿੰਘ ਤਾਂ ਤੇਰੇ ਕਰਮਾਂ ਨੂੰ ਹੀ ਆਏ ਸਨ। ਹੁਣ ਤਾਂ ਕਿਸੇ ਪਾਸੇ ਚਲੇ ਗਏ ਹਨ। ਧੰਨ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਸ਼ਰਧਾ ਅਤੇ ਸਿੰਘਾਂ ਪ੍ਰਤੀ ਸੰਗਤ ਅੰਦਰ ਵਿਸ਼ਵਾਸ ਪ੍ਰਗਟ ਕਰਨ ਲਈ ਸੰਤ ਇਸ ਪ੍ਰਕਾਰ ਆਮ ਖੇਡਾਂ ਕਰਦੇ ਸਨ।

ਪ੍ਰਭੂ ਪਿਆਰੇ ਸੰਤ, ਆਪਣੇ ਮਾਲਕ ਦੇ ਭੈ ਵਿਚ ਰਹਿ ਕੈ, ਸੰਸਾਰੀ ਮਨੁੱਖ ਦੇ ਡਰ ਤੋਂ ਮੁਕਤ ਹੋ ਕੇ ਆਪਣੀ ਜਿੰਦਗੀ ਬਸਰ ਕਰਦੇ ਹਨ। ਆਪਣੇ ਮਾਲਕ ਦਾ ਨਾਮ ਜਪਣ ਸਦਕਾ ਉਨ੍ਹਾਂ ਦੇ ਸੰਸਾਰਿਕ ਭੈ ਖਤਮ ਹੋ ਜਾਂਦੇ ਹਨ। ਪ੍ਰਮਾਤਮਾ ਦਾ ਨਾਮ ਨਿਰਭਉ ਹੈ।

**ਨਿਰਭਉ ਜਪੈ ਸਗਲ ਭਉ ਮਿਟੈ॥**
(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੨੯੩)

ਨਿਰਭਉ ਨਾਮ ਦਿਨ ਰਾਤ ਜਪਣ ਸਦਕਾ ਸੰਤਾਂ ਅੰਦਰ ਸਹਿਜ ਆ ਜਾਂਦਾ ਹੈ। ਸਭ ਅੰਦਰ

ਉਸੇ ਪ੍ਰਮਾਤਮਾ ਨੂੰ ਵੇਖ ਕੇ ਨਾ ਤਾਂ ਆਪ ਡਰਦੇ ਹਨ ਅਤੇ ਨਾ ਹੀ ਦੂਜਿਆਂ ਨੂੰ ਡਰਾਉਂਦੇ ਹਨ।

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥**

**(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੧੪੨੭)**

ਕੇਵਲ ਆਪਣੇ ਪਿਆਰੇ ਦੇ ਰੰਗ ਵਿੱਚ ਹੀ ਟਿਕੇ ਰਹਿੰਦੇ ਹਨ। ਇਕ ਵਾਰ ਸੰਤ ਬਾਬਾ ਅਮਰ ਸਿੰਘ ਕਿਰਤੀ ਜੀ ਗੁਰਦੁਆਰੇ ਸਾਹਿਬ ਵਿਚ ਸੰਗਤਾਂ ਨਾਲ ਮਿਲ ਕੇ ਸੇਵਾ ਕਰਵਾ ਰਹੇ ਸਨ। ਸਰਦੂਲਗੜ੍ਹ ਤੋਂ ਪੁਲਿਸ ਦਾ ਥਾਣੇਦਾਰ ਬੱਸ ਅੱਡੇ ਤੇ ਆ ਕੇ ਪਿੰਡ ਦੇ ਚੌਕੀਂਦਾਰ ਨੂੰ ਆਪਣੇ ਪਾਸ ਬੁਲਾ ਕੇ ਆਖਣ ਲੱਗਾ, "ਗੁਰਦੁਆਰੇ ਤੋਂ ਬਾਬੇ ਨੂੰ ਮੇਰੇ ਕੋਲ ਬੁਲਾ ਕੇ ਲਿਆ"। ਚੌਕੀਂਦਾਰ ਸੰਤੂ ਗੁਰਦੁਆਰੇ ਸਾਹਿਬ ਵਿਚ ਆਇਆ ਅਤੇ ਸੰਤਾਂ ਨੂੰ ਆਖਣ ਲੱਗਾ ਕਿ ਅੱਡੇ ਉਪਰ ਸਰਦਾਰ ਸਾਹਿਬ ਆਏ ਹਨ। ਸੰਤ ਸਹਿਜ ਸੁਭਾਅ ਆਖਣ ਲਗੇ, "ਕਿਹੜਾ ਸਰਦਾਰ ਆਇਆ ਹੈ?" ਸੰਤੂ ਆਖਣ ਲੱਗਾ ਜੀ ਸਰਦੂਲਗੜ੍ਹ ਤੋਂ ਪੁਲਿਸ ਦਾ ਥਾਣੇਦਾਰ ਹੈ। ਸੰਤ ਆਖਣ ਲੱਗੇ ਭਾਈ ਸਾਡਾ ਤਾਂ ਕਿਸੇ ਸਰਦਾਰ ਨਾਲ ਕੋਈ ਲੈਣ ਦੇਣ ਨਹੀ ਅਤੇ ਨਾ ਹੀ ਕੋਈ ਕੰਮ ਹੈ। ਜਿਸ ਨੂੰ ਲੋੜ ਹੈ; ਉਹ ਗੁਰਦੁਆਰੇ ਸਾਹਿਬ ਆ ਜਾਵੇ। ਅਸੀਂ ਤਾਂ ਗੁਰਦੁਆਰੇ ਸਾਹਿਬ ਸੇਵਾ ਕਰਨੀ ਹੈ। ਸੰਤੂ ਚੌਕੀਂਦਾਰ ਨੇ ਜਾ ਕੇ ਥਾਣੇਦਾਰ ਨੂੰ ਆਖ ਦਿੱਤਾ। ਉਹ ਵਾਪਸ ਚਲੇ ਗਿਆ ਕਿਉਂਕਿ ਸਾਰੇ ਇਲਾਕੇ ਵਿਚ ਸੰਤਾਂ ਦਾ ਬਹੁਤ ਸਤਿਕਾਰ ਸੀ। ਜਿੰਨੀਆਂ ਵੀ ਰਾਜਨੀਤਕ ਪਾਰਟੀਆਂ ਸਨ, ਸਾਰੀਆਂ ਹੀ ਬਾਬਾ ਜੀ ਦਾ ਇਸ ਕਦਰ ਬਹੁਤ ਸਤਿਕਾਰ ਕਰਦੀਆਂ ਸਨ। ਕਿਉਂਕਿ ਬਾਬਾ ਜੀ ਕਦੇ ਵੀ ਕਿਸੇ ਪਾਰਟੀ ਦੇ ਨਾਲ ਨਹੀ ਜੁੜੇ ਸਨ। ਇਲੈਕਸ਼ਨ ਵੇਲੇ ਜਿਹੜੀ ਪਾਰਟੀ ਦਾ ਨੁਮਾਇੰਦਾ ਪਹਿਲਾਂ ਆ ਜਾਂਦਾ ਉਸ ਦੀ ਅਰਦਾਸ ਆਪ ਕਰ ਦੇਣੀ। ਬਾਕੀ ਦੇ ਜੇ ਬਹੁਤਾ ਜੋਰ ਵੀ ਪਾਉਂਦੇ ਸਨ। ਤਾਂ ਆਪ ਕਿਸੇ ਪਾਸੋਂ ਅਰਦਾਸ ਕਰਵਾ ਦਿੰਦੇ ਸਨ। ਆਪ ਅਰਦਾਸ ਨਹੀ ਕਰਦੇ ਸਨ। ਸੰਤਾਂ ਦਾ ਆਪਣੇ ਨਿਰੰਕਾਰ ਸਰੂਪ ਧੰਨ ਗੁਰੂ ਗ੍ਰੰਥ ਸਾਹਿਬ ਉਪਰ ਇਤਨਾਂ ਵਿਸ਼ਵਾਸ ਸੀ। ਕਿ ਮੇਰੇ ਸਾਹਿਬ ਦੇ ਚਰਨਾਂ ਪਾਸ ਕੀਤੀ ਅਰਦਾਸ ਕਦੇ ਬਿਰਥੀ ਨਹੀਂ ਜਾਂਦੀ ਹੈ।

**ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ॥**
**ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ॥**

**(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੮੧੯)**

ਕਿਸੇ ਵੀ ਦਵੰਦ ਵਿਚੋਂ ਜਿੱਤਣਾ ਇੱਕ ਨੇ ਹੀ ਹੁੰਦਾ ਹੈ। ਇਸ ਲਈ ਅਰਦਾਸ ਜਦੋਂ ਕਿਸੇ ਇਕ ਲਈ ਕਰ ਦਿੱਤੀ ਹੈ; ਬੱਸ! ਉਹੀ ਠੀਕ ਹੈ। ਕਿਸੇ ਸਵਾਰਥ ਦੇ ਅਧੀਨ ਐਵੇਂ ਹੀ ਹਰ ਇੱਕ ਨੂੰ ਵਿਸ਼ਵਾਸ ਦਈ ਜਾਣਾ ਇਹ ਸੰਤ ਨੂੰ ਸੋਭਦਾ ਨਹੀ ਹੈ। ਉਸ ਇਲਾਕੇ ਵਿਚ ਇਹ ਵੀ ਇੱਕ ਅਟੱਲ ਨਿਯਮ ਵਾਂਗ ਸੀ ਕਿ ਜਿਸ ਦੀ ਅਰਦਾਸ ਸੰਤਾਂ ਨੇ ਕਰ ਦੇਣੀ ਪ੍ਰਮਾਤਮਾ ਉਸੇ ਨੂੰ ਜਿੱਤ ਦਿੰਦਾਂ ਸੀ। ਹਰ ਇਲੈਕਸ਼ਨ ਵੇਲੇ ਸਭ ਦੀ ਇਹ ਵਿਸ਼ੇਸ ਖਾਹਿਸ਼ ਹੁੰਦੀ ਸੀ। ਸਭ ਤੋਂ ਪਹਿਲਾਂ ਸੰਤਾਂ ਤੋਂ ਅਰਦਾਸ ਕਰਵਾ ਲਈਏ। ਕਿਤੇ ਕੋਈ ਦੂਜਾ ਅਸਾਡੇ ਤੋਂ ਪਹਿਲਾਂ ਅਰਦਾਸ ਨਾ ਕਰਵਾ ਜਾਵੇ। ਆਪ ਜੀ ਰਾਜਨੀਤੀ ਦੇ ਬਹੁਤ ਗਿਆਤਵਾਨ ਸਨ। ਆਪ ਨੇ ਪੰਚਤੰਤਰ ਅਤੇ ਚਾਣਕਿਆ ਰਾਜਨੀਤੀ ਆਦਿਕ ਕਾਫੀ ਗ੍ਰੰਥ ਪੜ੍ਹੇ ਸਨ। ਪਰ ਆਪ ਰਾਜਨੀਤੀ ਨਾਲੋਂ ਧਰਮ ਨੂੰ ਵਿਸ਼ੇਸ ਤਰਜੀਹ

ਦਿੰਦੇ ਸਨ। ਆਪ ਦਾ ਅਟੱਲ ਵਿਸ਼ਵਾਸ ਸੀ ਕਿ ਇਕ ਧਰਮੀ ਮਨੁੱਖ ਜੇ ਧਰਮ ਵਿਚ ਪ੍ਰਪੱਕ ਹੋ ਕੇ ਰਾਜਨੀਤੀ ਕਰੇ ਤਾਂ ਇਹ ਆਮ ਜਨ ਜੀਵਨ ਲਈ ਸੁੱਖ ਦਾ ਸਾਹ ਵਰਤਾ ਸਕਦਾ ਹੈ। ਵਖਤ ਦੀ ਨਜ਼ਾਕਤ, ਇਸ ਤੋਂ ਉਲਟ ਅਤੇ ਕੋਹਾਂ ਦੂਰ ਸੀ। ਰਾਜਨੀਤੀ ਤਾਂ ਚੰਗੇ ਗੁਣਾਂ ਨੂੰ ਛਿੱਕੇ ਟੰਗਣਾ, ਸਵਾਰਥ ਦਾ ਬੋਲਬਾਲਾ ਅਤੇ ਅਥਾਹ ਦੁੱਖਾਂ ਦਾ ਘਰ ਬਣਾ ਕੇ ਜੀਵਨ ਦੀ 'ਮਨੁੱਖਤਾ ਵਾਲੀ' ਦਿਸ਼ਾ ਨਿਰਦੇਸ਼ਨਾ ਤੋਂ ਵੀ ਦੂਰ ਲੈ ਜਾਣ ਵਾਲੀ ਹੈ। ਇਸੇ ਲਈ ਆਪ ਵੀ ਰਾਜਨੀਤੀ ਤੋਂ ਦੂਰ ਰਹੇ ਅਤੇ ਧਰਮ ਦੀ ਦ੍ਰਿੜਤਾ ਲਈ ਹੀ ਹਰ ਇਕ ਨੂੰ ਵਿਸ਼ੇਸ ਜੋਰ ਦਿੰਦੇ ਸਨ।

ਸੰਤ ਬਾਬਾ ਅਮਰ ਸਿੰਘ ਕਿਰਤੀ ਜੀ ਦਾ ਜੀਵਨ ਇੱਕ ਗਿਆਨ ਦਾ ਭੰਡਾਰ ਸੀ।

**ਮਤਿ ਤਤੁ ਗਿਆਨੰ ਕਲਿਆਣ ਨਿਧਾਨੰ ਹਰਿ ਨਾਮ ਮਨਿ ਰਮਣੰ॥**

**(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੫੦੫)**

ਧੰਨ ਗੁਰੂ ਨਾਨਕ ਦੇਵ ਜੀ ਦੇ ਬਚਨ ਹਨ, ਜਿਹੜਾ ਆਪਣੇ ਮਨ ਵਿਚ ਪ੍ਰਮਾਤਮਾ ਦੇ ਨਾਮ ਨੂੰ ਟਿਕਾ ਲੈਂਦਾ ਹੈ। ਉਸ ਦੀ ਬੁੱਧੀ ਅਸਲੀ ਗਿਆਨ ਦੀ ਸੂਝ ਰੱਖਣ ਵਾਲੀ ਹੋ ਜਾਂਦੀ ਹੈ। ਗਿਆਨ 'ਇਸ ਵਿਧਾਨ ਦੀ' ਅਕਲ ਹਾਸਲ ਕਰਨ ਦਾ ਨਾਮ ਹੈ। ਜਿਸ ਨਾਲ ਅਸਾਡਾ ਸਮਾਜਿਕ ਅਤੇ ਪ੍ਰਮਾਰਥਿਕ ਜੀਵਨ ਸੌਖਾ ਹੋ ਜਾਵੇ। ਦੋਨਾਂ ਲੋਕਾਂ ਦਾ ਸੁੱਖ ਪ੍ਰਾਪਤ ਹੋ ਜਾਵੇ। ਜਿਸ ਨੂੰ ਐਸਾ ਗਿਆਨ ਮਿਲ ਜਾਂਦਾ ਹੈ। ਉਸ ਦਾ ਜੀਵਨ ਮੈਤ੍ਰੀ, ਮੁਦਤਾ, ਸੁਹਿਰਦਤਾ ਅਤੇ ਉਪੇਖਿਆ ਵਾਲਾ ਹੁੰਦਾ ਹੈ। ਪ੍ਰਬੋਧ ਚੰਦਰ ਨਾਟਕ ਦੇ ਕਰਤਾ ਪੰਡਿਤ ਗੁਲਾਬ ਸਿੰਘ ਜੀ ਨੇ ਇਸ ਦਿਸ਼ਾ ਨਿਰਦੇਸ਼ਨ ਬਾਬਤ ਬਹੁਤ ਸੁੰਦਰ ਲਿਖਿਆ ਹੈ।

**ਮੈਤ੍ਰੀ ਕਰੁਣਾ ਮੁਦਿਤਾ ਔਰ ਉਪੇਖਯਾ ਜਾਨ ॥**
**ਚਾਰ ਬਹਿਨ ਹਮ ਜੀਵ ਕੀ ਕਰੇਂ ਸਗਲ ਮਲ ਹਾਨ ॥ (ਅਧਿ:੪)**

ਇਹ ਚਾਰੇ ਮੈਤ੍ਰੀ, ਕਰੁਣਾ, ਮੁਦਿਤਾ ਅਤੇ ਉਪੇਖਿਆ ਮਾਨਵਤਾ ਨੂੰ ਸਮਝਣ ਵਾਲੇ ਵਿਅਕਤੀ ਦੀਆਂ ਭੈਣਾਂ ਹਨ। ਜਿਹੜੀਆਂ ਹਮੇਸ਼ਾਂ ਲਈ ਅਜਿਹੇ ਗਿਆਨਵਾਨ ਮਨੁੱਖ ਦਾ ਭਲਾ ਚਾਹੁੰਦੀਆਂ ਹਨ। ਇਹ ਹੀ ਵਿਅਕਤੀ ਦੀ ਅਕਲ ਦਾ ਸੱਚਾ ਸਾਥ ਦੇਣ ਵਾਲੀਆਂ ਹਨ। ਮੈਤ੍ਰੀ-ਮਿਤਰਤਾ ਜਾਂ ਦੋਸਤੀ; ਕਿਸੇ ਸਿਆਣੇ ਦਾ ਕਥਨ ਹੈ :

**ਭਲਾ ਕਰਾਵੈ ਬੁਰਾ ਛਡਾਵੈ। ਅਪਦਾ ਮਹਿ ਰਾਖੈ ਸੋ ਮਿਤ੍ਰ ॥**

ਚਾਣਕਯ ਮੁਨੀ ਨੇ ਵੀ ਬਹੁਤ ਸੁੰਦਰ ਕਿਹਾ ਹੈ:

**ਪ੍ਰੀਤ ਰੀਤ ਸਾਚੀ ਕਰਹਿ ਅਰ ਦੁਖ ਹਰਹਿ ਬਚਿਤ੍ਰ॥**
**ਬਾਵਨ ਅਛਰਨ ਮੈ ਕਹੈ ਦੋਨੋ ਅਛਰ ਮਿਤਰ॥**

ਮਿੱਤਰਤਾ ਉਸਨੂੰ ਆਖਦੇ ਹਨ ਜਿਹੜੀ ਸਾਥੀ ਦੇ ਜੀਵਨ ਵਿਚੋਂ ਵੀ ਔਗਣਾਂ ਨੂੰ ਕਟਣ ਦੇ ਸਮਰੱਥ ਹੁੰਦੀ ਹੈ। ਸੱਚਾ ਮਿੱਤਰ ਵੀ ਉਸਨੂੰ ਹੀ ਸਮਝਣਾ ਚਾਹੀਦਾ ਹੈ। ਜਿਹੜਾ ਦੁੱਖਾਂ ਵਿਚੋਂ ਕੱਢ ਕੇ ਸੁੱਖਾਂ ਵਿਚ ਨਿਵਾਸ ਕਰਵਾ ਦੇਵੇ। ਨਹੀਂ ਤਾਂ ਮਹਾਨ ਕੋਸ਼ ਦੇ ਵਿਚ ਕਾਨ੍ਹ ਸਿੰਘ ਨਾਭਾ ਨੇ ਬਹੁਤ ਸੁੰਦਰ ਲਿਖਿਆ ਹੈ।

**ਮੀਤ ਜੋ ਕਹਾਇ, ਪਰੇ ਦੁਖ ਨ ਸਹਾਇ ਕਰੈ ;**

**ਜਾਨੀਐ ਨ ਮੀਤ ਤਾਂ ਕੋ ਪਾਤਕੀ ਸੋ ਭਾਰੀ ਹੈ॥**
**ਮੂਢ ਹੋ ਨਰੇਸ਼ ਮੀਤ ਕੁਟਿਲ, ਛਨਾਰਿ ਨਾਰਿ;**
**ਚੌਥੇ ਸਠ ਸੇਵਕ ਤੇ ਹੋਤ ਨ ਭਲਾਈ ਹੈ॥**

ਕਿ ਜਿਹੜਾ ਮਨੁੱਖ ਮਿੱਤਰ ਤਾਂ ਕਹਾਵੇ ਪਰ ਦੁੱਖ ਆਉਣ ਤੇ ਸਹਾਇਤਾ ਨਾ ਕਰੇ ਉਸਨੂੰ ਮਿੱਤਰ ਨਾ ਜਾਣਨਾ ਕਰੋ ਉਹ ਤਾਂ ਬਹੁਤ ਵੱਡੇ ਪਾਪੀ ਦੇ ਸਮਾਨ ਹੈ। ਮੂਰਖ ਰਾਜੇ, ਕਪਟੀ ਮਿੱਤਰ, ਮਾੜੀ ਇਸਤਰੀ ਅਤੇ ਮੂਰਖ ਸੇਵਕ ਤੋਂ ਕਦੇ ਵੀ ਭਲਾਈ ਨਹੀਂ ਹੋ ਸਕਦੀ। ਦੂਜੀ ਇਸ ਸੱਚ ਦੇ ਪਾਂਧੀ ਦੀ ਸਾਥੀ 'ਕਰੁਣਾ' ਹੈ। ਕਰੁਣਾ-ਦਯਾ ਜਾਂ ਕਿਰਪਾ, ਜਿਸ ਵੇਲੇ ਅਸੀਂ ਕਿਸੇ ਵਿਅਕਤੀ ਦੇ ਨਾਲ ਵਿਚਰਦੇ ਹਾਂ ਤਾਂ ਅਸਾਡੇ ਅੰਦਰ ਉਸ ਪ੍ਰਤੀ ਭਾਵ ਚਲਦੇ ਹਨ। ਜਿਹਨਾਂ ਦਾ ਅਸਰ ਅਸਾਡੇ ਉਪੱਰ ਉਸ ਵਿਅਕਤੀ ਦੇ ਨਾਲ ਜੋ ਅਸਾਡਾ ਸਬੰਧ ਹੈ; ਉਹਨਾਂ ਮੁਤਾਬਿਕ ਹੁੰਦਾ ਹੈ। ਭਾਵ ਵੇਖਣ ਨੂੰ ਤਾਂ ਦੋ ਅੱਖਰਾਂ ਦਾ ਸ਼ਬਦ ਹੈ। ਪਰ ਇਸ ਦੇ ਅਰਥ ਬਹੁਤ ਹੀ ਗੁੱਝ ਹਨ।

**ਆਨਨ ਲੋਚਨ ਵਚਨ ਮਗ ਪ੍ਰਗਟਤ ਮਨ ਕੀ ਬਾਤ॥**
**ਤਾਂਹੀ ਕੋ ਕਹਤ ਹੈਂ 'ਭਾਵ' ਕਵਿਨ ਕੇ ਤਾਤ॥** (ਰਸਿਕ ਪ੍ਰਿਯਾ)

ਇਸ ਦੇ ਪੰਜ ਭੇਦ ਅੱਗੇ ਹਨ :

**ਭਾਵ ਸੁ ਪਾਂਚ ਪ੍ਰਕਾਰ ਕੋ ਸੁਨ ਵਿਭਾਵ ਅਨੁਭਾਵ॥**
**ਅਸਥਾਈ ਸਾਂਤਿਤਕ ਕਹੈਂ ਵਿਯਭਚਾਈ ਕਵਿਰਾਵ॥** (ਰਸਿਕ ਪ੍ਰਿਯਾ)

ਇਹਨਾਂ ਪੰਜਾਂ ਦੇ ਰੂਪ ਇਸ ਪ੍ਰਕਾਰ ਹਨ।

**ਵਿਭਾਵ ਉਸ ਨੂੰ ਆਖਦੇ ਹਨ:-** ਜਿਸ ਤੋਂ ਰਸ ਦੀ ਉਤਪਤੀ ਹੋਵੇ। ਅੱਗੇ ਇਸ ਦੇ ਦੋ ਭੇਦ ਹਨ; ਆਲੰਬਨ ਅਤੇ ਉਦੀਪਨ। ਆਲੰਬਨ ਵਿਭਾਵ ਹੈ, ਜਿਵੇਂ ਗਾਯਨ, ਸੁੰਦਰ ਘਰ, ਦੁਖਦਾਈ ਘਟਨਾ ਦਾ ਸਥਾਨ ਆਦਿ। ਉਦੀਪਨ ਵਿਭਾਵ ਉਹ ਹੈ ਜਿਹੜਾ ਅਰਥ ਨੂੰ ਚਮਕਾਵੇ ਜਿਵੇਂ ਘਟਨਾ ਸਥਾਨ ਦਾ ਦੇਖਣਾ, ਬੋਲਣਾ, ਸਪਰਸ਼ ਕਰਨਾ ਆਦਿ।

**ਅਨੁਭਾਵ ਦਾ ਅਰਥ ਹੈ :-** ਵਿਭਾਵ ਕਰਕੇ ਜੋ ਮਨ ਵਿੱਚ ਵਿਕਾਰ ਆਇਆ ਹੈ ਉਸਦਾ ਸਰੀਰ ਉਪਰ ਪ੍ਰਗਟ ਹੋ ਜਾਣਾ; ਜਿਵੇਂ ਦੁਖਦਾਈ ਘਟਨਾ ਵਾਲੀ ਥਾਂ ਬਾਰੇ ਸੁਨਣਾ ਆਲੰਬਨ, ਘਟਨਾ ਦੇ ਤੱਥਾਂ ਨੂੰ ਸੁਣ ਕੇ ਵੇਖਣਾ ਉਦੀਪਨ, ਤਾਂ ਇਸ ਆਲੰਬਨ ਅਤੇ ਉਦੀਪਨ ਦੇ ਵਿਕਾਰ ਦਾ ਅਸਰ ਸਰੀਰ ਉਪਰ ਪ੍ਰਤੱਖ ਰੂਪ ਵਿੱਚ ਦਿੱਸਣ ਲੱਗ ਪੈਣਾ ਭਾਵ ਕਰੁਣਾ (ਸ਼ੋਕ) ਆ ਜਾਣੀ।

**ਸਥਾਈ:-** ਜੋ ਅਨੁਭਾਵ ਸਰੀਰ ਉਪੱਰ ਪ੍ਰਤੱਖ ਰੂਪ ਵਿਚ ਅਸਰ ਕਰ ਜਾਂਦਾ ਹੈ। ਜਦੋਂ ਉਸ ਅਨੁਭਾਵ ਦਾ ਅਸਰ ਸਰੀਰ ਉਪੱਰ ਪ੍ਰਪੱਕ ਰੂਪ ਵਿੱਚ ਹੋ ਜਾਵੇ, ਤਾਂ ਉਸਨੂੰ ਸਥਾਈ ਆਖਦੇ ਹਨ। ਕਰੁਣਾ ਭਾਵ ਤੋਂ ਲੈ ਕੇ ਨੌਂ ਰਸਾਂ ਦੇ ਨੌਂ ਹੀ ਰੂਪਾਂ ਵਿੱਚ ਸਥਾਈ ਭਾਵ ਹੁੰਦਾ ਹੈ। ਇਹਨਾਂ ਨੌਂ ਰਸਾਂ ਦੇ ਗਿਆਨ ਵਿੱਚ ਇਹਨਾਂ ਦਾ ਸਥਾਈ ਭਾਵ ਅੰਕਿਤ ਹੈ। **ਰਤਿ ਹਾਸੀ, ਅਰੁ ਸ਼ੋਕ ਪੁਨਿ ਕ੍ਰੋਧ ਉਛਾਹ ਸੁ ਜਾਨ॥ ਭਯ ਨਿੰਦਾ ਵਿਸਮਯ ਥਾਈ ਭਾਵ ਪ੍ਰਮਾਨ॥**

**ਰਸਿਕ ਪ੍ਰੀਯਾ:-** ਸ਼ਿੰਗਾਰ ਰਸ ਦਾ ਸਥਾਈ ਭਾਵ ਰਤਿ, ਹਾਸਯ ਰਸ ਦਾ ਸਥਾਈ ਭਾਵ ਹਾਸੀ, ਕਰੁਣਾਰਸ ਦਾ ਸਥਾਈ ਭਾਵ ਮਨ ਵਿਚ ਦੁੱਖਾਂ ਨੂੰ ਨਿਵਰਤ ਕਰਨ ਦੀ ਭਾਵਨਾ ਪ੍ਰਗਟ

ਕਰਨਾ, ਰੌਦ੍ਰ ਰਸ ਦਾ ਸਥਾਈ ਭਾਵ ਕ੍ਰੋਧ ਇਸੇ ਤਰ੍ਹਾਂ ਵੀਰ ਰਸ ਦਾ ਸਥਾਈ ਭਾਵ ਉਤਸ਼ਾਹ, ਭਯਾਨਕ ਰਸ ਦਾ ਭਯ, ਬਿਭਤਸ ਰਸ ਦਾ ਗਿਲਾਨੀ, ਅਦਭੁਤ ਰਸ ਦਾ ਹੈਰਾਨਗੀ, ਸ਼ਾਂਤ ਰਸ ਦਾ ਸਥਾਈ ਭਾਵ ਨਿਰਵੇਦ ਹੈ।

ਸਾਤਿਤਕ, ਵਿਭਾਵ ਅਨੁਭਾਵ ਸਥਾਈ ਦੇ ਅਸਰ ਤੋਂ ਉਤਪੰਨ ਹੋਈ ਕਿਰਿਆ ਦਾ ਨਾਮ ਹੈ ਜਿਵੇਂ ਰੋਮਾਂਚ, ਪਸੀਨਾਂ, ਕਾਂਬਾ ਆਦਿ।

ਜੋ ਭਾਵ ਅਨੇਕਾਂ ਰਸਾਂ ਵਿੱਚ ਵਰਤੇ ਇੱਕ ਰਸ ਵਿੱਚ ਨਾ ਰਹੇ ਉਸ ਦਾ ਨਾਮ ਵਿਭਚਾਰੀ (ਸੰਚਾਰੀ) ਭਾਵ ਹੈ ਯਥਾ; ਆਲਸ, ਚਿੰਤਾ, ਵਿਵਾਦ ਆਦਿ।

ਕਰੁਣਾ ਸੱਚ ਦੇ ਪਾਂਧੀ ਦੀ ਉਹ ਸਹਾਇਕ ਹੈ ਜੋ ਵਿਅਕਤੀ ਦੇ ਅੰਦਰ ਦਇਆ ਜਾਂ ਕਿਰਪਾ ਦੇ ਭਾਵ ਵਿਚ ਵਰਤਦੀ ਹੈ। ਵੈਸੇ ਤਾਂ ਇਹ ਅੱਖਰਾਂ ਦੇ ਗੇੜ ਤੋਂ ਉਪੱਰ ਦੀ ਸੋਚ ਹੈ। ਇਹ ਤਾਂ ਕੇਵਲ ਅਕਲ ਦੀ ਸਾਥੀ ਬਣਾਉਣ ਲਈ ਬੁੱਧੀ ਅੰਦਰ ਸੰਚਰਿਤ ਕਰਨ ਦਾ ਵਸੀਲਾ ਹੈ। ਇਉਂ ਜਦੋਂ ਇਹ ਕਰੁਣਾ ਦਾ ਭਾਵ ਅੰਦਰ ਪ੍ਰਵਾਹਿਤ ਹੋ ਜਾਵੇ। ਤਦੋਂ ਜੀਵਨ ਪਰਉਪਕਾਰੀ ਬਣ ਜਾਂਦਾ ਹੈ।

ਤੀਜੀ ਇਸ ਸੱਚ ਦੀ ਸੋਚ ਦੀ ਸਹਾਇਕ ਮੁੱਦਤਾ ਹੈ। ਜਿਸ ਦਾ ਅਰਥ ਹੈ:- ਦੂਜੇ ਦਾ ਮਾਨ ਸਤਿਕਾਰ ਵੇਖ ਕੇ ਪ੍ਰਸੰਨ ਹੋਣ ਦੀ ਕਿਰਿਆ। ਸੰਸਾਰ ਅੰਦਰ ਪ੍ਰਮਾਤਮਾ ਦੀ ਅਤੇ ਪ੍ਰਮਾਰਥ ਦੀ ਸਮਝ ਰੱਖਣ ਵਾਲੇ ਅੰਦਰ ਮੁਦਤਾ ਸਹਿਜੇ ਹੀ ਨਿਵਾਸ ਕਰ ਜਾਂਦੀ ਹੈ। ਅਜਿਹਾ ਵਿਅਕਤੀ ਸਭ ਅੰਦਰ ਪ੍ਰਭੂ ਨੂੰ ਵੇਖ ਕੇ ਖੁਸ਼ ਹੁੰਦਾ ਹੈ। ਜਦੋਂ ਉਹ ਕਿਸੇ ਹੋਰ ਵਿਅਕਤੀ ਵਿੱਚ ਆਪਣੇ ਨਾਲੋਂ ਗੁਣਾਂ ਦਾ ਵਾਧਾ ਵੇਖਦਾ ਹੈ ਤਾਂ ਉਹ ਖੁਸ਼ ਹੁੰਦਾ ਹੋਇਆ; ਪ੍ਰਮਾਤਮਾ ਅੱਗੇ ਅਰਦਾਸ ਕਰਦਾ ਹੈ ਕਿ ਹੇ ਮੇਰੇ ਵਾਹਿਗੁਰੂ ਇਹ ਚੰਗੇ ਗੁਣ ਮੇਰੀ ਜ਼ਿੰਦਗੀ ਵਿੱਚ ਵੀ ਬਖਸ਼ਿਸ ਕਰ ਦੇਵੋ ਜੀ! ਤਾਂ ਕਿ ਮੇਰਾ ਜੀਵਨ ਵੀ ਇਸ ਦੇ ਜੀਵਨ ਵਰਗਾ ਬਣ ਜਾਵੇ ਅਤੇ ਔਗੁਣਾਂ ਦਾ ਨਾਸ਼ ਹੋ ਜਾਵੇ। ਇਸ ਤਰ੍ਹਾਂ ਉਹ ਆਪਣਾ ਜੀਵਨ ਪਰਮੇਸ਼ਰ ਅੱਗੇ ਅਰਦਾਸ ਕਰਦਾ ਹੋਇਆ ਸਦੀਵ ਪ੍ਰਸੰਨ ਰੱਖਦਾ ਹੈ। ਕਦੇ ਦੂਸਰੇ ਦੇ ਗੁਣ ਵੇਖ ਕੇ ਈਰਖਾ ਨਹੀਂ ਕਰਦਾ ਅਤੇ ਨਿਰਾਸਤਾ ਵਿਚ ਨਹੀਂ ਜਾਂਦਾ। ਇਸੇ ਮੁਦਤਾ ਦੀ ਵਿਆਖਿਆ ਕਰਦੇ ਮਹਾਨ ਵਿਦਵਾਨ ਪੰਡਿਤ ਹਰਿਦਿਆਲ ਜੀ ਨੇ ਬਹੁਤ ਸੁੰਦਰ ਲਿਖਿਆ ਹੈ।

**ਨਿਜ ਕੇ ਗੁਣ ਔਗੁਣ ਤਯੋਂ ਪਰ ਕੇ ਚਹੁ ਮੋ ਦੂ ਕਹੇ ਦੋ ਕਬੀ ਨ ਕਹੇ ॥(ਸਾਰੁ:੧੧)**

ਪ੍ਰਸੰਨ ਚਿੱਤ ਇਨਸਾਨ ਆਪਣੇ ਗੁਣ ਪਰਾਏ ਦੇ ਔਗੁਣ ਕਦੇ ਵੀ ਨਹੀਂ ਆਖਦਾ ਹੈ। ਆਪਣੇ ਔਗੁਣ ਪਰਾਏ ਦੇ ਗੁਣ ਸਦਾ ਲਈ ਕਹਿੰਦਾ ਹੈ। ਇਹੀ ਕਾਰਨ ਹੈ ਕਿ ਜੋ ਇਸ ਪਵਿੱਤਰ ਸੋਚ ਦੇ ਧਾਰਨੀ ਹੁੰਦੇ ਹਨ, ਉਹ ਦੁਨੀਆਂ ਵਿਚ ਸ਼ੁਭ ਆਚਾਰ ਵਾਲਿਆਂ ਦੇ ਦਿਲਾਂ ਦੀ ਧੜਕਨ ਬਣ ਜਾਂਦੇ ਹਨ।

**ਚੌਥੀ ਸਚ ਦੇ ਪਾਂਧੀ ਦੀ ਸਾਥੀ ਹੈ ;** ਉਪੇਖਿਆ। ਜਿਸ ਦੇ ਅਰਥ ਹਨ:- ਉਪਰਾਮਤਾ ਉਦਾਸੀਨਤਾ। ਦੁਨੀਆਂ ਵਿਚ ਵਿਚਰਦਿਆਂ ਬਹੁਤ ਤਰ੍ਹਾਂ ਦੇ ਢੰਗਾਂ ਨਾਲ ਜੀਵਨ ਜੀਉਣ ਵਾਲਿਆਂ ਨਾਲ ਅਸਾਡਾ ਵਰਤ-ਵਰਤਾਵ ਹੁੰਦਾ ਹੈ। ਇਹਨਾਂ ਵਿਚੋਂ ਕੁਝ ਲੋਕ ਇਸ ਤਰ੍ਹਾਂ ਦੇ

ਹੁੰਦੇ ਹਨ; ਜਿਨਾਂ ਨੂੰ ਚੰਗੀ ਵੀਚਾਰ ਪਸੰਦ ਹੀ ਨਹੀ ਹੁੰਦੀ ਹੈ। ਅਜਿਹੇ ਵਿਅਕਤੀ ਤਾਂ ਧੰਨ ਗੁਰੂ ਨਾਨਕ ਸਾਹਿਬ ਜੀ ਪਰਥਾਇ ਵੀ ਬਹੁਤ ਕੁਝ ਆਖਦੇ ਹਨ। ਅਜਿਹੇ ਬੋਲ ਜਨਮ ਸਾਖੀ ਵਿਚ ਇਉਂ ਅੰਕਿਤ ਹਨ:-

**ਇਸ ਕਲੀਓ ਪੰਜ ਭੀਤੀਓ ਕਿਉਂ ਕਰਿ ਰਖਾਂ ਪਤਿ ॥**
**ਜੇ ਬੋਲਾਂ ਤਾਂ ਆਖੀਐ ਬੜ ਬੜ ਕਰੇ ਬਹੁਤ ॥**
**ਚੁਪ ਕਰਾਂ ਤਾਂ ਆਖੀਐ ਇਤ ਘਟਿ ਨਾਹੀ ਮਤਿ ॥**
**ਜੇ ਬਹਿ ਰਹਾਂ ਤਾਂ ਆਖੀਐ ਬੈਠਾ ਸਥਰ ਘਤਿ॥**
**ਉਠਿ ਜਾਈ ਤਾਂ ਆਖੀਐ ਛਾਰੁ ਗਇਆ ਸਿਰ ਘਤਿ ॥**
**ਜੇ ਕਰਿ ਨਿਵਾਂ ਤਾਂ ਆਖੀਐ ਡਰਦਾ ਕਰੇ ਭਗਤਿ ॥**
**ਕਾਈ ਗਲਿ ਨਾ ਮਾਵਣੀ ਕਿਥੇ ਕਢਾਂ ਝਤਿ ॥**
**ਏਥੇ ਓਥੈ ਨਾਨਕਾ ਕਰਤਾ ਰਖੈ ਪਤਿ ॥**

ਪਰ ਸੱਚ ਦੇ ਸਾਥੀ ਇਸ ਤਰ੍ਹਾਂ ਦੀ ਅਕਲ ਦੇ ਮਾਲਕਾਂ ਤੋਂ ਉਦਾਸੀਨਤਾ ਹੀ ਰਖਦੇ ਹਨ। ਅਜਿਹੇ ਲੋਕ ਹਮੇਸ਼ਾ ਭਲੇ ਦੀ ਵੀਚਾਰ ਆਖਣਾ ਆਪਣਾ ਫਰਜ ਸਮਝਦੇ ਹਨ। ਪਰ ਜੇ ਕੋਈ ਭਲੇ ਦੀ ਵੀਚਾਰ ਆਖਣ ਵਾਲੇ ਇਹਨਾਂ ਮਹਾਂਪੁਰਖਾਂ ਨੂੰ ਵੀ ਕਿੰਤੂ ਕਰਦਾ ਹੋਇਆ ਮੰਦਾ ਬੋਲੇ ਤਾਂ ਪ੍ਰਭੂ ਪਿਆਰੇ ਉਪੇਖਿਆ ਧਾਰਨ ਕਰ ਲੈਂਦੇ ਹਨ। ਇਸ ਤਰ੍ਹਾਂ ਉਹ ਅਕਲ ਦੇ ਘਰ ਬਣ ਜਾਂਦੇ ਹਨ। ਅਕਲ ਨਾਲ ਹੀ ਪਿਆਰੇ ਵਾਹਿਗੁਰੂ ਜੀ ਦੀ ਪ੍ਰਾਪਤੀ ਹੁੰਦੀ ਹੈ। ਇਸੇ ਲਈ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੇ ਬਚਨ ਹਨ:-

**ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥**
**ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਜੈ ਦਾਨੁ ॥**

ਅਜਿਹੀ ਅਕਲ ਉਪਰੋਕਤ ਦਰਸਾਈਆਂ ਗਈਆਂ ਸੱਚ ਦੇ ਪਾਂਧੀ ਦੀਆਂ ਚਾਰ ਸਾਥਣਾਂ ਮੈਤ੍ਰੀ, ਕਰੁਣਾ, ਮੁਦਿਤਾ ਅਤੇ ਉਪੇਖਿਆ ਨੂੰ ਆਪਣੇ ਜੀਵਨ ਵਿਚ ਧਾਰਨ ਕਰਨ ਦੇ ਨਾਲ ਹੀ ਪ੍ਰਾਪਤ ਹੁੰਦੀ ਹੈ।

ਜਦੋਂ ਵਿਅਕਤੀ ਦੇ ਹਿਰਦੇ ਵਿਚ ਇਹ ਚਾਰੇ ਪ੍ਰਵੇਸ਼ ਕਰ ਜਾਂਦੀਆਂ ਹਨ ਤਾਂ ਉਸ ਦਾ ਮੁੱਖ ਗੁਰੂ ਵੱਲ ਹੋ ਜਾਂਦਾ ਹੈ ਅਤੇ ਵਿਕਾਰਾਂ ਵਲ ਉਸਦੀ ਪਿੱਠ ਹੋ ਜਾਂਦੀ ਹੈ। ਇੱਕ ਵਿਦਵਾਨ ਨੇ ਇਸਨੂੰ ਬਹੁਤ ਹੀ ਸੁੰਦਰ ਢੰਗ ਨਾਲ ਕਥਨ ਕੀਤਾ ਹੈ।

**ਮੈਤ੍ਰੀ ਕਰੁਣਾ ਦੋਨੋਂ ਲਖੋ ਮੁਦਿਤਾ ਤੀਜੀ ਜਾਨ।**
**ਚਤੁਰ ਉਪੇਖਯਾ ਜਿਸ ਬਿਖੇ ਸਨਮੁਖ ਸੋ ਪਹਿਚਾਨ।**

ਸੰਤ ਬਾਬਾ ਅਮਰ ਸਿੰਘ ਜੀ ਕਿਰਤੀ ਨੇ ਵੀ ਆਪਣੇ ਜੀਵਨ ਵਿੱਚ ਇਹਨਾਂ ਚਾਰਾਂ ਨੂੰ ਧਾਰਨ ਕੀਤਾ ਅਤੇ ਵਿਕਾਰਾਂ ਨੂੰ ਨਾਸ਼ ਕੀਤਾ। ਆਪ ਜੀ ਆਪਣੇ ਨਾਲ ਰਹਿੰਦੇ ਸਿੰਘਾਂ, ਵਿਦਿਆਰਥੀਆਂ ਅਤੇ ਹੋਰਨਾਂ ਗੁਰਮੁਖਾਂ ਨਾਲ ਹਮੇਸ਼ਾ ਮਿੱਤਰਤਾ ਵਾਲਾ ਭਾਵ ਰੱਖਦੇ ਸਨ। ਆਪ ਜੀ ਨੇ ਹਮੇਸ਼ਾ ਦੂਜਿਆਂ ਦੇ ਪ੍ਰਤੀ ਦਇਆ ਵਾਲਾ ਵਿਵਹਾਰ ਹੀ ਰੱਖਿਆ। ਆਪ ਜੀ ਕਿਸੇ

ਹੁੰਦੇ ਹਨ; ਜਿਨਾਂ ਨੂੰ ਚੰਗੀ ਵੀਚਾਰ ਪਸੰਦ ਹੀ ਨਹੀ ਹੁੰਦੀ ਹੈ। ਅਜਿਹੇ ਵਿਅਕਤੀ ਤਾਂ ਧੰਨ ਗੁਰੂ ਨਾਨਕ ਸਾਹਿਬ ਜੀ ਪਰਥਾਇ ਵੀ ਬਹੁਤ ਕੁਝ ਆਖਦੇ ਹਨ। ਅਜਿਹੇ ਬੋਲ ਜਨਮ ਸਾਖੀ ਵਿਚ ਇਉਂ ਅੰਕਿਤ ਹਨ:-

**ਇਸ ਕਲੀਓਂ ਪੰਜ ਭੀਤੀਓ ਕਿਉਂ ਕਰਿ ਰਖਾਂ ਪਤਿ ॥**
**ਜੇ ਬੋਲਾਂ ਤਾਂ ਆਖੀਐ ਬੜ ਬੜ ਕਰੇ ਬਹੁਤ ॥**
**ਚੁਪ ਕਰਾਂ ਤਾਂ ਆਖੀਐ ਇਤ ਘਟਿ ਨਾਹੀ ਮਤਿ ॥**
**ਜੇ ਬਹਿ ਰਹਾਂ ਤਾਂ ਆਖੀਐ ਬੈਠਾ ਸਥਰ ਘਤਿ॥**
**ਉਠਿ ਜਾਈ ਤਾਂ ਆਖੀਐ ਛਾਰੁ ਗਇਆ ਸਿਰ ਘਤਿ ॥**
**ਜੇ ਕਰਿ ਨਿਵਾਂ ਤਾਂ ਆਖੀਐ ਡਰਦਾ ਕਰੇ ਭਗਤਿ ॥**
**ਕਾਈ ਗਲਿ ਨਾ ਮਾਵਣੀ ਕਿਥੇ ਕਢਾਂ ਝਤਿ ॥**
**ਏਥੇ ਓਥੈ ਨਾਨਕਾ ਕਰਤਾ ਰਖੈ ਪਤਿ ॥**

ਪਰ ਸੱਚ ਦੇ ਸਾਥੀ ਇਸ ਤਰ੍ਹਾਂ ਦੀ ਅਕਲ ਦੇ ਮਾਲਕਾਂ ਤੋਂ ਉਦਾਸੀਨਤਾ ਹੀ ਰਖਦੇ ਹਨ। ਅਜਿਹੇ ਲੋਕ ਹਮੇਸ਼ਾ ਭਲੇ ਦੀ ਵੀਚਾਰ ਆਖਣਾ ਆਪਣਾ ਫਰਜ ਸਮਝਦੇ ਹਨ। ਪਰ ਜੇ ਕੋਈ ਭਲੇ ਦੀ ਵੀਚਾਰ ਆਖਣ ਵਾਲੇ ਇਹਨਾਂ ਮਹਾਂਪੁਰਖਾਂ ਨੂੰ ਵੀ ਕਿੰਤੂ ਕਰਦਾ ਹੋਇਆ ਮੰਦਾ ਬੋਲੇ ਤਾਂ ਪ੍ਰਭੂ ਪਿਆਰੇ ਉਪੇਖਿਆ ਧਾਰਨ ਕਰ ਲੈਂਦੇ ਹਨ। ਇਸ ਤਰ੍ਹਾਂ ਉਹ ਅਕਲ ਦੇ ਘਰ ਬਣ ਜਾਂਦੇ ਹਨ। ਅਕਲ ਨਾਲ ਹੀ ਪਿਆਰੇ ਵਾਹਿਗੁਰੂ ਜੀ ਦੀ ਪ੍ਰਾਪਤੀ ਹੁੰਦੀ ਹੈ। ਇਸੇ ਲਈ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੇ ਬਚਨ ਹਨ:-

**ਅਕਲੀ ਸਾਹਿਬ ਸੇਵੀਐ ਅਕਲੀ ਪਾਈਐ ਮਾਨੁ ॥**
**ਅਕਲੀ ਪੜਿ ਕੇ ਬੁਝੀਐ ਅਕਲੀ ਕੀਜੈ ਦਾਨੁ ॥**

ਅਜਿਹੀ ਅਕਲ ਉਪਰੋਕਤ ਦਰਸਾਈਆਂ ਗਈਆਂ ਸੱਚ ਦੇ ਪਾਂਧੀ ਦੀਆਂ ਚਾਰ ਸਾਥਣਾਂ ਮੈਤ੍ਰੀ, ਕਰੁਣਾ, ਮੁਦਿਤਾ ਅਤੇ ਉਪੇਖਿਆ ਨੂੰ ਆਪਣੇ ਜੀਵਨ ਵਿਚ ਧਾਰਨ ਕਰਨ ਦੇ ਨਾਲ ਹੀ ਪ੍ਰਾਪਤ ਹੁੰਦੀ ਹੈ।

ਜਦੋਂ ਵਿਅਕਤੀ ਦੇ ਹਿਰਦੇ ਵਿਚ ਇਹ ਚਾਰੇ ਪ੍ਰਵੇਸ਼ ਕਰ ਜਾਂਦੀਆਂ ਹਨ ਤਾਂ ਉਸ ਦਾ ਮੁੱਖ ਗੁਰੂ ਵੱਲ ਹੋ ਜਾਂਦਾ ਹੈ ਅਤੇ ਵਿਕਾਰਾਂ ਵਲ ਉਸਦੀ ਪਿੱਠ ਹੋ ਜਾਂਦੀ ਹੈ। ਇੱਕ ਵਿਦਵਾਨ ਨੇ ਇਸਨੂੰ ਬਹੁਤ ਹੀ ਸੁੰਦਰ ਢੰਗ ਨਾਲ ਕਥਨ ਕੀਤਾ ਹੈ।

**ਮੈਤ੍ਰੀ ਕਰੁਣਾ ਦੋਨੋਂ ਲਖੋ ਮੁਦਿਤਾ ਤੀਜੀ ਜਾਨ।**
**ਚਤੁਰ ਉਪੇਖਯਾ ਜਿਸ ਬਿਧੇ ਸਨਮੁਖ ਸੋ ਪਹਿਚਾਨ।**

ਸੰਤ ਬਾਬਾ ਅਮਰ ਸਿੰਘ ਜੀ ਕਿਰਤੀ ਨੇ ਵੀ ਆਪਣੇ ਜੀਵਨ ਵਿੱਚ ਇਹਨਾਂ ਚਾਰਾਂ ਨੂੰ ਧਾਰਨ ਕੀਤਾ ਅਤੇ ਵਿਕਾਰਾਂ ਨੂੰ ਨਾਸ਼ ਕੀਤਾ। ਆਪ ਜੀ ਆਪਣੇ ਨਾਲ ਰਹਿੰਦੇ ਸਿੰਘਾਂ, ਵਿਦਿਆਰਥੀਆਂ ਅਤੇ ਹੋਰਨਾਂ ਗੁਰਮੁਖਾਂ ਨਾਲ ਹਮੇਸ਼ਾ ਮਿੱਤਰਤਾ ਵਾਲਾ ਭਾਵ ਰੱਖਦੇ ਸਨ। ਆਪ ਜੀ ਨੇ ਹਮੇਸ਼ਾ ਦੂਜਿਆਂ ਦੇ ਪ੍ਰਤੀ ਦਇਆ ਵਾਲਾ ਵਿਵਹਾਰ ਹੀ ਰੱਖਿਆ। ਆਪ ਜੀ ਕਿਸੇ

ਵਿਅਕਤੀ ਦੇ ਗੁਣਾਂ ਨੂੰ ਵੇਖ ਉਸ ਨੂੰ ਹੱਲਾ-ਸ਼ੇਰੀ ਦਿੰਦੇ ਤਾਂ ਕਿ ਉਸ ਵਿਚ ਹੋਰ ਗੁਣਾਂ ਦੀ ਉਤਪਤੀ ਹੋ ਜਾਵੇ। ਆਪ ਜੀ ਆਪਣੇ ਵਿਦਿਆਰਥੀਆਂ ਨਾਲ ਕਰੁਣਾ ਵਾਲਾ ਰਵੱਈਆ ਹੀ ਵਰਤਦੇ ਸਨ। ਜਿਸ ਤਰ੍ਹਾਂ ਦਾ ਵਿਦਿਅਰਥੀ ਹੁੰਦਾ ਉਸ ਨਾਲ ਆਪ ਜੀ ਉਸੇ ਤਰ੍ਹਾਂ ਹੀ ਪੇਸ਼ ਆਉਂਦੇ ਸਨ। ਬਹੁਤ ਲੰਮਾ ਅਰਸਾ ਆਪ ਨੇ ਗੁਰਮਤਿ ਵਿੱਦਿਆ ਅਤੇ ਹੋਰ ਵੀ ਜਿੰਨੀ ਵਿਦਿਆ ਕਿਤੋਂ ਹਾਸਲ ਹੋਈ ਆਪ ਜੀ ਨੇ ਪ੍ਰਾਪਤ ਕੀਤੀ ਸੀ। ਗੁਰਦੁਆਰੇ ਸਾਹਿਬ ਵਿਚ ਗੁਰਮਤਿ ਵਿਦਿਆਲਾ ਅਰੰਭ ਕੀਤਾ ਹੋਇਆ ਸੀ। ਜਿਸ ਪ੍ਰਕਾਰ ਸਿੰਘ ਆਉਂਦੇ ਸਨ। ਉਹਨਾਂ ਦੀਆਂ ਹਰ ਪ੍ਰਕਾਰ ਦੀਆਂ ਔਕੜਾਂ ਨੂੰ ਸਮਝਦੇ ਸਨ। ਆਪ ਜੀ ਵਿੱਦਿਆ ਪ੍ਰਾਪਤੀ ਸਮੇਂ ਔਕੜਾਂ ਨੂੰ ਸਹਾਰ ਕੇ ਆਏ ਸਨ। ਆਪ ਜੀ ਵਿੱਦਿਆਰਥੀਆਂ ਦਾ ਬਹੁਤ ਖਿਆਲ ਰਖਦੇ ਸਨ। ਸਿੰਘਾਂ ਨੂੰ ਧੰਨ ਕਲਗੀਧਰ ਸਾਹਿਬ ਜੀ ਦਾ ਸਰੂਪ ਸਮਝ ਕੇ ਆਪਣੇ ਗੁਣ ਨੂੰ ਸਫਲ ਕਰਨ ਦਾ ਸਾਧਨ ਜਾਣਦੇ ਸਨ। ਸੰਤਾਂ ਦਾ ਵਿਸ਼ਵਾਸ ਸੀ ਕਿ ਮੇਰੇ ਪਾਤਸ਼ਾਹ ਮੇਰੇ ਉਪਰ ਬਹੁਤ ਮਿਹਰਵਾਨ ਹਨ। ਜਿਹਨਾਂ ਨੇ ਮੇਰੀ ਵਿੱਦਿਆ ਦੀ ਸਫਲਤਾ ਲਈ ਮੇਰੇ ਕੋਲ ਇਹ ਸਿੰਘ ਭੇਜੇ ਹਨ। ਇਹ ਪ੍ਰੇਮ ਦਾ ਸਬਕ ਆਪ ਜੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਪਾਸੋਂ ਬਹੁਤ ਹੀ ਭਾਵਨਾ ਅਤੇ ਲਗਨ ਨਾਲ ਸਿੱਖ ਕੇ ਆਏ ਸਨ। ਇਸੇ ਵਾਸਤੇ ਆਪ ਜੀ ਵਿਦਿਆਰਥੀ ਨੂੰ ਪਹਿਲਾਂ ਗਲਤੀ ਦਾ ਅਹਿਸਾਸ ਕਰਵਾਉਂਦੇ ਸਨ; ਫਿਰ ਤਾੜਨਾ ਕਰਦੇ ਸਨ। ਤਾੜਨਾ ਦਾ ਰੂਪ ਵੀ ਬਹੁਤਾਤ ਵਿਚ ਗੁਰੂ ਘਰ ਦੀ ਕੋਈ ਸੇਵਾ ਜਾਂ ਬਾਣੀ ਦੇ ਨਿਤ ਨੇਮ ਦਾ ਅਭਿਆਸ ਰੂਪ ਹੀ ਹੁੰਦਾ ਸੀ। ਇਕ ਵਾਰ ਆਪ ਜੀ ਪਾਸ ਰਹਿਣ ਵਾਲੇ ਸਿੰਘਾਂ ਵਿਚ ਇਕ ਪਿੰਡ ਦੇ ਪਰਿਵਾਰ ਦਾ ਸਿੰਘ ਵੀ ਰਹਿੰਦਾ ਸੀ। ਉਸ ਦੀ ਕਦੇ ਕਦਾਈਂ ਕਿਸੇ ਨਾ ਕਿਸੇ ਸਿੰਘ ਨਾਲ ਤੂੰ-ਤੂੰ, ਮੈਂ-ਮੈਂ ਹੋ ਜਾਂਦੀ ਸੀ। ਸੰਤ ਦੋਨਾਂ ਨੂੰ ਹੀ ਸਮਝਾ ਦਿੰਦੇ ਸਨ। ਉਪਰੰਤ ਕਿਸੇ ਸੇਵਾ ਲਗਾ ਦੇਣਾ। ਬੱਚਿਆਂ ਦਾ ਮਨ ਹੀ ਐਸਾ ਹੁੰਦਾ ਹੈ। ਥੋੜੇ ਸਮੇਂ ਬਾਅਦ ਫਿਰ ਪਹਿਲਾਂ ਵਾਂਗ ਹੀ ਹੋ ਜਾਣਾ। ਇੱਕ ਦਿਨ ਉਸ ਪਿੰਡ ਵਾਲੇ ਸਿੰਘ ਦੇ ਪਿਤਾ ਨੂੰ ਪਤਾ ਲੱਗ ਗਿਆ। ਉਹ ਤਾਂ ਸੁਣਦੇ ਸਾਰ ਹੀ ਸੰਤਾਂ ਪਾਸ ਆਇਆ ਅਤੇ ਆਖਣ ਲੱਗਾ, "ਬਾਬਾ ਜੀ! ਗੁਰਦੁਆਰੇ ਦੇ ਸਿੰਘ ਮੇਰੇ ਪੁੱਤਰ ਨਾਲ ਲੜਦੇ ਹਨ? "ਸੰਤ ਆਖਣ ਲੱਗੇ, ਭਾਈ ਕੋਈ ਗੱਲ ਨਹੀਂ ਅਸੀਂ ਸਮਝਾ ਦੇਵਾਂਗੇ। ਇਹ ਪਿੰਡ ਦਾ ਸੱਜਣ ਆਖਣ ਲੱਗਾ, ਜੀ! ਤੁਸੀਂ ਤਾਂ ਫੱਕਰ ਲੋਕ ਹੋ। ਇਹ ਗੁਰਦੁਆਰੇ ਦੇ ਸਿੰਘ ਤਾਂ ਮੇਰੇ ਬੱਚੇ ਨਾਲ ਬਹੁਤੀ ਈਰਖਾ ਕਰਦੇ ਹਨ। ਸੰਤ ਕਹਿਣ ਲੱਗੇ, "ਜਿਹੜਾ ਈਰਖਾ ਕਰਦਾ ਹੈ ਸਾਨੂੰ ਉਸ ਦਾ ਨਾਮ ਦੱਸ" ਉਹ ਸੱਜਣ ਆਖਣ ਲੱਗਾ, ਕਿਸ ਕਿਸ ਦਾ ਨਾਮ ਲਵਾਂ ਸਾਰੇ ਹੀ ਗੁਰਦੁਆਰੇ ਦੇ ਸਿੰਘ ਇੱਕੋ ਜਿਹੇ ਹੀ ਹਨ। ਸੰਤ ਆਖਣ ਲੱਗੇ ਗੁਰਦੁਆਰੇ ਦੇ ਸਾਰੇ ਸਿੰਘ ਮਾੜੇ ਹੋ ਗਏ ਤੇਰਾ ਮੁੰਡਾ ਹੀ ਦਿਆਨਤਦਾਰ ਹੈ? ਨਾਲ ਹੀ ਸੰਤਾਂ ਨੇ ਕਿਹਾ, "ਤੇਰੇ ਮੁੰਡੇ ਨੂੰ ਗੁਰਦੁਆਰੇ ਸਾਹਿਬ ਵਿਚ ਰਹਿੰਦੇ ਨੂੰ ਕਿੰਨਾ ਚਿਰ ਹੋ ਗਿਆ ਹੈ?" ਕਹਿਣ ਲੱਗਾ ਜੀ! ਤਕਰੀਬਨ ਦੋ ਸਾਲ ਹੋ ਗਏ ਹਨ। ਕਿਰਤੀ ਜੀ ਆਖਣ ਲੱਗੇ ਭਾਈ! ਅਸੀਂ ਤਾਂ ਦੋ ਸਾਲ ਦਾ ਤੈਨੂੰ ਤੇਰੇ ਪੁੱਤਰ ਬਾਬਤ ਕੁਝ ਨਹੀਂ ਕਿਹਾ। ਤੈਨੂੰ ਇਸ ਇੱਕ ਦਾ ਫਿਕਰ ਹੈ। ਸਾਨੂੰ ਇਹਨਾਂ ਸਭ ਦਾ ਫਿਕਰ ਹੈ। ਤੁਸੀਂ ਆਪਣੇ ਘਰ ਦਾ ਕੰਮ ਕਰੋ, ਇਹ ਜਿਹੜੇ ਸਿੰਘ ਅਸਾਡੇ ਪਾਸ ਹਨ। ਉਹ ਸਾਰੇ ਅਸਾਡੇ ਹਨ। ਇਹਨਾਂ ਦੇ ਸੁੱਖ-ਦੁੱਖ ਦੇ ਭਾਈਵਾਲ ਅਸੀਂ ਆਪ ਹਾਂ। ਤੁਹਾਨੂੰ ਕੋਈ ਫਿਕਰ

ਕਰਨ ਦੀ ਲੋੜ ਨਹੀਂ ਹੈ। ਜੇ ਤੁਹਾਨੂੰ ਅਸਾਡੇ ਨਾਲੋਂ ਬਹੁਤਾ ਪਿਆਰ ਕਰਨਾ ਆਉਂਦਾ ਹੈ। ਤਾਂ ਆਪਣੇ ਘਰ ਲੈ ਜਾਓ। ਸਾਡੇ ਲਈ ਇਹ ਸਾਰੇ ਗੁਰੂ ਕੇ ਲਾਡਲੇ ਸਿੰਘ ਹਨ। ਸਾਡੀ ਜਾਨ ਤੋਂ ਵੀ ਵੱਧ ਪਿਆਰੇ ਹਨ। ਜੇ ਔਗੁਣ ਵੇਖਣੇ ਹਨ ਤਾਂ ਅਸੀਂ ਆਪਣੇ ਅੰਦਰ ਵੇਖੀਏ। ਆਪਣਾ ਮਨ ਗੁਰੂ ਚਰਨਾਂ ਨਾਲ ਜੋੜਨ ਲਈ ਯਤਨ ਕਰੀਏ। ਤਾਂ ਕਿ ਅਸਾਨੂੰ ਆਪਣੇ ਅਤੇ ਬਿਗਾਨੇ ਦਾ ਫਰਕ ਪਤਾ ਲੱਗ ਸਕੇ। ਉਹ ਸੱਜਣ ਬਹੁਤ ਸ਼ਰਮਿੰਦਾ ਹੋਇਆ ਅਤੇ ਘਰ ਨੂੰ ਵਾਪਿਸ ਚਲਾ ਗਿਆ।

ਜੋ ਵੀ ਪ੍ਰਮਾਤਮਾ ਦਾ ਪਿਆਰਾ ਹੋ ਜਾਂਦਾ ਹੈ, ਉਹ ਸਭ ਦਾ ਪਿਆਰਾ ਹੋ ਜਾਂਦਾ ਹੈ। ਪ੍ਰਭੂ ਆਪਣੇ ਪਿਆਰੇ ਦੇ ਅੰਦਰ ਬਾਹਰ ਆਪ ਵਰਤਦਾ ਹੈ। ਕਿਉਂਕਿ ਹਰੀ ਦਾ ਪਿਆਰਾ ਆਪਣਾ ਜੀਵਨ ਹੀ ਵਾਹਿਗੁਰੂ ਨੂੰ ਸਮਝਦਾ ਹੈ। ਸਭ ਦੇ ਦੁੱਖਾਂ ਨੂੰ ਵੰਡਾਉਣਾ, ਰੱਬ ਦੀ ਖੁਸ਼ੀ ਸਮਝਦਾ ਹੈ। ਐਸੇ ਪਿਆਰੇ ਦੀ ਉਸਤਤਿ ਕਰਵਾਉਣੀ ਆਪਣੀ ਵਡਿਆਈ ਸਮਝਦਾ ਹੈ।

**ਜੋ ਹਰਿ ਦਾਸਨਿ ਕੀ ਉਸਤਤਿ ਹੈ**
**ਸਾ ਹਰਿ ਕੀ ਵਡਿਆਈ ॥**
**ਹਰਿ ਆਪਣੀ ਵਡਿਆਈ ਭਾਵਦੀ**
**ਜਨ ਕਾ ਜੈਕਾਰ ਕਰਾਈ**
**(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੬੫੨)**

ਪ੍ਰਮਾਤਮਾ ਆਪ ਵਿਚ ਵਰਤਦਾ ਹੈ। ਇੱਕ ਵਾਰ ਸਾਵਣ ਦੇ ਮਹੀਨੇ ਬਹੁਤ ਮੀਂਹ ਪੈ ਰਿਹਾ ਸੀ। ਜਿਸ ਕਰਕੇ ਗੁਰਦੁਆਰੇ ਸਾਹਿਬ ਨੂੰ ਆਉਣ ਵਾਲਾ ਰਸਤਾ ਪਾਣੀ ਨਾਲ ਫੁੱਟ-ਡੇਢ ਫੁੱਟ ਭਰ ਗਿਆ। ਗਿਆਨੀ ਕਰਤਾਰ ਸਿੰਘ ਪਿੰਡ ਨੰਗਲ ਤੋਂ ਕਿਰਤੀ ਜੀ ਦੇ ਪਾਸ ਸੰਥਿਆ ਕਰਨ ਆਉਂਦਾ ਸੀ। ਗਿਆਨੀ ਕਰਤਾਰ ਸਿੰਘ ਨੇ ਪਿੰਡੋਂ ਤੁਰਨ ਲੱਗਿਆਂ ਮਨ ਵਿਚ ਫੁਰਨਾਂ ਕੀਤਾ ਕਿ ਜੇ ਅੱਜ ਸੰਤ ਵਾਟਰ ਬਾਕਸ ਕੋਲ ਆ ਕੇ ਸੰਥਿਆ ਕਰਵਾ ਦੇਣ ਤਾਂ ਪਾਣੀ ਵਿੱਚ ਜਾਣ ਤੋਂ ਬਚਾ ਹੋ ਜਾਵੇਗਾ। ਉਧਰ ਸੰਤਾਂ ਦੇ ਮਨ ਵਿਚ ਸੰਕਲਪ ਹੋਇਆ ਕਿ ਸੜਕ ਉਪਰ ਪਾਣੀ ਵੇਖ ਆਈਏ। ਜੇ ਕਰਤਾਰ ਸਿੰਘ ਆ ਗਿਆ ਤਾਂ ਬਾਹਰ ਹੀ ਉਸ ਦੀ ਸੰਥਿਆ ਕਰਵਾ ਦੇਵਾਂਗੇ। ਸੰਤ ਹੱਥ ਵਿੱਚ ਸੋਟੀ ਪਕੜ ਕੇ ਬਾਹਰ ਵਾਟਰ ਬਾਕਸ ਉਪਰ ਪਹੁੰਚ ਗਏ। ਉਦੋਂ ਤੱਕ ਗਿਆਨੀ ਕਰਤਾਰ ਸਿੰਘ ਵੀ ਮੇਨ ਸੜਕ ਤੇ ਸੰਤਾਂ ਦੀ ਨਜ਼ਰ ਪਿਆ। ਸੰਤ ਖੂਹ ਦੀ ਮੌਣ ਉਪਰ ਬੈਠੇ ਸਨ। ਆਪ ਨੇ ਅਵਾਜ ਮਾਰੀ, ਗਿਆਨੀ ਜੀ! ਆਉ ਅੱਜ ਇਥੇ ਹੀ ਸੰਥਿਆ ਕਰ ਲਈਏ, ਤੁਸੀਂ ਕਿੱਥੇ ਪਾਣੀ ਵਿਚ ਜਾਵੋਗੇ। ਗਿਆਨੀ ਕਰਤਾਰ ਸਿੰਘ ਬਹੁਤ ਖੁਸ਼ ਹੋਇਆ।

ਦੁਨੀਆਂ ਦਾ ਇਕ ਵਿਹਾਰ ਹੈ, ਇਹ ਹਰ ਇਕ ਕਰਮ ਦਾ ਫਲ ਹੱਥ ਉਪਰ ਆਂਵਲੇ ਵਾਂਗ ਵੇਖਣਾ ਚਾਹੁੰਦੇ ਹਨ। ਕੁਝ ਕਰਮ ਹੁੰਦੇ ਹਨ ਜਿਨਾਂ ਦਾ ਫਲ ਉਸੇ ਵੇਲੇ ਹਾਸਲ ਹੋ ਜਾਂਦਾ ਹੈ। ਜਿਵੇਂ ਅੱਗ ਵਿਚ ਰੱਖਿਆ ਹੱਥ ਉਸੇ ਵੇਲੇ ਸੜ ਜਾਵੇਗਾ, ਬਰਫ ਉਪਰ ਰੱਖਿਆ ਹੱਥ ਇੱਕ ਦਮ ਠੰਡਾ ਹੋ ਜਾਵੇਗਾ। ਕੁਝ ਕਰਮਾਂ ਦਾ ਫਲ਼ ਥੋੜੀ ਦੇਰ ਬਾਅਦ ਪ੍ਰਾਪਤ ਹੁੰਦਾ ਹੈ। ਜਿਵੇਂ ਦਿਹਾੜੀ ਕਰਨ ਵਾਲੇ ਨੂੰ ਸ਼ਾਮ ਨੂੰ ਮਜਦੂਰੀ ਮਿਲ ਜਾਂਦੀ ਹੈ। ਕੁਝ ਕਰਮਾਂ ਦਾ ਫਲ ਕੁਝ ਵਧ ਦੇਰੀ ਨਾਲ

ਮਿਲਦਾ ਹੈ। ਜਿਸ ਪ੍ਰਕਾਰ ਨੌਕਰੀ ਕਰਨ ਵਾਲੇ ਨੂੰ ਮਹੀਨੇ ਬਾਅਦ ਤਨਖਾਹ ਮਿਲਦੀ ਹੈ। ਇਉਂ ਜਿਸ ਪ੍ਰਕਾਰ ਦਾ ਕਰਮ ਦਾ ਸਮਾਂ ਹੈ; ਉਸੇ ਪ੍ਰਕਾਰ ਫਲ ਦੀ ਪ੍ਰਾਪਤੀ ਹੁੰਦੀ ਹੈ। ਪਰ ਕੁਝ ਕਰਮ ਇਸ ਪ੍ਰਕਾਰ ਹੁੰਦੇ ਹਨ, ਜਿਨਾਂ ਦੇ ਫਲ ਦੀ ਆਸ ਕਿਸੇ ਰਹਿਮਤ ਤੇ ਹੁੰਦੀ ਹੈ। ਜਿਸ ਪ੍ਰਕਾਰ ਜਿਮੀਂਦਾਰ ਖੇਤੀ ਬੀਜਦਾ ਹੈ। ਫਲ ਦੀ ਆਸ ਰੱਬ ਤੇ ਹੁੰਦੀ ਹੈ। ਜੇ ਪੱਕੀ ਫਸਲ ਵੇਲੇ ਦਸ ਦਿਨ ਮੀਂਹ ਪੈ ਜਾਵੇ ਫਸਲ ਤਬਾਹ ਹੋ ਜਾਂਦੀ ਹੈ। ਜੇ ਮੀਂਹ ਫਸਲ ਦੇ ਵੱਧਣ ਫੁੱਲਣ ਦੇ ਸਮੇਂ ਪੈ ਜਾਵੇ ਤਾਂ ਫਸਲ ਦੁੱਗਣੀ ਹੋ ਜਾਂਦੀ ਹੈ। ਇਸੇ ਤੋਂ ਵੀ ਅਗਾਂਹ ਅਧਿਆਤਮਕ ਸਫਰ ਵਿਚ ਤਾਂ ਸਾਰੀ ਆਸ ਹੀ ਇੱਕ ਆਪਣੇ ਮਾਲਕ ਪ੍ਰਭੂ ਤੇ ਰੱਖਣੀ ਪੈਂਦੀ ਹੈ।

**ਆਸਾ ਸਭੇ ਲਾਹਿ ਕੈ ਇਕਾ ਆਸ ਕਮਾਉ ॥**

**(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੪੩)**

ਪਾਤਸ਼ਾਹ ਜੀ ਆਖਦੇ ਹਨ ਕਿ ਐ ਇਨਸਾਨ! ਬਾਕੀ ਇੱਛਾਵਾਂ ਦੂਰ ਕਰ ਦੇ ਕੇਵਲ ਇੱਕ ਦੀ ਹੀ ਆਸ ਰੱਖ। ਜਿਸ ਪ੍ਰਮਾਤਮਾ ਦਾ ਬਿਰਦ ਹੈ; ਜਿਹੜਾ ਸਰਣਿ ਵਿਚ ਆ ਜਾਵੇ ਉਸ ਦੀ ਪ੍ਰਤਿਪਾਲਣਾ ਕਰਦਾ ਹੈ। ਉਸ ਦੀ ਮਨ ਬਾਣੀ ਕਰਕੇ ਸਰਣਿ ਗ੍ਰਹਿਣ ਕਰਨ ਦੀ ਲੋੜ ਹੈ। ਸੰਸਾਰੀ ਲੋਕ ਤਾਂ ਕੇਵਲ ਆਪਣੀਆਂ ਸੰਸਾਰਿਕ ਮਜਬੂਰੀਆਂ ਨੂੰ ਵੇਖ ਕੇ ਹੀ ਨੇੜੇ ਆਉਂਦੇ ਹਨ। ਧੰਨ ਗੁਰੂ ਅੰਗਦ ਦੇਵ ਪਾਤਸ਼ਾਹ ਜੀ ਦੇ ਵੇਲੇ ਖਡੂਰ ਸਾਹਿਬ ਵਿਖੇ ਹੀ ਇੱਕ ਤਪਾ ਵਸਦਾ ਸੀ। ਜਿਸ ਕੋਲ ਪਿੰਡ ਦੇ ਲੋਕ ਆਪਣੀਆਂ ਛੋਟੀਆਂ-੨ ਲੋੜਾਂ ਨੂੰ ਪੂਰੀਆਂ ਕਰਨ ਲਈ ਜਾਂਦੇ ਸਨ। ਸਾਵਣ ਦੇ ਮਹੀਨੇ ਮੀਂਹ ਲੇਟ ਹੋ ਜਾਵੇ। ਤਾਂ ਮੀਂਹ ਵਾਸਤੇ ਜਾ ਆਖਣਾ। ਇਕ ਵਾਰ ਖਡੂਰ ਸਾਹਿਬ ਵਿਖੇ ਮੀਂਹ ਨਾ ਪਿਆ। ਪਿੰਡ ਦੇ ਲੋਕ ਤਪੇ ਪਾਸ ਗਏ। ਉਹ ਪਹਿਲਾਂ ਹੀ ਸਤਿਗੁਰੂ ਅੰਗਦ ਦੇਵ ਜੀ ਨਾਲ ਖਾਰ ਖਾਂਦਾ ਸੀ। ਤਪਾ ਆਖਣ ਲੱਗਾ, "ਤੁਹਾਡੇ ਪਿੰਡ ਮੀਂਹ ਕਿਦਾਂ ਆ ਸਕਦਾ ਹੈ? ਜਿੱਥੇ ਇਕ ਗ੍ਰਹਿਸਤੀ ਆਪਣੀ ਪੂਜਾ ਕਰਵਾਂਉਦਾ ਹੈ" ਕਾਫੀ ਮੰਦਾ ਚੰਗਾ ਬੋਲਣ ਤੋਂ ਬਾਅਦ ਆਖਣ ਲੱਗਾ ਕਿ ਤੁਸੀਂ ਉਹਨਾਂ ਪਾਸ ਜਾ ਕੇ ਮੀਂਹ ਪਵਾਉ। ਜੇ ਮੀਂਹ ਉਹ ਨਹੀਂ ਬਰਸਾ ਸਕਦੇ ਤਾਂ ਉਹਨਾਂ ਨੂੰ ਪਿੰਡ ਵਿੱਚੋਂ ਤੋਰ ਦੇਵੋ; ਜਿੰਨਾਂ ਚਿਰ ਉਹ ਨਹੀਂ ਜਾਂਦੇ ਉਤਨਾਂ ਚਿਰ ਮੀਂਹ ਨਹੀਂ ਪਵੇਗਾ। ਪਿੰਡ ਦੇ ਜਿਮੀਂਦਾਰ ਧੰਨ ਗੁਰੂ ਅੰਗਦ ਦੇਵ ਜੀ ਦੇ ਪਾਸ ਆਏ ਅਤੇ ਆਖਣ ਲੱਗੇ ਕਿ ਅਸਾਡੇ ਪਿੰਡ ਵਿਚ ਮੀਂਹ ਬਰਸਾ ਦੇਵੋ ਨਹੀਂ ਤੁਸੀਂ ਕਿਤੇ ਹੋਰ ਜਾ ਕੇ ਵਸ ਜਾਉ। ਤੁਹਾਡੇ ਕਰਕੇ ਸਾਡੇ ਪਿੰਡ ਵਿਚ ਮੀਂਹ ਨਹੀਂ ਬਰਸ ਰਿਹਾ ਹੈ। ਖਿਮਾ-ਨਿਧਾਨ ਨਿਰੰਕਾਰੀ ਜੋਤ ਸਤਿਗੁਰੂ ਅੰਗਦ ਦੇਵ ਜੀ ਉਥੋਂ ਚੱਲ ਕੇ ਖਾਨ ਰਜਾਦੇ ਵਾਲੀ ਥਾਂ ਉਪਰ ਆ ਗਏ। ਸਾਰੇ ਖਹਿਰੇ ਤਪਾ ਕੋਲ ਗਏ ਅਤੇ ਤਪਾ ਬਹੁਤ ਮੰਤਰ ਜੰਤਰ ਕਰਨ ਲਗਾ। ਅਖੀਰ ਸਭ ਕੁਝ ਕਰ ਕੇ ਥੱਕ ਹਾਰ ਗਿਆ। ਮੀਂਹ ਦੀ ਇੱਕ ਛਿੱਟ ਵੀ ਨਾ ਬਰਸੀ। ਉਧਰੋਂ ਧੰਨ ਗੁਰੂ ਅੰਗਦ ਦੇਵ ਜੀ ਦੀ ਹਜ਼ੂਰੀ ਵਿੱਚ ਸੇਵਾ ਦੇ ਮਹਾਨ ਪੁੰਜ, ਸਰਬ ਗਿਆਨ ਨਿਧਾਨ, ਰਿਧੀਆਂ ਸਿਧੀਆਂ ਦੀਆਂ ਦਾਤਾਂ ਪ੍ਰਾਪਤ ਕਰਨ ਵਾਲੇ ਤੀਜੇ ਗੁਰੂ ਨਾਨਕ ਸਰੂਪ ਸੁਸ਼ੋਭਾਇਮਾਨ ਹੋਣ ਵਾਲੇ ਅਮਰ ਦਾਸ ਜੀ ਆ ਗਏ। ਤਪੇ ਦੀ ਖੋਟੀ ਚਾਲ ਬਾਬਤ ਪਤਾ ਲੱਗਾ। ਆਪ ਨੇ ਆਪਣੇ ਅੰਦਰ ਵੀਚਾਰ ਕੀਤੀ ਕਿ ਜੇ ਇਸ ਦੁਸਟ ਦੀ ਦੁਸ਼ਟਤਾਈ ਦਾ ਪਾਜ ਨਾ ਖੋਲ੍ਹਿਆ ਗਿਆ ਤਾਂ ਇਹ ਗੁਰੂ ਨਾਨਕ ਸਾਹਿਬ ਜੀ ਦੀਆਂ ਸਿੱਖਿਆਵਾਂ ਨੂੰ ਬਹੁਤ

ਵੱਡਾ ਧੱਬਾ ਲਾਵੇਗਾ। ਆਪ ਨੇ ਪਿੰਡ ਦੇ ਖਹਿਰਿਆ ਨੂੰ ਪੁੱਛਿਆ ਕਿ ਤੁਹਾਡੇ ਤਪੇ ਨੇ ਹੁਣ ਮੀਂਹ ਬਰਸਾ ਲਿਆ? ਉਹਨਾਂ ਨੇ ਨਿੰਮੋਝੂਣੇ ਹੋ ਕੇ ਨਾਂਹ ਵਿਚ ਜਵਾਬ ਦਿੱਤਾ। ਬਾਬਾ ਅਮਰ ਦਾਸ ਜੀ ਬਹੁਤ ਹੀ ਵਿਸਮਾਦਤਾ ਵਿਚ ਪੁਹੰਚ ਕੇ ਆਖਣ ਲੱਗੇ ਕਿ ਹੁਣ ਤਾਂ ਦਿਨ ਵੀ ਛੁਪ ਚਲਿਆ ਹੈ। ਤੁਹਾਡੇ ਵਿੱਚੋਂ ਜਿਹੜਾ ਤਪੇ ਨੂੰ ਆਪਣੇ ਖੇਤਾਂ ਵਿਚ ਲੈ ਜਾਵੇਗਾ। ਉਸ ਦੇ ਖੇਤਾਂ ਵਿਚ ਵਰਖਾ ਹੋ ਜਾਵੇਗੀ। ਸਾਰੇ ਜੱਟਾਂ ਦੇ ਚਿਹਰੇ ਤੇ ਥੋੜ੍ਹੀ ਜਿਹੀ ਰੌਣਕ ਪਰਤੀ। ਸਾਰੇ ਤਪੇ ਦੇ ਪਾਸ ਛੇਤੀ ਨਾਲ ਪੁਹੰਚ ਗਏ। ਤਪੇ ਨੂੰ ਅਪਣੇ ਖੇਤਾਂ ਵੱਲ ਲੈ ਕੇ ਜਾਣ ਲਈ ਆਖਣ ਲੱਗੇ। ਤਪਾ ਕੁਝ ਕੁ ਗੁੱਸਾ ਕਰਕੇ ਉਹਨਾਂ ਨੂੰ ਹਟਾਉਣ ਦੀ ਕੋਸ਼ਿਸ਼ ਕਰੇ। ਜਦੋਂ ਉਹਨਾਂ ਨੇ ਥੋੜ੍ਹੇ ਜਿਹੇ ਜ਼ੋਰ ਨਾਲ ਤਪੇ ਨੂੰ ਉਸ ਦੇ ਘਰ ਤੋਂ ਬਾਹਰ ਕੱਢਿਆ। ਉਸੇ ਵੇਲੇ ਅਕਾਸ਼ ਵਿਚ ਬੱਦਲ ਨਜ਼ਰ ਆਉਣੇ ਸ਼ੁਰੂ ਹੋ ਗਏ। ਬੱਸ! ਫਿਰ ਤਾਂ ਜੱਟਾਂ ਨੂੰ ਹੱਥਾਂ ਪੈਰਾਂ ਦੀਆਂ ਪੈ ਗਈਆਂ। ਸਭ ਛੇਤੀ ਨਾਲ ਆਪੋ ਆਪਣੇ ਖੇਤਾਂ ਵੱਲ ਨੂੰ ਖਿੱਚੋਤਾਣ ਕਰਨ ਲੱਗੇ। ਜਿਥੇ-੨ ਉਸ ਦੇ ਸਰੀਰ ਦੇ ਅੰਗ ਗਏ ਉਥੇ-੨ ਹੀ ਮੀਂਹ ਵਰਸ ਗਿਆ। ਇਹ ਪ੍ਰਮਾਤਮਾ ਆਪ ਕੋਈ ਨਾ ਕੋਈ ਖੇਡ ਆਪਣੇ ਪਿਆਰਿਆਂ ਤੋਂ ਵਰਤਾ ਦਿੰਦਾ ਹੈ। ਜਿਸ ਨਾਲ ਸੱਚ ਦੀ ਹੋਂਦ ਬਰਕਰਾਰ ਰਹਿੰਦੀ ਹੈ। ਫਿਰ ਉਹੀ ਖਹਿਰੇ ਜੱਟ ਧੰਨ ਗੁਰੂ ਅੰਗਦ ਦੇਵ ਜੀ ਨੂੰ ਵਾਪਸ ਬੇਨਤੀਆਂ ਕਰਕੇ ਲਿਆਏ ਸਨ। ਇਉਂ ਹੀ ਫੱਤਾ ਮਾਲੋ ਕੇ ਦੇ ਨੇੜਲੇ ਇਲਾਕੇ ਵਿੱਚ ਵੀ ਜੰਤਰ ਮੰਤਰਾਂ ਵਾਲਾ ਰਹਿੰਦਾ ਸੀ। ਸੰਤ ਬਾਬਾ ਅਮਰ ਸਿੰਘ ਜੀ ਦਾ ਸੁਭਾਅ ਸੀ ਕਿ ਉਹ ਹਮੇਸ਼ਾਂ ਵਾਸਤੇ ਧੰਨ ਗੁਰੂ ਗ੍ਰੰਥ ਸਾਹਿਬ ਨਾਲ ਜੋੜਣ ਲਈ ਪ੍ਰੇਰਦੇ ਸਨ। ਸੰਸਾਰ ਦੇ ਪਦਾਰਥਾਂ ਦੀਆਂ ਲੋੜਾਂ ਪੂਰੀਆਂ ਕਰਨ ਵਾਲੇ ਨੂੰ ਇਹ ਕਦੋਂ ਚੰਗੇ ਲੱਗਣੇ ਸਨ। ਉਹਨਾਂ ਨੇ ਕੁਝ ਨੂੰ ਇਕੱਠਿਆਂ ਕਰਕੇ ਕਿਰਤੀ ਜੀ ਪਾਸ ਭੇਜ ਦਿੱਤਾ। ਉਸ ਪਿੰਡ ਵਿਚੋਂ ੪-੫ ਸਿੰਘ ਸੰਤਾਂ ਕੋਲ ਆਏ ਅਤੇ ਕਹਿਣ ਲੱਗੇ ਕਿ ਸਾਡੇ ਨਗਰ ਵਿੱਚ ਅਖੰਡ ਪਾਠ ਸਾਹਿਬ ਕਰਨਾ ਹੈ, ਤਾਂ ਸੰਤ ਕਹਿਣ ਲੱਗੇ ਕਿ ਭਾਈ ਕਰ ਦੇਵਾਂਗੇ। ਬਾਅਦ ਵਿੱਚ ਉਹ ਸਿੰਘ ਕਹਿਣ ਲੱਗੇ ਕਿ ਸਾਡੇ ਪਿੰਡ ਵਿੱਚ ਭੂਤ-ਪ੍ਰੇਤ ਬਹੁਤ ਰਹਿੰਦੇ ਹਨ, ਤੁਸੀਂ ਜ਼ਿੰਮੇਵਾਰੀ ਲਵੋ ਕਿ ਅਖੰਡ ਪਾਠ ਸਾਹਿਬ ਕਰਕੇ ਭੂਤ ਪ੍ਰੇਤ ਭਜਾ ਦੇਵਾਂਗੇ। ਇਹ ਸੁਣ ਕੇ ਸੰਤ ਕਹਿਣ ਲੱਗੇ ਕਿ ਭਾਈ! ਜਿਸ ਨੇ ਤੁਹਾਨੂੰ ਭੇਜਿਆ ਹੈ, ਉਸੇ ਨੂੰ ਕਹਿ ਦਿਓ ਕਿ ਉਹ ਹੀ ਅਖੰਡ ਪਾਠ ਕਰਕੇ ਭੂਤ ਪ੍ਰੇਤ ਕੱਢ ਦੇਵੇ। ਸੰਤਾਂ ਦੇ ਮੁੱਖ ਤੋਂ ਇਹ ਬਚਨ ਸੁਣ ਕੇ ਉਹ ਬੜੇ ਹੈਰਾਨ ਹੋਏ ਤੇ ਕਹਿਣ ਲੱਗੇ ਕਿ ਬਾਬਾ ਜੀ! ਤੁਹਾਨੂੰ ਕਿਸ ਨੇ ਦੱਸਿਆ ਹੈ? ਸੰਤ ਚੁੱਪ ਕਰ ਗਏ। ਇਹ ਚਾਰੇ ਪੰਜੇ ਕਾਫੀ ਡਰ ਗਏ ਕਿ ਸੰਤਾਂ ਨੂੰ ਸਭ ਕੁਝ ਪਤਾ ਹੈ। ਕਿਰਤੀ ਜੀ ਨੇ ਕੁਝ ਸਮਾਂ ਸਮਾਨ ਰੂਪ ਵਿਚ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਮਹਾਨਤਾ ਅਤੇ ਮੰਤ੍ਰਾਂ ਜੰਤਾਂ ਨਾਲ ਨਾਟਕ ਚੇਟਕ ਰਾਹੀਂ ਸੰਸਾਰੀ ਲੋੜਾਂ ਦੀ ਪੂਰਤੀ ਦਾ ਢੰਗ ਪਖੰਡ ਦਾ ਰੂਪ ਵਿਖਾ ਕੇ ਇਹਨਾਂ ਨੂੰ ਵਾਪਸ ਭੇਜ ਦਿੱਤਾ।

ਪ੍ਰਭੂ ਪਿਆਰੇ ਸੰਤ ਦਾ ਇਕ ਵਿਸ਼ੇਸ ਢੰਗ ਹੁੰਦਾ ਹੈ। ਉਹ ਹਮੇਸ਼ਾਂ ਆਪਣੇ ਆਪ ਨੂੰ ਨਿਮਾਣਾ ਬਣਾ ਕੇ ਹਰ ਇਕ ਲਈ ਐਸੀ ਯੁਕਤੀ ਦਾ ਵਸੀਲਾ ਬਣਦਾ ਹੈ। ਜਿਸ ਕਾਰਣ ਆਉਣ ਵਾਲੇ ਦੀ ਜਿੰਦਗੀ ਬਦਲ ਜਾਂਦੀ ਹੈ। ਹਰ ਇਕ ਇਨਸਾਨ ਦੀ ਕਿਸੇ ਵੀ ਸਥਾਨ ਪ੍ਰਤੀ ਆਪਣੀ ਆਪਣੀ ਸੋਚ ਹੁੰਦੀ ਹੈ। ਕੋਈ ਧਾਰਮਿਕ ਅਸਥਾਨ ਨੂੰ ਜ਼ਿੰਦਗੀ ਸਵਾਰਨ ਲਈ ਪ੍ਰਮਾਰਥਕ ਸਕੂਲ ਸਮਝਦਾ

ਹੈ। ਕੋਈ ਖਾਣ ਪੀਣ ਲਈ ਵਧੀਆ ਪਦਾਰਥਾਂ ਦੀ ਥਾਂ, ਕੋਈ ਆਪਣੀਆਂ ਮਾੜੀਆਂ ਚੰਗੀਆਂ ਗਤੀਵਿਧੀਆਂ ਲਈ ਆਪਣੇ ਜਾਣ ਪਛਾਣ ਵਾਲਿਆਂ ਤੋਂ ਦੂਰ ਦੀ ਥਾਂ; ਗੱਲ ਕੀ ਹਰ ਇਕ ਦੀ ਆਪਣੀ-ਆਪਣੀ ਸੋਚ ਤੇ ਨਿਰਭਰ ਹੈ। ਇਸੇ ਪ੍ਰਕਾਰ ਇੱਕ ਦਿਨ ਗੁਰੂ ਘਰ ਵਿੱਚ ਸ਼ਾਮ ਨੂੰ ਚਾਰ-ਪੰਜ ਵਣਜਾਰੇ ਰਾਤ ਰਹਿਣ ਦੇ ਲਈ ਆਏ। ਇਹਨਾਂ ਨੇ ਗੁਰਦੁਆਰਾ ਸਾਹਿਬ ਦੀ ਅਧਿਆਤਮਕ ਮਹਾਨਤਾ ਨੂੰ ਨਾ ਸਮਝਦੇ ਹੋਏ ਕੇਵਲ ਰਾਤ ਕੱਟਣ ਲਈ ਸਰਾਂ ਸਮਾਨ ਸਮਝ ਲਿਆ ਸੀ। ਇਨ੍ਹਾਂ ਦੇ ਲਈ ਤਾਂ ਗੁਰਦੁਆਰਾ ਸਾਹਿਬ ਵਿੱਚ ਖਾਣ-ਪੀਣ ਅਤੇ ਬਿਸਤਰੇ ਆਦਿਕ ਦਾ ਚੰਗਾ ਪ੍ਰਬੰਧ ਹੋਣ ਕਰਕੇ ਇਹ ਰਾਤ ਕੱਟਣ ਲਈ ਵਧੀਆ ਅਸਥਾਨ ਸੀ। ਇਨ੍ਹਾਂ ਨੇ ਮੰਜੇ ਚੁੱਕ ਕੇ ਦਰਬਾਰ ਸਾਹਿਬ ਦੇ ਪਿਛਲੇ ਪਾਸੇ ਵਿਹਲੀ ਪਈ ਥਾਂ 'ਤੇ ਆਸਣ ਲਾ ਲਏ। ਸੰਤਾਂ ਨੇ ਭਾਈ ਕੌਰ ਸਿੰਘ ਨੂੰ ਕਿਹਾ ਕਿ ਭਾਈ! ਜਿਹੜੇ ਯਾਤਰੂ ਆਏ ਹੋਏ ਹਨ, ਉਨ੍ਹਾਂ ਨੂੰ ਬੁਲਾ ਕੇ ਲਿਆ, ਤਾਂ ਕਿ ਲੰਗਰ ਵਿੱਚ ਆ ਕੇ ਪ੍ਰਸ਼ਾਦਾ ਛਕ ਲੈਣ। ਭਾਈ ਕੌਰ ਸਿੰਘ ਨੇ ਉਨ੍ਹਾਂ ਨੂੰ ਜਾ ਕੇ ਪ੍ਰਸ਼ਾਦਾ ਛਕਣ ਲਈ ਕਿਹਾ। ਉਨ੍ਹਾਂ ਵਿੱਚੋਂ ਇੱਕ ਆ ਕੇ ਕਹਿਣ ਲੱਗਾ ਕਿ ਸਾਨੂੰ ਪ੍ਰਸ਼ਾਦੇ ਦੇ ਦਿਓ ਅਸੀਂ ਉਥੇ ਹੀ ਛਕ ਲਵਾਂਗੇ। ਉਹ ਪ੍ਰਸ਼ਾਦੇ ਲੈ ਕੇ ਚਲਾ ਗਿਆ। ਬਾਅਦ ਵਿੱਚ ਤਕਰੀਬਨ ਰਾਤ ਦੇ ਨੌਂ ਕੁ ਵਜੇ, ਉਨ੍ਹਾਂ ਵਿੱਚ ਕਾਫ਼ੀ ਹਫੜਾ-ਦਫੜੀ ਮੱਚ ਗਈ। ਉਹ ਉੱਚੀ-ਉੱਚੀ ਚੀਕਾਂ ਮਾਰਨ ਲੱਗ ਪਏ। ਸੰਤਾਂ ਕੋਲ ਆ ਕੇ ਬੇਨਤੀਆਂ ਕਰਨ ਲੱਗ ਪਏ ਕਿ ਮਹਾਰਾਜ ਸਾਨੂੰ ਬਚਾ ਲਉ। ਸਾਡੇ 'ਤੇ ਮਾਰ ਪੈ ਰਹੀ ਹੈ। ਸੰਤ ਪੁੱਛਣ ਲੱਗੇ, "ਤੁਹਾਨੂੰ ਕੀ ਹੋਇਆ ਹੈ ?" ਇਤਨੇ ਨੂੰ ਸਾਰੇ ਸਿੰਘ ਇਕੱਠੇ ਹੋ ਗਏ। ਵਣਜਾਰਿਆਂ ਨੇ ਸਾਰੀ ਸੱਚੀ ਗੱਲ ਦੱਸ ਦਿੱਤੀ ਕਿ ਸੰਤ ਜੀ, ਅਸੀਂ ਗੁਰੂ ਘਰ ਵਿੱਚ ਮਾਸ ਰਿੰਨ੍ਹਿਆ ਹੈ ਅਤੇ ਹੁਣ ਪ੍ਰਸ਼ਾਦਾ ਛਕਣ ਲੱਗੇ ਸੀ ਕਿ ਸਾਨੂੰ ਮਾਰ ਪੈਣ ਲੱਗ ਪਈ। ਸਾਡੀ ਰੱਖਿਆ ਕਰੋ। ਤਾਂ ਸੰਤ ਕਹਿਣ ਲੱਗੇ ਕਿ ਗੁਰੂ ਘਰ ਵਿੱਚ ਅਜਿਹੇ ਕੁਕਰਮ ਨਹੀਂ ਕਰਨੇ ਚਾਹੀਦੇ। ਹੁਣ ਇਸ ਨੂੰ ਬਾਹਰ ਸੁੱਟ ਆਓ। ਇਸ਼ਨਾਨ ਕਰਕੇ ਲੰਗਰ ਵਿੱਚ ਬੈਠ ਕੇ ਪ੍ਰਸ਼ਾਦਾ ਛਕੋ, ਪ੍ਰਸ਼ਾਦਾ ਛਕਣ ਉਪਰੰਤ ਵਾਹਿਗੁਰੂ ਵਾਹਿਗੁਰੂ ਆਖਦੇ ਹੋਏ ਇੱਥੇ ਹੀ ਸੌਂ ਜਾਇਓ। ਮਹਾਂਪੁਰਖਾਂ ਨੇ ਉਹਨਾਂ ਨੂੰ ਕਿਹਾ, "ਅੱਗੇ ਤੋਂ ਵੀ ਜੇ ਇਹੋ ਜਿਹੇ ਮਾੜੇ ਕਾਰਨਾਮੇ ਕਰੋਗੇ ਤਾਂ ਸ਼ਹੀਦ ਸਿੰਘਾਂ ਦੀ ਮਾਰ ਫੇਰ ਪਵੇਗੀ", ਜਿਥੇ ਧੰਨ ਗੁਰੂ ਗ੍ਰੰਥ ਸਾਹਿਬ ਜੀ ਸੁਭਾਇਮਾਨ ਹੋਣ ਉਥੇ ਸ਼ਹੀਦ ਸਿੰਘਾਂ ਦਾ ਪਹਿਰਾ ਹੁੰਦਾ ਹੈ। ਇਸ ਲਈ ਫੇਰ ਕਦੇ ਇਸ ਪ੍ਰਕਾਰ ਦੀ ਭੈੜੀ ਸੋਚ ਨਹੀਂ ਰੱਖਣੀ। ਉਹਨਾਂ ਵਣਜਾਰਿਆਂ ਨੇ ਬਹੁਤ ਹੀ ਅਧੀਨਗੀ ਨਾਲ ਮਾਫ਼ੀ ਮੰਗੀ ਅਤੇ ਫੇਰ ਕਦੇ ਵੀ ਇਸ ਪ੍ਰਕਾਰ ਗੁਰੂ ਘਰ ਦੀ ਬੇਅਦਬੀ ਨਾ ਕਰਨ ਦਾ ਬਚਨ ਕੀਤਾ।

ਪ੍ਰਭੂ ਦੀ ਬੰਦਗੀ ਕਰਨ ਵਾਲੇ ਨੂੰ ਹਰ ਗੱਲ ਦਾ ਗਿਆਨ ਇਸ ਪ੍ਰਕਾਰ ਹੁੰਦਾ ਹੈ। ਜਿਸ ਪ੍ਰਕਾਰ ਹੱਥ ਉਪੱਰ ਆਵਲਾਂ ਹੁੰਦਾ ਹੈ। ਐਸੇ ਸੰਤ 'ਆਪਣੇ ਪਾਸ ਆਉਣ ਵਾਲੇ' ਦਾ ਪੰਗਤ ਅਤੇ ਸੰਗਤ ਦੇ ਢੰਗ ਨਾਲ ਗੁਰੂ ਕੀ ਅਸ਼ੀਸ ਦਾ ਅਧਿਕਾਰੀ ਬਣਾ ਕੇ ਬਚਾ ਕਰਵਾ ਦਿੰਦੇ ਹਨ। ਨਾਲ ਹੀ ਗੁਰੂ ਕੀ ਪੰਗਤ ਅਤੇ ਸੰਗਤ ਦੀ ਮਹਾਨਤਾ ਵਿਖਾ ਦਿੰਦੇ ਹਨ। ਜ਼ਿੰਦਗੀ ਵਿਚ ਹਮੇਸ਼ਾ ਲਈ ਧਰਮ ਹੀ ਇਕ ਐਸਾ ਵਿਧਾਨ ਹੈ। ਜਿਹੜਾ ਜੀਵਨ ਨੂੰ ਸੌਖਾ ਬਣਾ ਦਿੰਦਾ ਹੈ। ਇਸੇ ਲਈ ਸਾਰੁਕੁਤਾਵਲੀ ਦੇ ਕਰਤਾ ਨੇ ਬਹੁਤ ਸੁੰਦਰ ਕਿਹਾ ਹੈ।

ਧਰਮ ਸਰਬ ਸੁਖ ਖਾਨ ਜਾਨ
ਸਭ ਕੋ ਹਿਤਕਾਰੀ॥
ਧਰਮ ਧਰੇ ਬੁਧਿਮਾਨ
ਨਿਰੰਤਰ ਚੀਤ ਮਝਾਰੀ॥
ਧਰਮ ਸਾਂਤਿ ਸੁਖ ਹੇਤ
ਨਿਖਲ ਕਿਲ ਕਿਲਵਿਖ ਖੋਵਤ॥
ਦਸ ਅਸਟ ਨਰਕ ਕੁਸ਼ਟਨ ਵਿਖੈ
ਧਰਮ ਵਿਮੁਖ ਨਰ ਨੀਤ ਗਮ॥
ਹੈ ਧਰਮ ਸਾਰ ਸੰਸਾਰ ਮੈਂ
ਤਾਂ ਤੇ ਧਰਮ ਨਮਾਮਿ ਮਮ॥੭॥

ਧਰਮ ਸਾਰੇ ਸੁੱਖਾਂ ਦੀ ਖਾਣ (ਭੰਡਾਰ) ਹੈ। ਸਭ ਦਾ ਕਲਿਆਣਕਾਰੀ ਹੈ। ਅਕਲ ਵਾਲਾ ਮਨੁੱਖ ਚਿਤ ਵਿੱਚ ਧਰਮ ਨੂੰ ਇਕਰਸ ਧਾਰਨ ਕਰਕੇ ਰੱਖਦਾ ਹੈ। ਧਰਮ ਹੀ ਸ਼ਾਂਤੀ ਅਤੇ ਸੁੱਖ ਦਾ ਕਾਰਣ ਬਣ ਕੇ ਸਾਰੇ ਦੇ ਸਾਰੇ ਬੱਜ਼ਰ ਪਾਪਾਂ ਨੂੰ ਨਸ਼ਟ ਕਰ ਦਿੰਦਾਂ ਹੈ। ਧਰਮ ਤੋਂ ਹੀਣਾ ਬੰਦਾ ਅਠਾਰਾਂ ਨਰਕਾਂ ਵਿਚ ਤੁਰਿਆ ਰਹਿੰਦਾ ਹੈ। ਇਸ ਲਈ ਧਰਮ ਹੀ ਸੰਸਾਰ ਵਿਚ ਇੱਕ ਮਾਤਰ ਮਨੁੱਖ ਨੂੰ ਸਫਲ ਕਰਨ ਵਾਲਾ ਹੈ। ਇਸ ਲਈ ਧਰਮ ਨੂੰ ਮੇਰੀ ਨਮਸ਼ਕਾਰ ਹੈ। ਭਾਈ ਗੁਰਦਾਸ ਜੀ ਵੀ ਆਖਦੇ ਹਨ:-

ਪਾਪ ਕਮਾਣੈ ਲੇਪੁ ਹੈ ਚਿਤਵੈ ਧਰਮ ਸੁਫਲੁ ਫਲ ਵਾਲਾ। (ਵਾਰ ੨੬ ੭)

ਪਾਪ ਨੂੰ ਕਰਨ ਨਾਲ ਹੀ ਪਾਪ ਦਾ ਦੋਸ਼ ਲਗਦਾ ਹੈ; ਪਰ ਧਰਮ ਚਿਤਵਨ ਨਾਲ ਹੀ ਉੱਤਮ ਫਲਾਂ ਨਾਲ ਫਲਦਾ ਹੈ,

ਆਨ ਸੁਹਿਰਦ ਨ ਧਰਮ ਬਿਨਾਂ ਜਨ
ਸੰਤ ਜਨਾਂ ਕੋ ਸਹੀ ਧਰਮ ਧਨ॥
ਧਰਮ ਧਰੋਂ ਮੈਂ ਨਿਤ ਚਿਤ ਅੰਤਰਿ,
ਮੁਝੇ ਪਾਲ ਹੇ ਧਰਮ! ਨਿਰੰਤਰ॥

ਧਰਮ ਤੋਂ ਬਗੈਰ ਹੋਰ ਕੋਈ ਮਨੁੱਖ ਦਾ ਭਲਾ ਚਾਹੁਣ ਵਾਲਾ ਨਹੀਂ ਹੈ। ਵਾਹਿਗੁਰੂ ਦਾ ਨਾਮ ਜਪਣ ਵਾਲਿਆਂ ਦਾ ਤਾਂ ਅਸਲੀ ਧਨ ਹੀ ਧਰਮ ਹੈ। ਇਸ ਪ੍ਰਕਾਰ ਧਰਮ ਨੂੰ ਮੈਂ ਹਮੇਸ਼ਾ ਚਿੱਤ ਵਿੱਚ ਧਾਰਨ ਕਰਦਾ ਹਾਂ। ਹੇ ਧਰਮ! ਮੈਨੂੰ ਤੂੰ ਇਕਰਸ ਪਾਲਨਾ ਕਰ। ਕੈਸੀ ਧਰਮ ਨਾਲ ਜੁੜਨ ਵਾਲੇ ਦੀ ਆਪਣੀ ਧੁਰ ਅੰਦਰ ਦੀ ਵੇਦਨਾ ਹੈ। ਇਸ ਪ੍ਰਕਾਰ ਦਾ ਧਰਮੀ-ਮਨੁੱਖ ਹੀ ਮਾਨਵਤਾ ਨੂੰ ਸਮਝਣ ਦੀ ਸਮਰੱਥਾ ਰੱਖਦਾ ਹੈ। ਇਸ ਤਰ੍ਹਾਂ ਦੇ ਵਲਵਲੇ ਵਾਲਿਆਂ ਦੇ ਅੰਦਰ ਹੀ ਵਾਹਿਗੁਰੂ ਦੇ ਨਾਮ ਦੀ ਧੁਨ ਇਕਰਸ ਚਲਦੀ ਹੈ। ਜੇ ਕਿਸੇ ਦੇ ਅੰਦਰ ਧਰਮੀ ਬਣਨ ਦੀ ਤਮੰਨਾ ਹੋਵੇ ਤਾਂ ਧਰਮੀ ਕਿਸ ਪ੍ਰਕਾਰ ਬਣਿਆ ਜਾਂ ਸਕਦਾ ਹੈ, ਧਰਮ ਦਾ ਵਾਧਾ ਜੀਵਨ ਅੰਦਰ ਕਿਵੇਂ ਹੁੰਦਾ ਹੈ, ਧਰਮ ਦੀ ਇਸਥਿਤੀ ਕਿਵੇਂ ਹੁੰਦੀ ਹੈ, ਧਰਮ ਨਸ਼ਟ ਹੋਣ ਦਾ ਡਰ ਕਿਥੋਂ ਪੈਦਾ ਹੁੰਦਾ ਹੈ :-

**ਉਪਜੈ ਧਰਮ ਵਾਕ ਸਤਿ ਕਰਿ ਅਤਿ॥**
**ਦਯਾ ਦਾਨ ਕਰਿ ਧਰਮ ਵਧੈ ਨਿਤ॥**
**ਇਸਥਿਤ ਧਰਮ ਖਿਮਾ ਕੇ ਸੰਗਾ॥**
**ਧਰਮ ਕ੍ਰੋਧ ਕਰਿ ਹੋਤ ਵਿਭੰਗਾ॥੧੧॥**

ਸੱਚ ਅਤੇ ਯਥਾਰਥ ਬਚਨ ਬੋਲਣ ਨਾਲ ਧਰਮ ਪ੍ਰਗਟ ਹੁੰਦਾ ਹੈ। ਲੋੜਵੰਦਾਂ ਦੀ ਰੱਖਿਆ ਅਤੇ ਸਭ ਤੇ ਦਇਆ ਅਤੇ ਦਾਨ ਕਰਨ ਨਾਲ ਧਰਮ ਵੱਧਦਾ ਹੈ। ਕਿਸੇ ਦੇ ਗੁਨਾਹ ਨੂੰ ਉਸ ਵੱਲੋਂ ਮਾਫੀ ਮੰਗਣ ਤੇ ਮਾਫ ਕਰਨ ਨਾਲ ਧਰਮ ਇਸਥਿਤ ਹੁੰਦਾ ਹੈ। ਜਦ ਬਿਨਾਂ ਕਿਸੇ ਕਾਰਨ ਦੇ ਕਰੋਧ ਕਰਨ ਲੱਗ ਜਾਵੇ ਜਾਂ ਐਵੇਂ ਹੀ ਕਰੋਧ ਕਰਨ ਲੱਗ ਜਾਵੇ ਤਾਂ ਉਸ ਵਿੱਚੋਂ ਧਰਮ ਖਤਮ ਹੋ ਜਾਂਦਾ ਹੈ।

**ਸੁਭ ਕੁਲ ਜਨਮ ਸਰੂਪ ਤਨ ਭੂਪ ਭੋਗ ਆਪਤ।**
**ਪੰਡਿਤ ਦੇਹ ਅਰੋਗ ਪੁਨਿ ਧਰਮ ਜਾਨ ਫਲ ਸੱਤ॥**

ਪੂਰਬਲੇ ਚੰਗੇ ਧਰਮੀ ਹੋਣ ਦੀ ਪਹਿਚਾਣ ਦੱਸਦਿਆਂ ਹੋਇਆ ਕਵੀ ਜੀ ਆਖਦੇ ਹਨ ਕਿ ਚੰਗੀ ਕੁਲ ਵਿਚ ਜਨਮ ਹੋਣਾ, ਸੁੰਦਰ ਸਰੂਪ ਹੋਣਾ, ਰਾਜਿਆਂ ਵਰਗੇ ਸੁੱਖ ਹਾਸਲ ਹੋਣੇ, ਪਦਾਰਥਾਂ ਦਾ ਕੋਈ ਘਾਟਾ ਨਾ ਹੋਣਾ, ਬਹੁਤ ਚਤਰ ਹੋਵੇ, ਵਿਦਵਾਨ ਹੋਵੇ, ਸਰੀਰ ਅਰੋਗ ਹੋਵੇ, ਇਹ ਸੱਤ ਧਰਮ ਕਮਾਏ ਹੋਣ ਦੇ ਫਲ ਹਨ।

**ਧਰਮ ਪ੍ਰੀਤਿ ਨਿਤ ਬੇਦ ਬੀਚਾਰੇ ॥**
**ਉਤੱਮ ਦਾਨ ਸੁਭਾਵ ਜੁ ਧਾਰੇ ॥**
**ਇੰਦ੍ਰਯ ਅਰਥ ਵਿਰਾਗਹ ਮਨ ਜਿਹ ॥**
**ਜਿਹ ਇਹ ਪ੍ਰਾਪਤਿ ਸਫਲ ਜਨਮੁ ਤਿਹ ॥੧੩॥**

ਧਰਮ ਦਾ ਪ੍ਰੇਮਵਾਨ ਹਮੇਸ਼ਾ ਵਾਸਤੇ ਧਾਰਮਿਕ ਗ੍ਰੰਥਾਂ ਨੂੰ ਵੀਚਾਰਦਾ ਰਹੇ; ਅਤੇ ਧਰਮ ਦੇ ਮੁਤਾਬਕ ਆਪਣੀ ਜਿੰਦਗੀ ਚੰਗੇ ਗੁਣਾ ਦੇ ਨਾਲ ਸਿੰਗਾਰਦਾ ਰਹੇ। ਸਭ ਤੋਂ ਸ੍ਰੇਸ਼ਟ ਸੁਭਾਅ ਜਥਾ ਯੋਗ ਲੋੜਵੰਦਾਂ ਨੂੰ ਦਾਨ ਕਰਦਾ ਰਹੇ। ਪੰਜੇ ਕਰਮ ਅਤੇ ਗਿਆਨ ਇੰਦ੍ਰਿਆ ਦੇ ਜਿਹੜੇ ਵਿਸ਼ੇ ਹਨ ਉਹਨਾਂ ਵਲੋਂ ਮਨ ਨੂੰ ਉਪਰਾਮ ਰੱਖੇ। ਜਦੋਂ ਇਸ ਪ੍ਰਕਾਰ ਜੀਵਨ ਦਾ ਪੰਧ ਬਣ ਗਿਆ ਤਾਂ ਸਮਝੋ ਉਸ ਦਾ ਜਨਮ ਸਫਲ ਹੋ ਗਿਆ ਹੈ।

**ਇੰਦ ਬਿਨਾਂ ਜਿਉਂ ਮੰਦ ਨਿਸ ਮੰਦ ਕੰਜ ਬਿਨੁ ਤਾਲ ॥**
**ਜੀਵ ਮੰਦ ਤਿਉਂ ਧਰਮ ਬਿਨੁ ਤਾਂ ਤੇ ਧਰਮ ਨ ਟਾਲ॥੧੪॥**

ਜਿਸ ਪ੍ਰਕਾਰ ਰਾਤ ਨੂੰ ਚੰਦ੍ਰਮਾ ਨਾ ਹੋਵੇ ਤਾਂ ਰਾਤ ਬਹੁਤ ਡਰਾਵਣੀ ਲੱਗਦੀ ਹੈ। ਸਰੋਵਰ ਕਿਤਨਾਂ ਵੀ ਵੱਡਾ ਅਤੇ ਪਾਣੀ ਨਾਲ ਭਰਿਆ ਕਿਉਂ ਨਾ ਹੋਵੇ ਪਰ ਜੇ ਕਰਕੇ ਵਿਚ ਕੰਵਲ ਫੁੱਲ ਨਹੀਂ ਤਾਂ ਸਰੋਵਰ ਵੀ ਦਾਨਸ਼ਵਰਾਂ ਦੇ ਖਿਆਲ ਵਿੱਚ ਸੋਭਦਾ ਨਹੀਂ ਹੈ। ਇਸੇ ਪ੍ਰਕਾਰ ਜੀਵ ਦੀ ਹਾਲਤ ਹੈ, ਜਦੋਂ ਇਹ ਧਰਮ ਤੋਂ ਬਗੈਰ ਹੁੰਦਾ ਹੈ। ਇਸ ਲਈ ਮਨੁੱਖ ਨੂੰ ਧਰਮ ਨਹੀਂ ਛੱਡਣਾ ਚਾਹੀਦਾ। ਕਿਉਂਕਿ:-

**ਸਮ ਸੰਤੋਖ ਨ ਔਰ ਸੁਖ ਤਪ ਨ ਖਿਮਾ ਸਮ ਜਾਨ॥**

**ਸਮ ਸੰਤੋਖ ਨ ਔਰ ਸੁਖ ਤਪ ਨ ਖਿਮਾ ਸਮ ਜਾਨ ॥੧੫॥**

**ਬ੍ਰਹਮ ਗਯਾਨ ਸਮ ਦਾਨ ਨਹਿ ਧਰਮ ਨ ਦਯਾ ਸਮਾਨ ॥੧੫॥**

ਜਿਸ ਮਨੁੱਖ ਦੇ ਜੀਵਨ ਵਿਚ ਸੰਤੋਖ ਹੈ ਉਸ ਤੋਂ ਵੱਡਾ ਸੰਸਾਰ ਤੇ ਕੋਈ ਵੀ ਸੁਖੀ ਨਹੀਂ ਹੈ। ਜੇ ਜੀਵਨ ਵਿਚ ਸੰਤੋਖ ਨਹੀਂ ਤਾਂ ਸਤਿਗੁਰੂ ਜੀ ਦਾ ਕਥਨ ਹੈ ਕਿ ਸਾਰੀ ਸਿਸ਼ਟੀ ਦਾ ਰਾਜਾ ਵੀ ਦੁਖੀ ਹੈ। ਕਿਉਂਕਿ ਉਸ ਅੰਦਰ ਤ੍ਰਿਸ਼ਨਾ ਬਣੀ ਰਹਿੰਦੀ ਹੈ ਵੈਰਾਗ ਸ਼ਤਕ ਦਾ ਕਰਤਾ ਭਰਥਰੀ ਆਖਦਾ ਹੈ , ਜਿਸ ਅੰਦਰ ਤ੍ਰਿਸ਼ਨਾ ਹੈ ਉਹ ਹੀ ਸਭ ਤੋਂ ਵੱਡਾ ਕੰਗਾਲ ਹੈ। ਸੰਤੋਖੀ ਮਨੁੱਖ ਜਦ ਆਪਣੇ ਕੋਲ ਪਦਾਰਥਾਂ ਨੂੰ ਵੇਖਦਾ ਹੈ। ਤਾਂ ਆਪ ਤੋਂ ਘੱਟ ਪਦਾਰਥਾਂ ਵਾਲੇ ਨਾਲ ਆਪਣੇ ਆਪ ਨੂੰ ਤੋਲ ਕੇ, ਪ੍ਰਮਾਤਮਾ ਦਾ ਸ਼ੁਕਰਗੁਜ਼ਾਰ ਹੁੰਦਾ ਹੈ। ਕਿ ਮੇਰੇ ਵਾਹਿਗੁਰੂ ਜੀ ਨੇ ਮੈਨੂੰ ਬਹੁਤ ਸੁਖ ਦਿੱਤੇ ਹਨ। ਇਸ ਲਈ ਸੰਤੋਖੀ ਮਨੁੱਖ ਸੰਸਾਰ ਉਪੱਰ ਪਰਮ ਸੁਖੀ ਹੈ। ਕਿਸੇ ਦੇ ਗੁਨਾਹ ਨੂੰ ਮੁਆਫ ਕਰ ਦੇਣ ਬਰਾਬਰ ਕੋਈ ਵੀ ਤਪ ਨਹੀਂ ਹੈ। ਜਦੋਂ ਕਰੋਧ ਆਇਆ ਹੋਵੇ। ਦੂਜਾ ਕਿੰਨੀਆਂ ਵੀ ਮਾਫੀਆਂ ਕਿਉਂ ਨਾ ਮੰਗੀ ਜਾਵੇ। ਕਰੋਧੀ ਦੀ ਹਾਲਤ ਵੇਖਣ ਵਾਲੀ ਹੁੰਦੀ ਹੈ। ਖਾਲਸੇ ਅੰਦਰ ਅਕਾਲ ਪੁਰਖ ਦੀ ਦਿੱਤੀ ਰਹਿਮਤ ਸਦਕਾ ਇਹ ਬੀਰ-ਰਸ ਵਿਚ ਹੋਣ ਸਮੇਂ ਕ੍ਰੋਧ ਦੇ ਵਿਕਾਰ ਨੂੰ ਨਹੀਂ ਧਾਰਣ ਕਰਦਾ, ਜਿਸ ਕਰਕੇ ਇਹ ਜੋਸ਼ ਵਿੱਚ ਹੋਸ਼ ਨੂੰ ਬਰਕਰਾਰ ਰੱਖਦਾ ਹੈ। ਜੰਗ ਸਮੇਂ ਵੀ ਸਿਧਾਂਤ ਨੂੰ ਦਿਲੋਂ ਨਹੀਂ ਵਿਸਾਰਦਾ। ਜਦ ਕੋਈ ਅੱਗੇ ਭੱਜ ਨਿਕਲਦਾ ਸੀ। ਖਾਲਸਾ ਨੇ ਕਦੇ ਪਿੱਠ ਤੇ ਵਾਰ ਨਹੀਂ ਕੀਤਾ। ਕੋਈ ਹਥਿਆਰ ਤੋਂ ਨਹੱਥਾ ਹੋਵੇ ਤਾਂ ਵੀ ਖਾਲਸਾ ਉਸ ਤੇ ਵਾਰ ਨਹੀਂ ਕਰਦਾ ਸੀ। ਜਿਥੇ ਸਤਿਗੁਰੂ ਜੀ ਨੇ ਖਾਲਸੇ ਅੰਦਰ ਸੂਰਬੀਰਤਾ ਅਤਿ ਦਰਜੇ ਦੀ ਬਖਸੀ, ਉਥੇ ਖਿਮਾ ਦਾ ਤਪ ਵੀ ਸਿਖਰ ਦਾ ਸੀ। ਇਸੇ ਲਈ ਵਖਤ ਦੇ ਹਾਣੀ ਲੇਖਕਾਂ ਨੇ ਖਾਲਸੇ ਦੀ ਮਹਿਮਾ ਨਾ ਚਾਹੁੰਦਿਆਂ ਹੋਇਆਂ ਵੀ ਆਪਣੇ ਅਪਸ਼ਬਦਾਂ ਵਾਲੇ ਅੰਦਾਜ਼ ਵਿਚ ਕੀਤੀ ਹੈ। ਬ੍ਰਹਮ ਦੇ ਜਾਨਣ ਵਾਲੀ ਵੀਚਾਰ ਸਮਝਾ ਦੇਣੀ ਇਸ ਦੇ ਬਰਾਬਰ ਕੋਈ ਵੀ ਦਾਨ ਨਹੀਂ ਹੈ। ਵੀਚਾਰ ਦਾ ਜਾਨਣਾ ਦੋ ਤਰ੍ਹਾਂ ਦਾ ਹੁੰਦਾ ਹੈ। ਇੱਕ ਤਾਂ ਅੱਖਰਾਂ ਦੀ ਵੀਚਾਰ ਦੁਆਰਾ ਜਾਨਣਾ ਹੈ; ਜਿਸ ਨੂੰ ਪਰੋਖ ਗਿਆਨ ਆਖਦੇ ਹਨ। ਜਿਸ ਪ੍ਰਕਾਰ 'ਚਮਕੌਰ ਦੀ ਜੰਗ ਹੋਈ ਹੈ' ਜੰਗ ਨੂੰ ਵੀਚਾਰਾਂ ਦੁਆਰਾ ਤਾਂ ਸੁਣਿਆ ਹੈ ਪਰ ਅੱਖਾਂ ਨਾਲ ਦੇਖਿਆ ਨਹੀਂ ਹੈ। ਇਸ ਤਰ੍ਹਾਂ ਨਾਲ ਵੀਚਾਰਾਂ ਨੂੰ ਸੁਣ ਕੇ ਆਪਣੇ ਜੀਵਨ ਅੰਦਰ ਢਾਲਣ ਨਾਲ ਵੀ ਅਨੁਭਵ ਹੋ ਜਾਂਦਾ ਹੈ । ਦੂਜਾ, ਯਥਾਰਥ ਰੂਪ ਵਿਚ ਜਾਣ ਲੈਣਾ ਅਪਰੋਖ ਗਿਆਨ ਹੁੰਦਾ ਹੈ। ਜਿਵੇਂ 'ਮੇਰੇ ਸਾਹਮਣੇ ਧੰਨ ਗੁਰੂ ਗ੍ਰੰਥ ਸਾਹਿਬ ਜੀ ਸੁਭਾਇਮਾਨ ਹਨ' ਇਸੇ ਪ੍ਰਕਾਰ ਬ੍ਰਹਮ ਨੂੰ ਜਾਨਣ ਲਈ ਦੋ ਤਰ੍ਹਾਂ ਦਾ ਗਿਆਨ ਸਹਾਈ ਹੁੰਦਾ ਹੈ। ਨਾਮ ਦੀ ਕਮਾਈ ਕਰਕੇ ਆਪਣੇ ਅੰਦਰ ਹੀ ਅਨੁਭਵ ਹਾਸਲ ਕਰ ਲੈਣਾ 'ਮੈਂ ਬ੍ਰਹਮ ਹਾਂ'। ਦੂਜਾ ਆਪਣੇ ਇਸ਼ਟ ਦੇਵ ਦੇ ਬਚਨਾਂ ਉਪੱਰ ਪੂਰਨ ਭਰੋਸਾ ਕਰਕੇ ਧਾਰਮਿਕ ਗ੍ਰੰਥਾਂ ਦੁਆਰਾ ਦਰਸਾਈ ਹੋਈ ਵੀਚਾਰ ਨੂੰ ਪੂਰਨ ਤੌਰ ਤੇ ਸਮਝ ਕੇ ਫਿਰ ਉਸ ਮੁਤਾਬਕ ਆਪਣੇ ਅੰਦਰ ਅਨਭਵ ਨੂੰ ਕਾਇਮ ਕਰਨਾ 'ਬ੍ਰਹਮ ਹੈ'। ਫਿਰ ਬ੍ਰਹਮ ਦੇ ਅਨੁਭਵ ਲਈ ਯਤਨਸ਼ੀਲ ਹੋ ਜਾਣਾ। ਇਸ ਪ੍ਰਕਾਰ ਬ੍ਰਹਮ ਨੂੰ ਜਣਾਉਣ ਵਾਲੀ ਵੀਚਾਰ ਆਪ ਸਮਝ ਕੇ ਫਿਰ ਦੂਜਿਆਂ ਨੂੰ ਸਮਝਾਉਣ ਦਾ ਯਤਨ ਕਰਨਾ ਹੀ ਬ੍ਰਹਮ ਵਿੱਦਿਆ ਦਾ ਦਾਨ ਹੁੰਦਾ ਹੈ। ਇਹ ਦਾਨ ਸਭ ਤੋਂ ਵੱਡਾ ਦਾਨ ਹੈ।

ਇਸ ਦੇ ਬਰਾਬਰ ਕੋਈ ਵੀ ਦਾਨ ਨਹੀਂ ਹੈ। ਜਿਸ ਨਾਲ ਕਿਸੇ ਦੀ ਜਿੰਦਗੀ ਪ੍ਰਮਾਤਮਾ ਪ੍ਰਾਇਣ ਹੋ ਜਾਣੀ ਹੈ। ਦਇਆ ਕਰਨ ਦੇ ਬਰਾਬਰ ਕੋਈ ਵੀ ਧਰਮ ਨਹੀਂ ਹੈ। ਇਸ ਤਰ੍ਹਾਂ ਦੇ ਵਡਭਾਗੇ ਗੁਰਮੁਖਾਂ ਸੰਤ ਜਨਾਂ ਦੀ ਮਹਾਨਤਾ ਅੰਕਿਤ ਕਰਦਿਆਂ ਆਖਿਆ ਹੈ।

**ਗੁਰਮੁਖ ਧਰਮ ਸਪੂਰਣੁ ਰੀਣਾ॥ (ਵਾਰ ੨੩-ਪਉੜੀ ੧੮)**

ਗੁਰਮੁਖਾਂ ਨੇ ਖਤਮ ਹੋ ਰਹੇ ਧਰਮ ਦੇ ਚਾਰ ਪੈਰ ਮੁਕੰਮਲ ਕਰ ਦਿੱਤੇ ਭਾਈ ਸਾਹਿਬ ਭਾਈ ਗੁਰਦਾਸ ਜੀ ਕਬਿਤਾਂ ਅੰਦਰ ਵੀ ਧਰਮ ਅਬਚਲ ਰਾਜ ਆਖਦੇ ਹਨ।

**ਜਤ ਸਤ ਸਿੰਘਾਸਨ ਸਹਜ ਸੰਤੋਖ ਮੰਤ੍ਰੀ,**
**ਧਰਮ ਧੀਰਜ ਧੁਜਾ ਅਬਿਚਲ ਰਾਜ ਹੈ ।**
**ਸਿਵਨਗਰੀ ਨਿਵਾਸ ਦਇਆ ਦੁਲਹਨੀ ਮਿਲੀ,**
**ਭਾਗ ਤਉ ਭੰਡਾਰੀ ਭਾਉ ਭੋਜਨ ਸਕਾਜ ਹੈ ।**
**ਅਰਥ ਬੀਚਾਰ ਪਰਮਾਰਥ ਕੈ ਰਾਜਨੀਤਿ,**
**ਛਤ੍ਰਪਤਿ ਛਿਮਾ ਛਤ੍ਰ ਛਾਇਆ ਛਬ ਛਾਬ ਹੈ ।**
**ਆਨਦ ਸਮੂਹ ਸੁਖ ਸਾਂਤਿ ਪਰਜਾ ਪ੍ਰਸੰਨ,**
**ਜਗਮਗ ਜੋਤਿ ਅਨਹਦਿ ਧੁਨਿ ਬਾਜ ਹੈ॥**

ਧਰਮੀ ਮਨੁੱਖ ਜਦੋਂ ਧਾਰਮਿਕ ਅਸਥਾਨ ਉਪਰ ਆਵੇ ਤਾਂ ਉਸ ਦੀ ਤਾਂਘ ਹੁੰਦੀ ਹੈ ਕਿ ਜਿੰਨਾਂ ਸਮਾਂ ਵੱਧ ਤੋਂ ਵੱਧ ਆਪਣੇ ਮਾਲਕ ਦੇ ਚਰਨਾਂ ਨਾਲ ਜੁੜ ਕੇ ਗੁਜ਼ਰੇ ਉਹੀ ਸੁਹਾਵਣਾ ਹੈ। ਪਰ ਬਹੁਤਾਤ ਵਿਚ ਅਸੀਂ ਨਿੱਤ ਦੀ ਬਹੁਤ ਹੀ ਰੁੱਝੀ ਹੋਈ ਜਿੰਦਗੀ ਵਿਚ ਅਸੀਂ ਗੁਰਦੁਆਰੇ ਜਾਣ ਵੇਲੇ ਵੀ ਇਹ ਭੁੱਲ ਜਾਂਦੇ ਹਾਂ ਕਿ ਗੁਰਦੁਆਰੇ ਚਲੇ ਹਾਂ ਵਾਹਿਗੁਰੂ-ਵਾਹਿਗੁਰੂ ਆਖ ਲਈਏ ਜਾਂ ਗੁਰਦੁਆਰੇ ਬੈਠੇ ਹਾਂ ਜੋ ਗੁਰਬਾਣੀ ਆਖ ਰਹੀ ਹੈ ਧਿਆਨ ਨਾਲ ਸੁਣ ਲਈਏ। ਕੇਵਲ ਇਹੀ ਹੁੰਦਾ ਹੈ ਕੋਈ ਸਾਥੀ ਮਿਲ ਜਾਵੇ ਤਾਂ ਗੱਲਾਂ ਕਰਦੇ ਜਾਵਾਂਗੇ, ਗੁਰਦੁਆਰੇ ਬੈਠੇ ਵੀ ਜਾਂ ਤਾਂ ਕਿਸੇ ਨਾਲ ਗੱਲਾਂ ਸ਼ੁਰੂ ਕਰ ਦਿੱਤੀਆਂ ਜਾਣਗੀਆਂ ਨਹੀਂ ਤਾਂ ਘਰ ਦੇ ਕੰਮਾਂ ਦੀ ਸੋਚਾਂ ਹੀ ਮਨ ਤੇ ਭਾਰੂ ਬਣ ਜਾਣਗੀਆਂ। ਜੇਕਰ ਕਥਾ-ਕੀਰਤਨ ਜਾਂ ਪਾਠ ਆਦਿ ਸਮੇਂ ਮਜਬੂਰੀ ਵੱਸ ਬੈਠਣਾ ਵੀ ਪੈ ਜਾਵੇ, ਤਾਂ ਵੀ ਛੇਤੀ ਤੋਂ ਛੇਤੀ ਸਮਾਪਤੀ ਦੀ ਉਡੀਕ ਕਰਦੇ ਹਾਂ। ਇਹਨਾਂ ਵੀਚਾਰਾਂ ਤੋਂ ਮਹਾਂਪੁਰਖ ਹੀ ਪੂਰੀ ਤਰ੍ਹਾਂ ਸਾਵਧਾਨ ਕਰਦੇ ਹਨ। ਉਹ ਖੇਡ ਹੀ ਐਸੀ ਖੇਡਦੇ ਹਨ ਕਿ ਬਾਕੀ ਰਹਿੰਦੀ ਜਿੰਦਗੀ ਗੁਰੂ ਚਰਨਾਂ ਨਾਲ ਜੁੜਨ ਵਾਲੀ ਬਣ ਜਾਂਦੀ ਹੈ। ਇਕ ਸਮੇਂ ਡਾ. ਤਰਲੋਕ ਸਿੰਘ ਆਪਣੀ ਧਰਮ ਸੁਪਤਨੀ ਸਮੇਤ ਸੰਤਾਂ ਦੇ ਦਰਸ਼ਨ ਕਰਨ ਲਈ ਆਇਆ। ਦਰਸ਼ਨ ਕਰਨ ਤੋਂ ਬਾਅਦ ਸੰਤਾਂ ਨੇ ਇਨ੍ਹਾਂ ਨੂੰ ਚਾਹ ਪਾਣੀ ਛੱਕ ਕੇ ਇਥੇ ਹੀ ਰਹਿਣ ਲਈ ਕਿਹਾ। ਪਰ ਇਹ ਕਹਿਣ ਲੱਗੇ ਕਿ ਬਾਬਾ ਜੀ, ਅਸੀਂ ਅੱਗੇ ਆਹਲੂਪੁਰ ਜਾਣਾ ਹੈ। ਸੰਤਾਂ ਨੇ ਇਨ੍ਹਾਂ ਨੂੰ ਫਿਰ ਗੁਰੂ ਘਰ ਕੁਝ ਸਮਾਂ ਰੁਕਣ ਲਈ ਕਿਹਾ, ਪਰ ਇਨ੍ਹਾਂ ਫਿਰ ਜਵਾਬ ਦੇ ਦਿੱਤਾ। ਫਿਰ ਸੰਤ ਕਹਿਣ ਲੱਗੇ ਕਿ ਅੱਛਾ ਭਾਈ ਚਲੇ ਜਾਓ। ਜਦ ਇਹ ਜਾਣ ਲੱਗੇ, ਤਾਂ ਅੱਗੇ ਮੋਟਰ ਸਾਈਕਲ ਦੇ ਟਾਇਰ ਵਿੱਚੋਂ ਹਵਾ ਬਿਲਕੁਲ ਖਤਮ ਸੀ। ਇਹ ਦੇਖ ਕੇ ਉਹ ਵਾਪਿਸ ਮੁੜ ਆਇਆ ਤੇ ਸੰਤਾਂ ਨੂੰ ਕਹਿਣ

ਲੱਗਾ ਕਿ ਬਾਬਾ ਜੀ, ਅਸੀਂ ਆਪ ਜੀ ਦਾ ਬਚਨ ਨਹੀਂ ਮੰਨਿਆ। ਹੁਣ ਸਾਡਾ ਮੋਟਰ ਸਾਈਕਲ ਪੈਂਚਰ ਹੋ ਗਿਆ। ਹੁਣ ਪ੍ਰਸ਼ਾਦਾ ਵੀ ਛਕਾਂਗੇ। ਸੰਤ ਕਹਿਣ ਲੱਗੇ ਡਾ. ਸਾਹਿਬ ਅੱਡੇ ਤੋਂ ਜਾ ਕੇ ਪੈਂਚਰ ਲੁਆ ਲਿਆਉ। ਜਦ ਦੁਕਾਨ 'ਤੇ ਜਾ ਕੇ ਦੇਖਿਆ ਤਾਂ ਕੋਈ ਟਾਇਰ ਪੈਂਚਰ ਨਹੀਂ ਸੀ। ਉਸ ਦਿਨ ਤੋਂ ਡਾ. ਤਰਲੋਕ ਸਿੰਘ ਸੰਤਾਂ ਦੀ ਸੰਗਤ ਦੀ ਬਰਕਤ ਸਦਕਾ ਧੰਨ ਗੁਰੂ ਗ੍ਰੰਥ ਸਾਹਿਬ ਦੇ ਅਨਿੰਨ ਸੇਵਕ ਬਣ ਗਏ। ਜਦ ਕਦੇ ਵੀ ਸਬੱਬ ਬਣਨਾ ਤਾਂ ਘੱਟ ਤੋਂ ਘੱਟ ਦੱਸ ਪੰਦਰਾਂ ਮਿੰਟ ਗੁਰੂ ਦਰਬਾਰ ਅੰਦਰ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਬੈਠਣਾ,ਨਿਤਨੇਮ ਦੀ ਕੋਈ ਬਾਣੀ ਪੜਨੀ ਫਿਰ ਸਤਿਕਾਰ ਸਹਿਤ ਰੁੱਚੀ ਅਨੁਸਾਰ ਗੁਰੂ ਕੀ ਪੰਗਤ ਵਿਚ ਬੈਠ ਕੇ ਲੰਗਰ ਛਕਣਾ। ਐਸੀ ਗੁਰੂ ਕੀ ਬਖਸ਼ਸ ਸਦਕਾ ਸਰਧਾ ਸਿਦਕ ਗੁਰੂ ਚਰਨਾਂ ਦਾ ਬੱਝਿਆ; ਸਤਿਗੁਰੂ ਜੀ ਨੇ ਸਭ ਦਾਤਾਂ ਨਾਲ ਇਸ ਪਰਿਵਾਰ ਨੂੰ ਨਿਵਾਜਿਆ ਹੈ। ਇਨ੍ਹਾਂ ਦੇ ਘਰ ਜੋ ਪੁੱਤਰ ਦੀ ਦਾਤ ਬਖਸ਼ਿਸ਼ ਹੋਈ ਹੈ, ਉਹ ਵੀ ਸੰਤਾਂ ਦੇ ਬਚਨਾਂ ਸਦਕਾ ਹੀ ਹੋਈ ਹੈ। ਹੁਣ ਵੀ ਇਨ੍ਹਾਂ ਦੇ ਸਾਰੇ ਪਰਿਵਾਰ ਦੀ ਗੁਰੂ ਘਰ ਪ੍ਰਤੀ ਅਪਾਰ ਸ਼ਰਧਾ ਹੈ।

ਨਾਮ ਰੰਗੇ ਸਾਧੂ ਦਾ ਜੀਵਨ ਸਾਧਨਾ ਦੀ ਦ੍ਰਿੜਤਾ ਲਈ ਸੰਗਤੀ ਰੰਗਣ ਵਿਚ ਨਾਮ ਦੀ ਕਮਾਈ ਵਾਲਾ ਹੁੰਦਾ ਹੈ। ਉਹ ਆਪ ਨਾਮ ਜਪਦੇ ਹਨ। ਦੂਜਿਆਂ ਨੂੰ ਨਾਮ ਜਪਣ ਦੀ ਪ੍ਰੇਰਨਾ ਕਰਦੇ ਰਹਿੰਦੇ ਹੈ। ਐਸਾ ਢੰਗ ਹਰ ਇੱਕ ਲਈ ਵਸੀਲਾ ਬਣ ਜਾਵੇ, ਕੋਈ ਨਾ ਕੋਈ ਢੰਗ ਵਰਤਦੇ ਰਹਿੰਦੇ ਹਨ। ਤਾਂ ਕਿ ਜਿੰਦਗੀ ਸਹਿਜ ਰੂਪ ਬਣ ਜਾਵੇ। ਨਾਮ ਦੀ ਕਮਾਈ ਵੀ ਸਹਿਜ ਵਿਚ ਹੋ ਕੇ ਕਰਣੀ ਚਾਹੀਦੀ ਹੈ ਜਿਸ ਸਦਕਾ ਆਪਣਾ ਜੀਵਨ ਵੀ ਨਾਮ ਦੀ ਰੰਗਣ ਵਾਲਾ ਬਣ ਜਾਵੇ ਅਤੇ ਦੂਜਿਆਂ ਨੂੰ ਵੀ ਸੰਗਤ ਦਾ ਲਾਭ ਪ੍ਰਾਪਤ ਹੋਵੇ। ਭਗਤ ਕਬੀਰ ਜੀ ਦੇ ਵੀ ਬਚਨ ਹਨ:-

**ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ ॥**
**ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੪੭੮)**

ਹੇ ਭਾਈ ਉਸ ਪ੍ਰਮਾਤਮਾ ਦੇ ਨਾਮ ਦਾ ਅਭਿਆਸ ਸਹਿਜ ਵਿਚ ਵਾਰ-ਵਾਰ ਕਰਦਾ ਰਹਿ ਤਾਂ ਕਿ ਇਸ ਉਦੱਮ ਦਾ ਤੱਤ ਹੱਥੋ ਨਾ ਚਲਾ ਜਾਵੇ ਭਾਵ ਪ੍ਰਭੂ ਮਿਲਾਪ ਬਣ ਸਕੇ ਮੁੜ ਮੁੜ ਕੇ ਅਭਿਆਸ ਲਈ ਦ੍ਰਿਸ਼ਟਾਂਤ ਦੁੱਧ ਰਿੜਕਣ ਦਾ ਦਿੱਤਾ ਹੈ। ਜਿਸ ਪ੍ਰਕਾਰ ਦੁੱਧ ਵਿੱਚੋਂ ਮੱਖਣ ਪ੍ਰਾਪਤ ਕਰਨ ਵਾਲੀ ਬੀਬੀ ਜਾਣਦੀ ਹੈ ਕਿ ਦੁੱਧ ਨੂੰ ਘਿਉ ਤੱਕ ਦਾ ਸਫਰ ਤਹਿ ਕਰਵਾਉਣ ਲਈ ਸਾਵਧਾਨੀ ਵਰਤ ਕੇ ਰਿੜਕਣਾ ਬਹੁਤ ਜ਼ਰੂਰੀ ਹੈ। ਵੈਸੇ ਤਾਂ ਦੁੱਧ ਨੂੰ ਉਬਾਲਣ ਵੇਲੇ,ਰਾਤ ਨੂੰ ਜਾਗ ਲਾਉਣ ਵੇਲੇ, ਸਵੇਰੇ ਦੁੱਧ ਰਿੜਕਣ ਵੇਲੇ, ਮੱਖਣ ਕੱਢਣ ਵੇਲੇ ਮੱਖਣ ਨੂੰ ਗਰਮ ਕਰਕੇ ਘਿਉ ਤਿਆਰ ਕਰਨ ਵੇਲੇ ਹਰ ਥਾਂ ਤੇ ਹੀ ਸਾਵਧਾਨੀ ਬਹੁਤ ਜਰੂਰੀ ਹੈ। ਤਾਂ ਕਿ ਪੂਰਾ ਪੂਰਾ ਘਿਉ ਹਾਸਲ ਕੀਤਾ ਜਾ ਸਕੇ। ਇਸੇ ਪ੍ਰਕਾਰ ਅਭਿਆਸ ਕਰਨ ਵਾਲੇ ਲਈ ਵੀ ਸਾਵਧਾਨੀ ਬਹੁਤ ਜਰੂਰੀ ਹੈ। ਆਮ ਸਿਆਣਿਆਂ ਦੀ ਕਹਾਵਤ ਹੈ ਦੁੱਧ ਅਤੇ ਪੁੱਤ ਨਿਗਰਾਨੀ ਚਾਹੁੰਦੇ ਹਨ। ਗਿਆਨ ਪ੍ਰਾਪਤੀ ਦੇ ਪੰਧ ਤੇ ਚੱਲਣ ਵਾਲੇ ਨੂੰ ਵੀ ਇੱਕ ਬਾਲਕ ਦੀ ਤਰਜੀਹ ਦਿੱਤੀ ਹੈ। ਸਰੀਰ ਅੰਦਰ ਵਸਣ ਵਾਲੇ ਮਨ ਨੂੰ ਵੀ ਸਤਿਗੁਰੂ ਜੀ ਨੇ ਬਾਲਕ ਦੀ ਤਰਜੀਹ ਦਿੱਤੀ ਹੈ।

ਰਾਜਾ ਬਾਲਕ ਨਗਰੀ ਕਾਚੀ। (ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੧੧੭੧)

ਮਨ ਦੀ ਸਾਧਨਾ ਕਰਨ ਵਾਲੇ ਲਈ ਸਭ ਤੋਂ ਪਹਿਲਾਂ ਅੰਤਹਕਰਨ ਦਾ ਭਾਂਡਾ ਧੋ ਕੇ ਸ਼ੁਭ ਵਾਸਨਾਵਾਂ ਧਾਰਨ ਕਰਨ ਰੂਪ ਧੂਪ ਲਗਾ ਕੇ ਨਿਸ਼ਕਾਮ ਕਰਮਾਂ ਦਾ ਦੁੱਧ ਪ੍ਰਾਪਤ ਕਰਨਾ ਜਰੂਰੀ ਹੈ।

**ਸੇਵਾ ਕਰਤ ਹੋਇ ਨਿਹਕਾਮੀ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੨੮੬)।**

ਇਸ ਦੁੱਧ ਨੂੰ ਜਾਗ (ਖੱਟਾ) ਗੁਰੂ ਚਰਨਾਂ ਦੀ ਪ੍ਰੀਤੀ ਦਾ ਲਗਾਉਣਾ ਹੈ। ਮਨ ਦੀ ਬ੍ਰਿਤੀ ਨੂੰ ਤਿਆਗਮਈ ਰਖਣਾ ਯੋਗ ਤਾਪਮਾਨ ਹੈ; ਜਿਸ ਵਿਚ ਦੁਧ ਦਾ ਸਹੀ ਢੰਗ ਨਾਲ ਦਹੀ ਬਣਦਾ ਹੈ। ਸੰਸਾਰ ਦੇ ਪਦਾਰਥਾਂ ਤੋਂ ਵੈਰਾਗ ਧਾਰਨ ਕਰਨਾ ਦੁਧ ਤੋਂ ਦਹੀ ਦਾ ਨੀਯਤ ਸਮਾਂ ਹੈ। ਮਨ ਦੀ ਇਸਥਿਤੀ ਕਰਨ ਰੂਪ ਨੇਤ੍ਰਾ ਫੜ ਕੇ ਇਕਰਸ ਆਲਸ ਤੋਂ ਰਹਿਤ ਹੋ ਕੇ ਸਰੀਰ ਦੇ ਸਵੱਸਥ ਦਾ ਖਿਆਲ ਕਰਦਿਆਂ ਨਾਮ-ਅਭਿਆਸ ਰੂਪ ਰਿੜਕਣਾ ਕਰ, ਤਾਂ ਕਿ ਆਤਮਾਨੰਦ ਮੱਖਣ ਪ੍ਰਾਪਤ ਹੋ ਜਾਏ । ਇਸ ਤਰਾਂ ਮਹਾਂਪੁਰਖਾਂ ਦਾ ਨਾਮ ਅਭਿਆਸ ਇਕ ਸਹਿਜ ਦਾ ਰੂਪ ਹੁੰਦਾ ਹੈ। ਜਿਨਾਂ ਨਾਲ ਉਹਨਾਂ ਦਾ ਹਿਤ ਹੁੰਦਾ ਹੈ ਅਤੇ ਸਾਧਕ ਵਿਚ ਨਾਮ ਦੀ ਕਮਾਈ ਦੀ ਲਗਨ ਹੁੰਦੀ ਹੈ। ਉਹਨਾਂ ਨੂੰ ਮਹਾਂਪੁਰਖ ਸਹਿਜ ਵਿਚ ਹੀ ਸਭ ਕੁਝ ਸਮਝਾ ਜਾਂਦੇ ਹਨ। ਮਹਾਂਪੁਰਖਾਂ ਦੁਆਰਾ ਨਾਮ ਨਾਲ ਜੁੜਨ ਦੀ ਤਾਂਘ ਰਖਣ ਵਾਲੇ ਪ੍ਰਭੂ ਪਿਆਰੇ ਗੁਰੂ ਸਵਾਰੇ ਸੰਤ ਪ੍ਰੀਤਮ ਸਿੰਘ ਜੀ ਹਨ। ਜਿਨਾਂ ਨੂੰ ਇੱਕ ਦਿਨ ਪਿੰਡ ਭੀਮਾ ਵਿਖੇ ਅਖੰਡ ਪਾਠ ਸਾਹਿਬ ਜੀ ਦਾ ਭੋਗ ਪਾ ਕੇ ਆਉਂਦਿਆਂ ਹੋਇਆਂ ਰੋੜੀ ਕੋਲ ਆ ਕੇ ਮਿਲਣ ਵਾਸਤੇ ਤਾਂਘ ਉਪਜੀ। ਰਸਤੇ ਵਿੱਚ ਸੰਗਤਾਂ ਨੂੰ ਕਹਿਣ ਲੱਗੇ ਕਿ ਭਾਈ ਮੱਲੜ੍ਹੀ ਵਿਖੇ ਸੰਤ ਪ੍ਰੀਤਮ ਸਿੰਘ ਜੀ ਰਹਿੰਦੇ ਹਨ। ਇਨ੍ਹਾਂ ਦੇ ਦਰਸ਼ਨ ਕਰਕੇ ਚੱਲਾਂਗੇ। ਜਦੋਂ ਪਿੰਡ ਮੱਲੜ੍ਹੀ ਦੇ ਗੁਰੂ ਘਰ ਆਏ, ਤਾਂ ਸੇਵਾਦਾਰਾਂ ਨੂੰ ਪੁੱਛਣ 'ਤੇ ਪਤਾ ਲੱਗਾ ਕਿ ਉਹ ਤਾਂ ਭੋਰੇ ਵਿੱਚ ਸਿਮਰਨ ਕਰ ਰਹੇ ਹਨ। ਸੰਤਾਂ ਨੇ ਪੁੱਛਿਆ, "ਕਿ ਕਦੋਂ ਬਾਹਰ ਆਉਣਗੇ ?", ਤਾਂ ਸਿੰਘ ਕਹਿਣ ਲੱਗੇ ਕਿ ੪੦ ਦਿਨ ਭਜਨ ਕਰਨਾ ਹੈ। ਸੰਤ ਕਹਿਣ ਲੱਗੇ, "ਅੱਛਾ! ਚਾਲੀਸਾ ਕੱਟਦੇ ਹਨ। ਸਹਿਜ ਵਿਚ ਹੀ ਭਜਨ ਕਰਨਾ ਠੀਕ ਹੁੰਦਾ ਹੈ ਚਾਲੀਸਿਆਂ ਵਿੱਚ ਕੀ ਹੈ।" ਸੰਤਾਂ ਸਮੇਤ ਸੰਗਤ ਦਰਬਾਰ ਸਾਹਿਬ ਦੇ ਦਰਸ਼ਨ ਕਰਕੇ ਵਾਪਿਸ ਆ ਗਈ। ਬਾਅਦ ਵਿੱਚ ਜਦ ਸੰਤ ਪ੍ਰੀਤਮ ਸਿੰਘ ਬਾਹਰ ਆਏ, ਤਾਂ ਉਹਨਾਂ ਨੂੰ ਸੇਵਾਦਾਰਾਂ ਨੇ ਸਾਰੀ ਵਾਰਤਾ ਦੱਸੀ, ਤਾਂ ਉਨ੍ਹਾਂ ਨੇ ਬੜਾ ਪਛਤਾਵਾ ਕੀਤਾ ਤੇ ਕਹਿਣ ਲੱਗੇ ਕਿ ਮੈਨੂੰ ਬੁਲਾ ਲੈਣਾ ਸੀ, ਸੰਤਾਂ ਦੇ ਦਰਸ਼ਨ ਹੀ ਕਰ ਲੈਂਦਾ।

ਪ੍ਰਭੂ ਦੇ ਨਾਲ ਜੁੜਣ ਵਾਲੇ ਦੀ ਸਾਧਨਾ ਵਿਚ ਅਤੇ ਵਿਦਵਾਨਾਂ ਅੰਦਰ ਵਿਸ਼ੇਸ਼ ਕਰਕੇ ਗੁਣ ਬੜੀ ਮਹਾਨਤਾ ਰੱਖਦੇ ਹਨ। ਇਹ ਹਨ-ਵੈਰਾਗ ਤੇ ਬਿਬੇਕ। ਸੰਸਾਰ ਦੇ ਸਾਰੇ ਹੀ ਵਿਸ਼ੇ ਭੋਗਾਂ ਨੂੰ ਦੋਖ ਸਹਿਤ ਜਾਣ ਕੇ ਇਨ੍ਹਾਂ ਦਾ ਤਿਆਗ ਕਰਨ ਦਾ ਨਾਮ ਵੈਰਾਗ ਹੈ। ਇਸ ਦੇ ਨਾਲ-ਨਾਲ ਵਿਵੇਕ ਵੀ ਹੋਣਾ ਅਤੀ ਜ਼ਰੂਰੀ ਹੈ। ਵੈਰਾਗ ਸ਼ਤਕ ਵਿਚ ਦੱਸਿਆ ਗਿਆ ਹੈ ਕਿ ਕਲਿਆਨ ਦੇ ਲਈ ਵੈਰਾਗ ਤੇ ਬਿਬੇਕ ਦੋਨੋਂ ਜ਼ਰੂਰੀ ਹਨ।

ਸੁਭ ਵੈਰਾਗ ਬਿਬੇਕ ਬਿਬ ਕਰਹਿ ਬੇਗ ਕਲਿਆਨ ॥
ਦ੍ਰਿਗ ਆਦਿਤਯ ਵਤ ਹਰਤ ਹੈ ਅੰਧਕਾਰ ਅਗਿਆਨ॥ (ਵੈਰਾਗ ਸ਼ਤਕ ਅਧਿ ੧੩)

ਜਿਸ ਤਰ੍ਹਾਂ ਹਨ੍ਹੇਰੇ ਨੂੰ ਦੂਰ ਕਰਨ ਲਈ ਸੂਰਜ ਜਾਂ ਕੋਈ ਹੋਰ ਰੌਸ਼ਨੀ ਦਾ ਸੋਮਾ ਅਤੇ ਅੱਖਾਂ; ਦੋਵੇਂ ਜ਼ਰੂਰੀ ਹਨ। ਭਾਵੇਂ ਦਿਨ ਸਮੇਂ ਪੂਰਾ ਚਾਨਣ ਹੁੰਦਾ ਹੈ ਪਰ ਜੇ ਅੱਖਾਂ ਨਾ ਹੋਣ ਤਾਂ ਵੀ ਕੁਝ ਨਹੀਂ ਦਿਸਦਾ ਭਾਵ ਹਨ੍ਹੇਰਾ ਹੀ ਹੈ। ਇਸੇ ਤਰਾਂ ਅਗਿਆਨਤਾ ਦੇ ਹਨ੍ਹੇਰੇ ਨੂੰ ਦੂਰ ਕਰਨ ਦੇ ਲਈ ਵੈਰਾਗ ਅਤੇ ਬਿਬੇਕ , ਦੋਨੋਂ ਜ਼ਰੂਰੀ ਹਨ। ਇਨ੍ਹਾਂ ਦੋਹਾਂ ਦੇ ਸਹਿਤ ਹੋ ਕੇ ਸਾਧਕ ਰੂਪ ਪੰਛੀ ਅਧਿਆਤਮਕਤਾ ਦੇ ਆਕਾਸ਼ ਵਿੱਚ ਉਡਾਰੀ ਲਾ ਸਕਦਾ ਹੈ।

**ਪੰਖੀ ਪੰਖ ਪ੍ਰਕਾਰ ਉਭੈ ਸਹਿਤ ਦੁਖ ਗਤ ਲਹਿਤ॥ (ਵੈਰਾਗ ਸ਼ਤਕ ਅਧਿ ੧੩)**

ਵੈਰਾਗ ਅਤੇ ਵਿਵੇਕ ਦੋਹਾਂ ਦੇ ਸਹਿਤ ਹੋ ਕੇ ਹੀ ਆਤਮਿਕ ਸੁਖ ਦੀ ਪ੍ਰਾਪਤੀ ਹੋ ਸਕਦੀ ਹੈ। ਵਿਵੇਕ ਦਾ ਅਰਥ, ਉਸ ਬੌਧਿਕ ਦਸ਼ਾ ਤੋਂ ਹੈ ਜਦੋਂ ਵਿਅਕਤੀ ਹੰਸ ਵਾਂਗ ਦੁੱਧ ਅਤੇ ਪਾਣੀ ਨੂੰ ਨਿਤਾਰ ਸਕਦਾ ਹੈ। ਭਾਵ ਕਿ ਜਦੋਂ ਸੱਚ ਅਤੇ ਝੂਠ ਦਾ ਨਿਤਾਰਾ ਕਰ ਸਕਣ ਦੇ ਸਮਰੱਥ ਹੋ ਜਾਦਾ ਹੈ। ਬੁੱਧੀ ਦੇ ਦੋ ਰੂਪ ਕਹੇ ਗਏ ਹਨ :- ਸੁਬੁੱਧੀ ਅਤੇ ਕੁਬੁੱਧੀ। ਜਿਸ ਵੇਲੇ ਬੁੱਧੀ ਕਲਿਆਣਕਾਰੀ ਮਾਰਗ ਨੂੰ ਤਿਆਗ ਕੇ ਵਿਨਾਸ਼ਕਾਰੀ ਮਾਰਗ ਨੂੰ ਗ੍ਰਹਿਣ ਕਰਦੀ ਹੈ, ਤਾਂ ਇਸ ਨੂੰ ਕੁਬੁੱਧੀ ਕਿਹਾ ਜਾਂਦਾ ਹੈ। ਪਰ ਜਦੋਂ ਬੁੱਧੀ ਵਾਸਤਵਿਕ ਮਾਰਗ 'ਤੇ ਜਿਗਿਆਸੂ ਨੂੰ ਤੋਰਦੀ ਹੈ, ਤਾਂ ਇਹ ਸੁਬੱਧੀ ਕਹਾਉਂਦੀ ਹੈ। ਇਸ ਸਮੇਂ ਇਹ ਸਹੀ-ਗਲਤ ਦਾ ਨਿਰਣਾ ਕਰਨ ਦੇ ਸਮਰੱਥ ਹੋ ਜਾਂਦੀ ਹੈ। ਇਸੇ ਬਿਰਤੀ ਨੂੰ 'ਬਿਬੇਕ' ਕਿਹਾ ਜਾਂਦਾ ਹੈ। ਵਿਚਾਰ ਸਾਗਰ ਵਿੱਚ ਬਿਬੇਕ ਲੱਛਣ ਇਸ ਤਰ੍ਹਾਂ ਪ੍ਰਗਟ ਕੀਤੇ ਗਏ ਹਨ-

**ਅਵਿਨਾਸ਼ੀ ਆਤਮ ਅਚਲ ਜਗ ਤਾਂ ਕੈ ਪ੍ਰਤੀਕੂਲ॥**
**ਐਸੋ ਗਿਆਨ ਵਿਵੇਕ ਹੈ ਸਭ ਸਾਧਨ ਕੋ ਮੂਲ਼॥**

ਸਾਡਾ 'ਆਤਮ' ਵਿਨਾਸ਼ ਤੋਂ ਰਹਿਤ ਹੈ ਅਤੇ ਕ੍ਰਿਆਹੀਨ ਹੈ। ਪਰ ਸੰਸਾਰ ਇਸ ਤੋਂ ਉਲਟ ਪ੍ਰਕਿਰਤੀ ਵਾਲਾ ਹੈ ਭਾਵ ਕਿ ਇਹ ਨਾਸ਼ਵਾਨ ਹੈ। ਸੱਚ ਸਰੂਪ ਆਤਮਾ ਅਤੇ ਮਿਥਿਆ ਸੰਸਾਰ ਨੂੰ ਵੱਖਰਾ ਕਰਕੇ ਜਨਾਉਣ ਵਾਲੀ ਹੰਸ-ਬ੍ਰਿਤੀ ਨੂੰ ਬਿਬੇਕ ਕਿਹਾ ਜਾਂਦਾ ਹੈ। ਇਹ ਸੰਸਾਰ ਸਦਾ ਰਹਿਣ ਵਾਲਾ ਨਹੀਂ ਹੈ, ਪਰ ਸਾਡਾ ਆਤਮ ਸਦੀਵੀ ਹੋਂਦ ਵਾਲਾ ਹੈ। ਇਸ ਬਿਬੇਕ ਨੂੰ ਕੋਈ ਵਿਰਲਾ ਪੁਰਸ਼ ਹੀ ਜਾਣ ਸਕਦਾ ਹੈ। ਭਾਈ ਗੁਰਦਾਸ ਜੀ ਨੇ ਇਸ ਬਾਰੇ ਦੱਸਿਆ ਹੈ:-

**ਰਾਗ ਜਾਤ ਰਾਗੀ ਜਾਨੈ, ਬੈਰਾਗੀ ਬੈਰਾਗ ਜਾਨੈ,**
**ਤਿਆਗਹਿ ਤਿਆਗੀ ਜਾਨੈ, ਦੀਨ ਦਇਆ ਦਾਨ ਹੈ॥**
**ਜੋਗ ਜੁਗਤ ਜੋਗੀ ਜਾਨੈ, ਭੋਗ ਰਸ ਭੋਗੀ ਜਾਨੈ,**
**ਰੋਗ ਦੋਖ ਰੋਗੀ ਜਾਨੈ,ਪ੍ਰਗਟ ਬਖਾਨ ਹੈ॥**
**ਫੂਲ ਰਾਖ ਮਾਲੀ ਜਾਨੈ, ਪਾਨਹਿ ਤੰਬੋਲੀ ਜਾਨੈ,**
**ਸਕਲ ਸੁਗੰਧ ਗਤਿ ਗਾਂਧੀ ਜਾਨਉ ਜਾਨ ਹੈ॥**
**ਰਤਨੈ ਜਉਹਾਰੀ ਜਾਨੈ, ਬਿਹਾਰੈ ਬਿਉਹਾਰੀ ਜਾਨੈ,**
**ਆਤਮ ਪ੍ਰੀਖਿਆ ਕੋਊ ਬਿਬੇਕੀ ਪਹਿਚਾਨ ਹੈ॥**

ਜਿਸ ਤਰ੍ਹਾਂ ਰਾਗਾਂ ਅਤੇ ਰਾਗਾਂ ਦੀਆਂ ਜਾਤੀਆਂ ਨੂੰ ਰਾਗੀ, ਸੰਸਾਰ ਤੋਂ ਉਪਰਾਮਤਾ ਨੂੰ

ਬੈਰਾਗਵਾਨ, ਤਿਆਗ ਨੂੰ ਕੋਈ ਸੰਨਿਆਸੀ ਤੇ ਗਰੀਬਾਂ ਤੇ ਦਇਆ ਕਰਨ ਬਾਰੇ ਕੋਈ ਦਾਨੀ ਹੀ ਜਾਣ ਸਕਦਾ ਹੈ। ਕਠਿਨ ਜੋਗ ਸਾਧਨਾ ਨੂੰ ਕੋਈ ਜੋਗੀ, ਵਿਸ਼ੇ-ਭੋਗਾਂ ਦੇ ਰਸ ਨੂੰ ਭੋਗਾਂ ਵਿਚ ਗਲਤਾਨ ਕੋਈ ਭੋਗੀ ਪੁਰਸ਼, ਰੋਗ ਦੇ ਦੁੱਖ ਨੂੰ ਕੋਈ ਰੋਗੀ ਹੀ ਜਾਣ ਸਕਦਾ ਹੈ, ਇਹ ਗੱਲ ਵੀ ਪ੍ਰਗਟ ਹੀ ਦੱਸੀ ਜਾਂਦੀ ਹੈ। ਫੁੱਲਾਂ ਦੀ ਰਾਖੀ ਬਾਰੇ ਕੋਈ ਮਾਲੀ ਤੇ ਸਾਰੀਆਂ ਸੁਗੰਧੀਆਂ ਨੂੰ ਮਾਣਨ ਵਾਲਾ ਹੀ ਸੁਗੰਧਾਂ ਬਾਰੇ ਦੱਸ ਸਕਦਾ ਹੈ। ਅੰਤ ਵਿੱਚ ਦੱਸਦੇ ਹਨ ਕਿ ਇਸੇ ਤਰ੍ਹਾਂ ਆਪਣੇ ਆਤਮ ਦੀ ਅਸਲੀਅਤ ਨੂੰ ਕੋਈ ਬਿਬੇਕੀ ਪੁਰਖ ਹੀ ਪਛਾਣ ਸਕਦਾ ਹੈ। ਪਰ ਇਸ ਬਿਬੇਕ ਦੀ ਪ੍ਰਾਪਤੀ ਲਈ ਅੰਦਰੋਂ ਤਾਂਘ ਦੀ ਲੋੜ ਹੁੰਦੀ ਹੈ। ਇਹ ਤਾਂਘ ਜੀਵ ਦੇ ਆਪਣੇ ਪੂਰਬਲੇ ਕਰਮਾਂ ਅਨੁਸਾਰ ਅਤੇ ਪ੍ਰਮਾਤਮਾ ਦੀ ਨਦਰਿ ਨਾਲ ਪ੍ਰਾਪਤ ਹੁੰਦੀ ਹੈ। ਇਸੇ ਤਰ੍ਹਾਂ ਪਰਿਵਾਰ ਵੱਲੋਂ ਚੰਗੀ ਸੇਧ ਮਿਲਣ ਕਰਕੇ ਗਿਆਨੀ ਦੀਦਾਰ ਸਿੰਘ ਦੇ ਮਨ ਵਿੱਚ ਗੁਰਮਤਿ ਗਿਆਨ ਦੀ ਪ੍ਰਾਪਤੀ ਲਈ ਇੱਕ ਤਾਂਘ ਪੈਦਾ ਹੋ ਗਈ। ਜਿਸ ਕਰਕੇ ਉਹ ਸਤਿਗੁਰੂ ਜੀ ਦੁਆਰਾ ਗੁਰੂ ਕੀ ਕਾਸ਼ੀ ਦਾ ਰੁਤਬਾ ਪ੍ਰਾਪਤ ਕਰ ਚੁੱਕੀ ਸ਼੍ਰੀ ਦਮਦਮਾ ਸਾਹਿਬ ਦੀ ਪਾਵਨ ਧਰਤੀ 'ਤੇ ਗੁਰਮਤਿ ਵਿੱਦਿਆ ਪੜ੍ਹਣ ਲਈ ਚਲੇ ਗਏ। ਇੱਥੇ ਉਨ੍ਹਾਂ ਨੇ ਬੁੰਗਾ ਮਸਤੂਆਣਾ ਵਿਖੇ ਰਹਿ ਕੇ ਕੁਝ ਸਮਾਂ ਗੁਰਮਤਿ ਦੀ ਵਿੱਦਿਆ ਪੜ੍ਹੀ। ਇਸ ਤੋਂ ਬਾਅਦ ਸੰਤ ਬਾਬਾ ਅਮਰ ਸਿੰਘ ਜੀ ਕਿਰਤੀ ਕੋਲ ਕਥਾ ਵੀਚਾਰ ਵਾਲੇ ਗ੍ਰੰਥ ਪੜ੍ਹਣ ਲਈ ਫੱਤਾ ਮਾਲੋ ਕਾ ਵਿਖੇ ਆ ਗਏ।

ਮਹਾਂਪੁਰਖ ਕਿਸੇ ਵੀ ਵਿਦਿਆਰਥੀ ਨੂੰ ਆਪਣੇ ਕੋਲ ਰੱਖਣ ਤੋਂ ਪਹਿਲਾਂ ਉਸ ਦੀ ਪੂਰੀ ਪਰਖ ਕਰਦੇ ਸਨ। ਉਸ ਵਿਚਲੇ ਗੁਣ ਨੂੰ ਦੇਖਣ ਲਈ ਉਸ ਦੀ ਵਿੱਦਿਆ ਪ੍ਰਤੀ ਲਗਨ, ਗੁਰਸਿੱਖੀ ਦੇ ਮੁੱਢਲੇ ਅਸੂਲਾਂ ਦੇ ਧਾਰਣੀ ਹੋਣ ਬਾਰੇ ਚੰਗੀ ਪਰਖ ਕਰਦੇ ਸਨ। ਫਿਰ ਉਸ ਨੂੰ ਉਸ ਦੀ ਯੋਗਤਾ ਅਨੁਸਾਰ ਵਿੱਦਿਆ ਪੜ੍ਹਾਉਂਦੇ ਸਨ। ਜਿਸ ਭਾਂਡੇ ਵਿੱਚ ਵਿੱਦਿਆ ਰੂਪੀ ਵਸਤੂ ਪਾਉਣੀ ਹੁੰਦੀ ਸੀ, ਉਸ ਦੀ ਪਕਿਆਈ ਨੂੰ ਪਰਖਣ ਲਈ ਚੰਗੀ ਤਰ੍ਹਾਂ ਟੁਣਕਾ ਕੇ ਵੇਖਦੇ ਸਨ। ਕਿਉਂਕਿ ਮਨ ਹੀ ਇੱਕ ਐਸਾ ਖਜ਼ਾਨਾ ਹੈ। ਜਿਹੜਾ ਜਿਸ ਤਰ੍ਹਾਂ ਦੇ ਗੁਣਾਂ ਨਾਲ ਮਰਜ਼ੀ ਭਰ ਲਿਆ ਜਾਵੇ। ਮਨ ਸਰੀਰ ਅੰਦਰਲਾ ਕੋਈ ਸਥੂਲ ਅੰਗ ਨਹੀਂ ਹੈ। ਇਹ ਤਾਂ ਦੁੱਖ-ਸੁੱਖ, ਸੰਕਲਪ-ਵਿਕਲਪ, ਇੱਛਾ ਅਤੇ ਵਿਚਾਰ ਦੇ ਅਨੁਭਵ ਦੀ ਸ਼ਕਤੀ ਹੈ। ਜਿਸ ਤਰ੍ਹਾਂ ਦੀ ਵਿਚਾਰਾਂ ਨੂੰ ਅਸੀਂ ਗ੍ਰਹਿਣ ਕਰਦੇ ਹਾਂ, ਮਨ ਦੀ ਹਾਲਤ ਵੀ ਉਹੋ ਜਿਹੀ ਹੋ ਜਾਂਦੀ ਹੈ। ਇਹ ਅਸਾਡੇ ਸਰੀਰ ਦਾ ਬਹੁਤ ਹੀ ਸੂਖਮ ਅੰਸ਼ ਹੈ, ਜੋ ਕਿ ਅਦ੍ਰਿਸ਼ ਹੈ। ਵਿਦਵਾਨਾਂ ਦਾ ਮਤ ਹੈ ਕਿ ਮਨ ਇੱਕ ਅਜਿਹਾ ਕਾਰਖਾਨਾ ਹੈ, ਜਿੱਥੇ ਹਰ ਵੇਲੇ ਸੰਕਲਪਾਂ-ਵਿਕਲਪਾਂ ਦੀ ਕਪਾਹ ਵੇਲੀ ਜਾਂਦੀ ਹੈ। ਫੁਰਨਿਆਂ ਦੀ ਰੂੰ ਦਾ ਕੱਪੜਾ ਤਿਆਰ ਕੀਤਾ ਜਾਂਦਾ ਹੈ। ਫਿਰ ਫੁਰਨਿਆਂ ਦੁਆਰਾ ਹੀ ਇਹ ਸੀਤਾ (ਪਰੋਣਾ) ਜਾਂਦਾ ਹੈ।

ਭਾਵ ਇਹ ਹੈ ਕਿ ਮਨ ਵਿੱਚ ਹਰ ਸਮੇਂ ਸੰਕਲਪ ਤੇ ਵਿਕਲਪ ਪੈਦਾ ਹੋਣ ਨਾਲ ਨਿੱਤ ਨਵੇਂ ਫੁਰਨੇ ਆਉਂਦੇ ਹਨ। ਮਨ ਨੂੰ ਅਤੀ ਚੰਚਲ ਮੰਨਿਆ ਗਿਆ ਹੈ। ਕਿਉਂਕਿ ਇਹ ਹਰ ਸਮੇਂ ਕਿਸੇ ਨਾ ਕਿਸੇ ਪਾਸੇ ਵੱਲ ਨੂੰ ਦੌੜਿਆ ਰਹਿੰਦਾ ਹੈ। ਗੁਰਬਾਣੀ ਦਾ ਫੁਰਮਾਨ ਹੈ:-

**ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ ॥**

**ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ ॥**
**(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੮੭੬)**

ਮਨ ਦੀ ਇਕਾਗਰਤਾ ਹੀ ਪ੍ਰਭੂ ਦੀ ਬੰਦਗੀ ਲਈ ਸਭ ਤੋਂ ਵੱਧ ਲੋੜੀਂਦੀ ਚੀਜ਼ ਹੈ। ਪਰ ਇਹ ਮਨ ਇੱਕ ਥਾਂ ਟਿਕ ਕੇ ਰਹਿਣ ਵਾਲਾ ਨਹੀਂ ਹੈ। ਗ੍ਰੰਥ ਕਾਰਾਂ ਨੇ ਮਨ ਦੀ ਤੁਲਨਾ ਬਾਂਦਰ ਨਾਲ ਕਰਦੇ ਹੋਇਆਂ ਕਿਹਾ ਹੈ:-

**ਕਬਹੂ ਨ ਮਨ ਥਿਰਤਾ ਗਹੀ ਸਮਝਾਯੋ ਸੈ ਪੋਤ ॥**
**ਜੈਸੇ ਮਰਕਟ ਬ੍ਰਿਛ ਪਰ ਕਬਹੂ ਨ ਠਾਢੋ ਹੋਤ ॥**

ਜਿਸ ਤਰ੍ਹਾਂ ਬਾਂਦਰ ਦਰਖਤਾਂ ਦੀਆਂ ਟਾਹਣੀਆਂ ਉਪੱਰ ਟੱਪਦਾ ਰਹਿੰਦਾ ਹੈ, ਇਸੇ ਤਰ੍ਹਾਂ ਮਨ ਵੀ ਨਿੱਤ ਅਨੇਕਾਂ ਤਰ੍ਹਾਂ ਦੀਆਂ ਵਾਸ਼ਨਾਵਾਂ ਵੱਲ ਭੱਜਦਾ ਰਹਿੰਦਾ ਹੈ ਮਨ ਵਿੱਚ ਅਨੇਕਾਂ ਤਰ੍ਹਾਂ ਦੇ ਵਿਕਾਰ ਕਾਮ, ਕ੍ਰੋਧ, ਲੋਭ ਮੋਹ, ਹੰਕਾਰ, ਆਸ਼ਾਵਾਂ ਅਤੇ ਵਾਸ਼ਨਾਵਾਂ ਪੈਦਾ ਹੋਣ ਨਾਲ ਜੀਵ ਸਦਾ ਦੁਖੀ ਰਹਿੰਦਾ ਹੈ। ਪਰ ਮਨ ਨੂੰ ਜਦ ਵੱਸ ਕਰ ਲਿਆ ਜਾਂਦਾ ਹੈ ਤੇ ਵਿਕਾਰਾਂ ਦੀ ਸੰਗਤ ਵੱਲੋਂ ਰੋਕ ਕੇ ਹਰੀ ਦੇ ਸਿਮਰਨ ਵਿਚ ਲਗਾ ਲਿਆ ਜਾਂਦਾ ਹੈ, ਤਾਂ ਇਹ ਗੰਗਾ ਜਲ ਦੀ ਤਰ੍ਹਾਂ ਪਵਿੱਤ੍ਰ ਹੋ ਜਾਂਦਾ ਹੈ। ਜਿਸ ਤਰ੍ਹਾਂ ਭਗਤ ਕਬੀਰ ਨੇ ਕਥਨ ਕੀਤਾ ਹੈ:-

**ਕਬੀਰ ਮਨ ਨਿਰਮਲ ਭਇਆ ਜੈਸਾ ਗੰਗਾ ਨੀਰ ॥**
**ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥**

ਜਿਸ ਦੇ ਮਨ ਨੇ ਥਿਰਤਾ ਪ੍ਰਾਪਤ ਕਰ ਲਈ ਤਾਂ ਭੁੱਖ-ਪਿਆਸ, ਖੁਸ਼ੀ ਗਮੀ, ਦੁਖ ਸੁਖ ਉਸਨੂੰ ਨਹੀਂ ਪੋਹ ਸਕਦੇ। ਉਹ ਖੁਸ਼ੀ ਹੋਣ ਤੇ ਪ੍ਰਮੇਸ਼ਰ ਦੇ ਨਾਮ ਨੂੰ ਨਹੀਂ ਵਿਸਾਰਦੇ ਤੇ ਨਾ ਹੀ ਕਿਸੇ ਦੁਖ ਸਮੇਂ ਡੋਲਦੇ ਹਨ। ਕਿਸੇ ਕੰਮ ਨੂੰ ਪ੍ਰਪੱਕਤਾ ਨਾਲ ਕਰਨ ਦੇ ਲਈ ਮਨ ਨੂੰ ਪ੍ਰਪੱਕ ਕਰਨਾ ਪੈਂਦਾ ਹੈ। ਵਿਗਿਆਨ ਵੀ ਇਸ ਗੱਲ ਨੂੰ ਮੰਨਦਾ ਹੈ ਕਿ ਅੱਜ ਬਹੁਤ ਜ਼ਿਆਦਾ ਸਰੀਰਕ ਰੋਗਾਂ ਦਾ ਕਾਰਨ ਵੀ ਮਾਨਸਿਕ ਅਸੰਤੁਸ਼ਟੀ ਹੈ। ਕਿਸੇ ਕੰਮ ਵਿੱਚ ਕੁਸ਼ਲਤਾ ਦਾ ਆਧਾਰ ਵੀ ਮਨ ਦੀ ਹਾਲਤ ਹੀ ਹੈ। ਵਿੱਦਿਆ ਪੜ੍ਹਣ ਲਈ ਮਨ ਦੀ ਇਕਾਗਰਤਾ ਹੀ ਸਭ ਤੋਂ ਵੱਡੀ ਗੱਲ ਮੰਨੀ ਗਈ ਹੈ। ਮਨ ਕਿਸੇ ਹੋਰ ਪਾਸੇ ਦੌੜਣ ਤੋਂ ਰੋਕ ਕੇ ਚਿੰਤਨ ਵਿੱਚ ਜੋੜ ਲੈਣ ਦਾ ਨਾਮ ਹੀ ਮਨ ਦੀ ਇਕਾਗਰਤਾ ਹੈ। ਮਨ ਨੂੰ ਵੱਸ ਕਰਨਾ ਕੋਈ ਸੌਖਾ ਕੰਮ ਨਹੀਂ ਹੈ। ਸਤਿਗੁਰੂ ਜੀ ਗੁਰਬਾਣੀ ਵਿੱਚ ਇਸੇ ਗੱਲ ਦੀ ਵਿਚਾਰ ਕਰਦੇ ਹਨ ਕਿ:-

**ਇਹੁ ਮਨ ਕਿਉ ਕਰਿ ਵਸਿ ਆਵੈ ॥**

ਫਿਰ ਆਪ ਹੀ ਇਸ ਦਾ ਉਤਰ ਦਿੰਦੇ ਹਨ-

**ਗੁਰ ਪਰਸਾਦੀ ਠਾਕੀਐ ਗਿਆਨ ਮਤੀ ਘਰ ਆਵੈ ॥**

ਗੁਰੂ ਦੀ ਕਿਰਪਾ ਨਾਲ ਹੀ ਵੱਸ ਵਿਚ ਆ ਸਕਦਾ ਹੈ। ਫਿਰ ਇਹ ਅੰਧਕਾਰਮਈ ਮਨ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਪ੍ਰਕਾਸ਼ਮਈ ਹੋ ਜਾਂਦਾ ਹੈ। ਮਨ ਦੁਰ-ਬ੍ਰਿਤੀਆਂ ਨੂੰ ਤਿਆਗ ਕੇ ਵਾਸ਼ਨਾ-ਮੁਕਤ ਹੋ ਜਾਂਦਾ ਹੈ। ਅਜਿਹੀ ਹਾਲਤ ਵਿੱਚ ਮਨ ਸਤਿਗੁਰੂ ਅਤੇ ਸਤਿਗੁਰੂ ਜੀ ਦੇ ਪਿਆਰਿਆਂ ਦੀ ਸੇਵਾ ਵਿੱਚ ਸਹਿਜੇ ਹੀ ਲੱਗ ਸਕਦਾ ਹੈ। ਮਨਮੁਖ ਸ਼ਬਦ ਉਹਨਾਂ ਲਈ ਵਰਤਿਆ

ਜਾਂਦਾ ਹੈ, ਜਿਨ੍ਹਾਂ ਨੇ ਆਪਣੇ ਕੰਮ ਵਿੱਚ ਮਨ ਨੂੰ ਹੀ ਮੁਖੀ ਬਣਾ ਕੇ ਰੱਖਿਆ ਹੈ। ਪਰ ਗੁਰਮੁੱਖ ਆਪਣੇ ਮਨ ਨੂੰ ਨੀਵਾਂ ਕਰ ਕੇ ਗੁਰੂ ਵੱਲ ਨੂੰ ਮੁੱਖ ਰੱਖਦੇ ਹਨ। ਗੁਰਮੁਖਾਂ ਨੇ ਆਪਣਾ ਤਨ ਅਤੇ ਮਨ ਪੂਰਣ ਤੌਰ 'ਤੇ ਗੁਰੂ ਨੂੰ ਅਰਪਣ ਕਰ ਦਿੱਤਾ ਹੁੰਦਾ ਹੈ। ਉਸ ਦੇ ਮਨ ਵਿੱਚ ਇਹੋ ਭਾਵਨਾ ਹੁੰਦੀ ਹੈ-

**ਗੁਰ ਕਹਿਆ ਸਾ ਕਾਰ ਕਮਾਵਹੁ॥**

ਇਸੇ ਤਰ੍ਹਾਂ ਗੁਰਮੁਖ ਸਤਿਗੁਰੂ ਜੀ ਦੇ ਦਰਸਾਏ ਮਾਰਗ 'ਤੇ ਚਲਦੇ ਹਨ।

ਸਤਿਗੁਰੂ ਜੀ ਫੁਰਮਾਉਂਦੇ ਹਨ:-

**ਗੁਰਸਿਖ ਮੀਤ ਚਲਹੁ ਗੁਰ ਚਾਲੀ॥**
**ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ ॥**

ਗੁਰੂ ਦੇ ਕਹੇ ਹਰ ਬਚਨ ਨੂੰ ਸਤਿ ਬਚਨ ਕਹਿ ਕੇ ਮੰਨ ਲੈਣਾ ਗੁਰਮੁਖ ਦੀ ਸਭ ਤੋਂ ਵੱਡੀ ਨਿਸ਼ਾਨੀ ਹੈ। ਧੰਨ ਸ਼੍ਰੀ ਗੁਰੂ ਅੰਗਦ ਦੇਵ ਜੀ ਨੇ ਭਾਈ ਲਹਿਣਾ ਦੇ ਰੂਪ ਵਿੱਚ ਧੰਨ ਗੁਰੂ ਨਾਨਕ ਦੇਵ ਜੀ ਦੀ ਸੇਵਾ ਕਰਦਿਆਂ ਹੋਇਆਂ ਗੁਰਸਿੱਖਾਂ ਨੂੰ ਹੁਕਮ ਮੰਨਣ ਦੀ ਜਾਂਚ ਸਿਖਾਈ। ਗੁਰ ਇਤਿਹਾਸ ਦੀਆਂ ਅਨੇਕਾਂ ਸਾਖੀਆਂ ਭਾਈ ਲਹਿਣਾ ਜੀ ਦੀ ਇਸ ਸਾਧਨਾ ਬਾਰੇ ਗਿਆਨ ਕਰਾਉਂਦੀਆਂ ਹਨ। ਇੱਕ ਵਾਰ ਧੰਨ ਗੁਰੂ ਨਾਨਕ ਦੇਵ ਜੀ ਨੇ ਅੱਧੀ ਰਾਤ ਦੇ ਸਮੇਂ ਸਾਰੇ ਸਿੱਖਾਂ ਨੂੰ ਪੁੱਛਿਆ ਕਿ ਰਾਤ ਕਿੰਨੀ ਕੁ ਲੰਘ ਗਈ ਹੈ ? ਤਦ ਬਾਬਾ ਬੁੱਢਾ ਜੀ ਨੇ ਕਿਹਾ ਕਿ ਮਹਾਰਾਜ ਅੱਧੀ ਕੁ ਰਾਤ ਲੰਘ ਗਈ ਹੈ। ਸਤਿਗੁਰੂ ਜੀ ਕਹਿਣ ਲੱਗੇ, "ਨਹੀਂ ਭਾਈ, ਅਜੇ ਇੱਕ ਪਹਿਰ ਰਾਤ ਲੰਘੀ ਹੈ।" ਬਾਬਾ ਜੀ ਆਕਾਸ਼ ਵੱਲ ਚੰਗੀ ਤਰ੍ਹਾਂ ਵੇਖ ਕੇ ਫਿਰ ਕਹਿਣ ਲੱਗੇ, "ਮਹਾਰਾਜ ਰਾਤ ਅੱਧੀ ਲੰਘ ਚੁੱਕੀ ਹੈ ।

ਇਸ ਤਰ੍ਹਾਂ ਜਦ ਭਾਈ ਲਹਿਣਾ ਜੀ ਨੂੰ ਪੁੱਛਿਆ ਤਾਂ ਕਹਿਣ ਲੱਗੇ:-

**ਜਿਤਨੀ ਨਿਸਾ ਬਿਤਾਈ ਰਾਉਰ॥**
**ਤਿਤਨੀ ਬਿਤੀ, ਨ ਮੈਂ ਲਖਿ ਬਾਉਰ॥**
**ਅਬ ਜਿਤਨੀ ਰਾਖੀ ਸੋ ਰਹੀ॥**
**ਸਰਬ ਕਾਲ ਕੋ ਕਰਤਾ ਤੂਹੀ॥** (ਸ਼੍ਰੀ ਨਾਨਕ ਪ੍ਰਕਾਸ਼ ਉਤਰਾਰਧ)

ਇਸ ਤਰ੍ਹਾਂ ਅਨੇਕਾਂ ਗੁਰੂ ਘਰ ਦੇ ਸੇਵਾਦਾਰ ਸਿੱਖਾਂ ਨੇ ਸਤਿਗੁਰੂ ਜੀ ਹਰ ਵਚਨ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ ਅਤੇ ਆਪਣੇ ਮਨ ਨੂੰ ਹਮੇਸ਼ਾ ਨੀਵਾਂ ਰੱਖਿਆ। ਇਸ ਤਰ੍ਹਾਂ ਚੰਗਾ ਸ਼ਗਿਰਦ ਵੀ ਆਪਣੇ ਉਸਤਾਦ ਦੀ ਆਗਿਆ ਨੂੰ ਹੀ ਮੁੱਖ ਰੱਖਦਾ ਹੈ। ਇਸ ਆਗਿਆਕਾਰਤਾ ਦੇ ਨਿਯਮ ਵਿਚ ਉਹ ਆਪਣੇ ਮਨ ਦੀ ਇੱਛਾ ਨੂੰ ਅੜਚਣ ਨਹੀਂ ਬਣਨ ਦਿੰਦਾ। ਆਗਿਆਕਾਰੀ ਹੋਣਾ ਹੀ ਚੰਗੇ ਸਿੱਖਿਆਰਥੀ ਦਾ ਸਭ ਤੋਂ ਮੁੱਖ ਗੁਣ ਹੈ।

ਜਦ ੧੯੮੦ ਵਿੱਚ ਗਿਆਨੀ ਦੀਦਾਰ ਸਿੰਘ ਜੀ 'ਫੱਤਾ ਮਾਲੋਕਾ' ਵਿਖੇ ਗੁਰਮਤਿ ਵਿੱਦਿਆ ਪੜ੍ਹਨ ਲਈ ਕਿਰਤੀ ਜੀ ਕੋਲ ਆਏ। ਸੰਥਿਆ ਅਜੇ ਛੋਟੇ ਗ੍ਰੰਥਾਂ ਦੀ ਆਰੰਭ ਹੀ ਹੋਈ ਸੀ ਕਿ ਵਿਸਾਖੀ ਦਾ ਜੋੜ ਮੇਲਾ ਆ ਗਿਆ ਵਿਸਾਖੀ ਵਾਲੇ ਦਿਨ ਨਗਰ ਵਿੱਚ ਵੀ ਸ਼੍ਰੀ ਅਖੰਡ

ਪਾਠ ਸਾਹਿਬ ਦਾ ਭੋਗ ਪਾਉਣਾ ਸੀ। ਭਾਈ ਦੀਦਾਰ ਸਿੰਘ ਜੀ ਨੇ ਸੰਤਾਂ ਨੂੰ ਪੁੱਛਿਆ ਕਿ ਦਮਦਮਾ ਸਾਹਿਬ ਵਿਸਾਖੀ 'ਤੇ ਜਾਣ ਦੀ ਇਜ਼ਾਜ਼ਤ ਦੇ ਦੇਵੋ, ਤਾਂ ਦਰਸ਼ਨ ਕਰ ਆਈਏ, ਨਾਲ ਹੀ ਹਮ-ਜਮਾਤੀਆਂ ਦੇ ਮਿਲਾਪ ਵੀ ਹੋ ਜਾਣਗੇ। ਸੰਤ ਕਹਿਣ ਲੱਗੇ ਕਿ ਤੁਸੀਂ ਨਗਰ ਵਿੱਚ ਸ਼੍ਰੀ ਅਖੰਡ ਪਾਠ ਸਾਹਿਬ ਦਾ ਭੋਗ ਪਾਉਣਾ ਹੈ, ਦਮਦਮਾ ਸਹਿਬ ਫਿਰ ਕਦੇ ਜਾ ਆਉਣਾ। ਭਾਈ ਦੀਦਾਰ ਸਿੰਘ ਜੀ ਨੇ ਸਤਿ ਬਚਨ ਕਹਿ ਕੇ ਪ੍ਰਵਾਨ ਕੀਤਾ। ਭਾਈ ਕੌਰ ਸਿੰਘ ਨੇ ਭਾਈ ਦੀਦਾਰ ਸਿੰਘ ਨੂੰ ਵਿਸਾਖੀ 'ਤੇ ਜਾਣ ਬਾਰੇ ਪੁੱਛਿਆ, ਤਾਂ ਕਹਿਣ ਲੱਗੇ ਕਿ ਮਹਾਂਪੁਰਖਾਂ ਨੇ ਇੱਥੇ ਹੀ ਰਹਿਣ ਦੀ ਹਦਾਇਤ ਕੀਤੀ ਹੈ। ਭਾਈ ਕੌਰ ਸਿੰਘ ਨੇ ਸੰਤਾਂ ਨੂੰ ਕਿਹਾ ਕਿ ਭਾਈ ਦੀਦਾਰ ਸਿੰਘ ਨੂੰ ਵਿਸਾਖੀ 'ਤੇ ਜਾਣ ਤੋਂ ਕਿਉਂ ਰੋਕ ਦਿੱਤਾ, ਭੋਗ ਕੋਈ ਹੋਰ ਸਿੰਘ ਪਾ ਦੇਵੇਗਾ। ਤਾਂ ਸੰਤ ਕਹਿਣ ਲੱਗੇ ਕਿ ਭੇਜਾਂਗੇ ਜ਼ਰੂਰ ਇਹ ਤਾਂ ਪਰਖਦੇ ਸੀ ਕਿ ਜਿਸਨੂੰ ਵਿੱਦਿਆ ਦੇਣੀ ਹੈ, ਉਹ ਸਤਿਬਚਨ ਦਾ ਅਧਿਕਾਰੀ ਹੈ ਜਾਂ ਨਹੀਂ। ਇਸ ਤਰ੍ਹਾਂ ਭਾਂਡਾ ਵੇਖ ਕੇ ਹੀ ਵਸਤੂ ਪਾਉਣਾ ਚਾਹੁੰਦੇ ਸਨ। ਵਿਸਾਖੀ ਤੋਂ ਬਾਅਦ ਗਿਆਨੀ ਦੀਦਾਰ ਸਿੰਘ ਜੀ ਦੀ ਛੋਟੇ ਗ੍ਰੰਥਾਂ ਦੀ ਸੰਥਿਆ ਆਰੰਭ ਹੋ ਗਈ। ਇਹਨਾਂ ਨੇ ਸੰਤਾਂ ਨੂੰ ਬੇਨਤੀ ਕੀਤੀ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਸੁਣਾਉਣ ਦੀ ਕ੍ਰਿਪਾਲਤਾ ਕਰੋ। ਸੰਤਾਂ ਨੇ ਕਿਹਾ, "ਹੱਥੀਂ ਲਿਖੀਆਂ ਕਥਾ ਦੀਆਂ ਕਾਪੀਆਂ ਨਜ਼ਰ ਕਮਜ਼ੋਰ ਹੋਣ ਕਰਕੇ ਪੜ੍ਹੀਆਂ ਨਹੀਂ ਜਾਂਦੀਆਂ। ਲਧਾਈਕੇ ਜਾ ਕੇ ਕਥਾ ਸੁਣ ਲਵੋ, ਉੱਥੇ ਲੜੀਵਾਰ ਕਥਾ ਪ੍ਰਾਰੰਭ ਹੈ।" ਨਾਲ ਹੀ ਇਹ ਵੀ ਕਹਿ ਦਿੱਤਾ ਕਿ ਜੇ ਚਿੱਤ ਨਾ ਲੱਗਾ ਤਾਂ ਵਾਪਿਸ ਆ ਜਾਣਾ। ਇੱਥੇ ਇਤਿਹਾਸ ਦੀ ਕਥਾ ਸ਼ੁਰੂ ਕਰ ਦੇਵਾਂਗੇ।

ਸੰਤਾਂ ਦੇ ਕਹਿਣ 'ਤੇ ਗਿਆਨੀ ਦੀਦਾਰ ਸਿੰਘ ਲਧਾਈ ਕੇ ਚਲੇ ਗਏ। ਪਰ ਮਨ ਸੰਤਾਂ ਪਾਸ ਫੱਤੇ ਹੀ ਰਹਿ ਗਿਆ, ਕੇਵਲ ਸਰੀਰ ਹੀ ਕਲਿਆਣ ਸਰ ਲਧਾਈ ਕੇ ਪਹੁੰਚਿਆ। ਪਿਛਲੀ ਖਿੱਚ ਕਰਕੇ ਤਿੰਨ ਕੁ ਮਹੀਨੇ ਉੱਥੇ ਲਗਾ ਕੇ ਵਾਪਿਸ ਫੱਤੇ ਆ ਗਏ। ਮਹਾਂਪੁਰਖਾ ਦੇ ਕਹਿਣ ਅਨੁਸਾਰ ਸ਼੍ਰੀ ਨਾਨਕ ਪ੍ਰਕਾਸ਼ ਤੋਂ ਸ਼ੁਰੂਆਤ ਕਰਕੇ ਸਾਰੇ ਹੀ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਕਥਾ ਚਲਦੀ ਰਹੀ। ਜਦ ਕਥਾ ਮਹੀਨੇ ਕੁ ਦੀ ਰਹਿ ਗਈ, ਤਾਂ ਮਹਾਂਪੁਰਖਾਂ ਦਾ ਸਰੀਰ ਕੁੱਝ ਢਿੱਲਾ ਹੋਣ ਕਰਕੇ ਸੰਥਿਆ ਬੰਦ ਹੋ ਗਈ। ਗਿਆਨੀ ਦੀਦਾਰ ਸਿੰਘ ਜੀ ਦੀ ਤਬੀਅਤ ਵੀ ਕੁੱਝ ਉਦਾਸ ਰਹਿਣ ਲੱਗੀ। ਜਿਸ ਤਰ੍ਹਾਂ ਕਿਸੇ ਨੂੰ ਦੋ ਦਿਨ ਖਾਣ ਲਈ ਭੋਜਨ ਨਾ ਮਿਲੇ ਤਾਂ ਉਸ ਦਾ ਚਿਹਰਾ ਮੁਰਝਾ ਜਿਹਾ ਜਾਂਦਾ ਹੈ। ਜਦ ਰੋਜ਼ਾਨਾ ਗੁਰਮਤਿ ਗਿਆਨ ਦਾ ਅਹਾਰ ਜੋ ਮਹਾਂਪੁਰਖ ਕੋਲ ਬਿਠਾ ਕੇ ਛਕਾਉਂਦੇ ਸਨ, ਉਸ ਦੇ ਨਾ ਮਿਲਣ ਕਰਕੇ ਗਿਆਨੀ ਦੀਦਾਰ ਸਿੰਘ ਦੇ ਚਿਹਰੇ ਉਪਰ ਰੌਣਕ ਨਾ ਰਹੀ। ਭਾਈ ਕੌਰ ਸਿੰਘ ਜੀ ਨੂੰ ਸੰਤ ਪੁੱਛਣ ਲੱਗੇ ਕਿ ਭਾਈ ਦੀਦਾਰ ਸਿੰਘ ਦਾ ਸਰੀਰ ਹੀ ਢਿੱਲਾ ਹੈ ਜਾਂ ਸੰਥਿਆ ਬੰਦ ਹੋਣ ਕਰਕੇ ਚਿੰਤਾਤੁਰ ਹੈ। ਭਾਈ ਕੌਰ ਸਿੰਘ ਨੇ ਜਦ ਗਿਆਨੀ ਦੀਦਾਰ ਸਿੰਘ ਨੂੰ ਪੁੱਛਿਆ, ਤਾਂ ਇਨ੍ਹਾਂ ਨੇ ਸੰਥਿਆ ਬੰਦ ਹੋਣਾ ਹੀ ਕਾਰਣ ਦੱਸਿਆ। ਭਾਈ ਕੌਰ ਸਿੰਘ ਨੇ ਇਨ੍ਹਾਂ ਦੀ ਵਿਚਾਰ ਸੰਤਾਂ ਨੂੰ ਦੱਸ ਦਿੱਤੀ। ਇੱਕ ਦਿਨ ਜਦ ਦੀਦਾਰ ਸਿੰਘ ਜੀ ਪਾਣੀ ਲੈਣ ਲਈ ਘੜਾ ਚੁੱਕ ਕੇ ਟੂਟੀ ਵੱਲ ਜਾ ਰਹੇ ਸਨ, ਤਾਂ ਮਹਾਂਪੁਰਖ ਮਿਲੇ ਤੇ ਕਹਿਣ ਲੱਗੇ ਕਿ ਅਸੀਂ ਕਿਸੇ ਨੂੰ ਬਿਨਾਂ ਕਾਰਣ ਨਹੀਂ ਰੱਖਣਾ ਚਾਹੁੰਦੇ। ਸਰੀਰ ਢਿੱਲਾ ਹੋਣ ਕਰਕੇ ਸੰਥਿਆ ਰੋਕੀ

ਹੈ। ਜਿੱਥੇ ਵੀ ਜਾਏਂਗਾ, ਤੇਰੀ ਸੰਥਿਆ ਪੂਰੀ ਕਰਕੇ ਆਵਾਂਗਾ। ਸੰਤਾਂ ਦੇ ਨੇਤ੍ਰ ਸੱਜਲ ਹੋ ਗਏ। ਭਾਈ ਦੀਦਾਰ ਸਿੰਘ ਕਹਿਣ ਲੱਗੇ ਕਿ ਹੁਣ ਜਦੋਂ ਤੁਹਾਡਾ ਸਰੀਰ ਬਿਲਕੁਲ ਤੰਦਰੁਸਤ ਹੋਵੇਗਾ, ਸੰਥਿਆ ਉਦੋਂ ਹੀ ਕਰਾਂਗਾ, ਕੋਈ ਕਾਹਲੀ ਨਹੀਂ। ਕੁਝ ਸਮੇਂ ਬਾਅਦ ਕਥਾ ਦਾ ਭੋਗ ਪਾਇਆ ਗਿਆ। ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਸੁਣਨ ਲਈ, ਭਾਵੇਂ ਇਨ੍ਹਾਂ ਨੂੰ ਫੱਤਾ ਮਾਲੋ ਕਾ ਛੱਡਣਾ ਪਿਆ, ਪਰ ਇੱਧਰ ਆਉਂਦੇ-ਜਾਂਦੇ ਸੰਤਾਂ ਨੂੰ ਮਿਲ ਕੇ ਆਤਮਿਕ ਲਾਹੇ ਪ੍ਰਾਪਤ ਕਰਦੇ ਰਹਿੰਦੇ।

ਇੱਕ ਵਾਰ ਗਿਆਨੀ ਦੀਦਾਰ ਸਿੰਘ ਜੀ ਦੇ ਮਾਤਾ ਜੀ ਸੰਤਾਂ ਨੂੰ ਕਹਿਣ ਲੱਗੇ ਕਿ ਬਚਨ ਕਰੋ ਕਿ ਇਨ੍ਹਾਂ ਦਾ ਵਿਆਹ ਹੋ ਜਾਵੇ। ਮਹਾਂਪੁਰਸ਼ ਕਹਿਣ ਲੱਗੇ ਕਿ ਇਹ ਤਾਂ ਕਮਜ਼ੋਰ ਜਿਹਾ ਹੈ। ਇਹ ਤਾਂ ਪੜ੍ਹਣ ਪੜ੍ਹਾਉਣ ਦੀ ਸੇਵਾ ਕਰਿਆ ਕਰੂ, ਦੂਜਿਆਂ ਨੂੰ ਵਿਆਹ ਲਵੋ। ਦਰਬਾਰ ਸਾਹਿਬ ਦੇ ਸਾਹਮਣੇ ਨਿੰਮ ਹੇਠਾਂ ਬੈਠਿਆਂ ਸੰਤ ਇੱਕ ਦਿਨ ਦੀਦਾਰ ਸਿੰਘ ਜੀ ਨੂੰ ਕਹਿਣ ਲੱਗੇ ਕਿ ਗੁਰੂ ਕਿਰਪਾ ਨਾਲ ਮੇਰੇ ਪੰਜੇ ਹੀ ਵੱਸ ਹਨ, ਕਿਸੇ ਦਾ ਜ਼ੋਰ ਨਹੀਂ ਚੱਲਦਾ। ਜਦ ਗੁੱਸਾ ਆਉਂਦਾ ਹੋਵੇ ਪੋਥੀਆਂ ਵਾਲੇ ਕਮਰੇ ਅੰਦਰ ਚੱਕਰ ਲਾ ਆਵਾਂ, ਗੁੱਸਾ ਦੂਰ ਹੋ ਜਾਂਦਾ ਹੈ। ਧੰਨ ਸਨ ਐਸੀ ਕਰਣੀ ਦੇ ਮਾਲਕ ਮਹਾਂਪੁਰਸ਼ ਕਿਰਤੀ ਜੀ!

ਭੋਲਾ ਸਿੰਘ ਮੀਰ ਪੁਰ ਵਾਲਿਆਂ ਨੂੰ ਇਨ੍ਹਾਂ ਦੇ ਪਿਤਾ ਜੀ ਮਹਾਂਪੁਰਸ਼ਾਂ ਕੋਲ ਛੱਡ ਕੇ ਗਏ। ਮਹਾਂਪੁਰਸ਼ਾ ਨੇ ਇਹਨਾਂ ਦੀ ਪੜ੍ਹਾਈ ਦੀ ਲਗਨ ਦੇਖ ਕੇ ਸਕੂਲ ਪੜ੍ਹਨੇ ਪਾ ਦਿੱਤਾ। ਫਿਰ ਆਪ ਨੇ ਪਹਿਲਾਂ ੧੨ਵੀਂ ਜਮਾਤ ਪਾਸ ਕੀਤੀ ਅਤੇ ਫਿਰ ਗਿਆਨੀ ਕੀਤੀ। ਅੱਜ-ਕੱਲ੍ਹ ਮਾਨਸਾ ਕੋਲ ਦਲੇਲ ਵਾਲਾ ਵਿਖੇ ਕਥਾ ਕਰਦੇ ਹਨ। ਬਿਪਤਾ ਸਮੇਂ ਸੰਤਾਂ ਨੇ ਆਪ ਛਡਵਾਇਆ। ਰਾਗੀ ਜਸਬੀਰ ਸਿੰਘ ਅਤੇ ਜਥੇਦਾਰ ਬਾਬਾ ਮਹਿਮਾ ਸਿੰਘ ਵੀ ਆਪ ਜੀ ਦੇ ਵਿਦਿਆਰਥੀ ਹਨ। ਸੰਤ ਬਾਬਾ ਹਰਚਰਨ ਸਿੰਘ ਜੀ ਕਮਾਣੇ ਵਾਲਿਆਂ ਨੂੰ ਮਹਾਂਪੁਰਸ਼ ਲਾਡ ਨਾਲ ਆਹਲੂਪੁਰੀਆ ਕਹਿ ਕੇ ਬੁਲਾਉਂਦੇ ਸਨ। ਭਾਈ ਹਰਚਰਨ ਸਿੰਘ ਜਿਹਨਾਂ ਦਾ ਜਨਮ ਨਗਰ ਪਿੰਡ ਆਹਲੂਪੁਰ ਹੈ। ਛੋਟੀ ਉਮਰ ਵਿਚ ਹੀ ਪਿਤਾ ਜੀ ਰੱਬ ਨੂੰ ਪਿਆਰੇ ਹੋ ਗਏ ਸਨ। ਪਰਿਵਾਰਕ ਦਸ਼ਾ ਸੰਸਾਰਿਕ ਪਦਾਰਥ ਵੱਲੋਂ ਵੀ ਸੰਕੋਚਵੀ ਹੀ ਸੀ। ਪਰ ਫਿਰ ਵੀ ਇਹਨਾਂ ਦੇ ਮਾਤਾ ਜੀ ਦੀ ਲਗਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਜੁੜਨ ਵਾਲੀ ਸੀ। ਸਭ ਤੋਂ ਪਹਿਲੀ ਸਿਖਿਆ ਦੇਣ ਵਾਲੀ ਉਸਤਾਦ ਮਾਂ ਹੀ ਹੁੰਦੀ ਹੈ। ਮਾਂ ਦੀਆਂ ਪਿਆਰ ਵਾਲੀਆਂ ਲੋਰੀਆਂ ਨਾਲ ਦਿੱਤੀ ਸਿੱਖਿਆ ਇਕ ਸੁਘੜ ਪੁੱਤਰ ਦੇ ਨਾਲ ਸਾਰੀ ਜ਼ਿੰਦਗੀ ਨਿਭਣ ਵਾਲੀ ਹੁੰਦੀ ਹੈ। ਮਾਂ ਨਾਮ ਵੀ ਇੱਕ ਨੈਤਿਕਤਾ ਦੀ ਜ਼ਿੰਮੇਵਾਰੀ ਦਾ ਹੈ। ਜਿਹੜੀ ਜ਼ਿੰਦਗੀ ਨੂੰ ਸੰਸਾਰ ਵਿਚ ਸਦਾਚਾਰਕ ਬਣਾ ਦਿੰਦੀ ਹੈ। ਉਹ ਵਡਭਾਗਾ ਚੰਗੇ ਗੁਣਾਂ ਦਾ ਖਜ਼ਾਨਾ ਬਣ ਜਾਂਦਾ ਹੈ। ਹਰ ਇੱਕ ਸ਼ੁੱਧ ਭਾਵਨਾ ਵਾਲੇ ਦੀ ਖੁਸ਼ੀ ਦਾ ਪਾਤਰ ਬਣ ਜਾਂਦਾ ਹੈ। ਸੰਗਤਾਂ ਦੀਆਂ ਅਸੀਸਾਂ ਸਦਕਾ ਨਿਰੰਕਾਰ ਦੀ ਰਹਿਮਤ ਦਾ ਪਾਤਰ ਬਣ ਜਾਂਦਾ ਹੈ। ਇਸੇ ਲਈ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਪ੍ਰਮਾਤਮਾ ਦਾ ਚਿੰਤਨ ਸੰਸਾਰ ਦੇ ਰਿਸ਼ਤਿਆਂ ਵਿੱਚੋ ਸਭ ਤੋਂ ਪਹਿਲਾਂ ਮਾਂ ਦੇ ਨਾਮ ਰਾਂਹੀ ਕੀਤਾ ਹੈ। ਆਪ ਦੇ ਬਚਨ ਹਨ:-

**ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੧੧੦੧)

ਮਾਤਾ ਤੋਂ ਮਗਰੋਂ ਗੱਲ ਪਿਤਾ ਦੀ ਆਉਂਦੀ ਹੈ। ਅਸਲ ਵਿੱਚ ਮਾਂ ਤੇ ਬਾਪ ਇੱਕ ਜ਼ਿੰਮੇਵਾਰੀ ਦਾ ਹੀ ਨਾਮ ਹੈ। ਜਿਹਨਾਂ ਸੁਘੜ ਮਾਂਵਾਂ ਨੇ ਆਪਣੇ ਬੱਚਿਆਂ ਨੂੰ ਚੰਗੀ ਸਿਖਿਆ ਦੇ ਜੀਵਨ ਉਪਰ ਤੋਰਿਆ ਹੈ, ਫਿਰ ਚੰਗੇ ਪਾਸੇ ਜਾਣ ਤੋਂ ਕਦੇ ਵੀ ਰੋਕਿਆ ਨਹੀਂ ਹੈ। ਉਹਨਾਂ ਮਾਵਾਂ ਨੂੰ ਹੀ ਵਡਿਆਈਆਂ ਮਿਲਦੀਆਂ ਹਨ। ਮਾਤਾ ਜੀ ਦੀ ਪ੍ਰੇਰਨਾ ਸਦਕਾ ਆਪ ਨੂੰ ਗ੍ਰੰਥੀ ਬਾਬਾ ਮਿਹਰ ਸਿੰਘ ਜੀ ਤੇ ਭਾਈ ਹਜ਼ੂਰਾ ਸਿੰਘ ਜੀ ਆਪਣੇ ਨਾਲ ਲੈ ਕੇ ਨਗਰ ਦੇ ਨਾਮ ਰਸੀਏ ਮਹਾਂਪੁਰਖ ਸੰਤ ਬਾਬਾ ਦਿਆਲ ਸਿੰਘ ਜੀ ਕੋਲ ਪੜ੍ਹਨ ਲਈ ਛੱਡਣ ਗਏ। ਸੰਤ ਬਾਬਾ ਦਿਆਲ ਸਿੰਘ ਜੀ ਕਲਗੀਧਰ ਪਾਤਸ਼ਾਹ ਜੀ ਦਾ ਬਖਸ਼ਿਆ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਨਾਨਕ ਸਾਹਿਬ ਦੇ ਦਰਬਾਰ ਵਿਚੋਂ ਕੀਰਤਨ ਦੀ ਦਾਤ ਦਾ ਅੰਗ 'ਜੋੜੀ' ਦੇ ਅਨੰਤ ਗੁਣ ਨਾਲ ਭਰਪੂਰ ਸਨ। ਆਪ ਜੀ ਆਹਲੂਪੁਰ ਨਗਰ ਦੇ ਬਾਹਰ ਵਾਰ ਇਕਾਂਤ ਵਿਚ ਕੁਟੀਆ ਬਣਾ ਕੇ ਰਹਿੰਦੇ ਸਨ। ਆਪ ਜੀ ਦਾ ਸੁਭਾਅ ਸੰਸਾਰ ਵਲੋਂ ਵੈਰਾਗਵਾਨ ਦਸ਼ਾ ਵਾਲਾ ਸੀ। ਵੈਰਾਗ ਵਾਲੀ ਹਾਲਤ ਫਕੀਰ ਦੀ ਹੁੰਦੀ ਹੈ। ਫਕੀਰ ਲਫਜ਼ ਉਰਦੂ ਤੋਂ ਬਣਿਆ ਹੈ। ਜਿਹੜਾ 'ਫੇ' 'ਕਾਫ' 'ਯੇ' 'ਰੇ' ਦੇ ਸੁਮੇਲ ਤੋਂ ਤਿਆਰ ਹੁੰਦਾ ਹੈ। ਇਸ ਦੇ ਯਥਾਰਥ ਅਰਥ ਹਨ 'ਫੇ' ਸੰਸਾਰ ਨੂੰ ਨਾਸ਼ਵੰਤ ਜਾਨਣਾ, 'ਕਾਫ' (ਕਨਾਇਤ) ਸੰਤੋਖ ਧਾਰਨ ਕਰਨਾ; ਜੋ ਨਿਰੰਕਾਰ ਵਲੋਂ ਦਿੱਤੀ ਦਾਤ ਦੇ ਰੂਪ ਵਿੱਚ ਮਿਲ ਜਾਵੇ ਉਸੇ ਵਿਚ ਪ੍ਰਸੰਨ ਰਹਿਣਾ ਅਤੇ ਵੰਡ ਕੇ ਛਕਣਾ। ਸਬਰ ਸ਼ੁਕਰ ਵਿਚ ਪੱਕੇ ਰਹਿਣਾ। 'ਯੇ' ਹਰ ਸਮੇਂ ਪ੍ਰਮੇਸ਼ਰ ਦੀ ਯਾਦ ਵਿਚ ਜੁੜੇ ਰਹਿਣਾ। 'ਰੇ' ਪ੍ਰਮਾਤਮਾ ਨੂੰ ਸਾਰੇ ਰਮਿਆ ਹੋਇਆ ਸਮਝਣਾ। ਇਹੀ ਫਕੀਰੀ ਲੇਖ ਦੀ ਹੈ। ਐਸੇ ਜੀਵਨ ਦੀ ਜਾਂਚ ਵਾਲੇ ਸਾਧੂ ਸੱਚੇ ਢੰਗ ਨਾਲ ਸੰਸਾਰ ਦੇ ਪਦਾਰਥਾਂ ਨੂੰ ਤਿਆਗ ਕੇ ਅਕਾਲ ਦੇ ਚਰਨਾਂ ਨਾਲ ਜੁੜਦੇ ਹਨ। ਆਪ ਦਾ ਬਹੁਤ ਹੀ ਸਾਦਾ ਜੀਵਨ ਸੀ। ਸਰੀਰਕ ਲੋੜ ਤੋਂ ਵੱਧ ਕੋਲ ਕੁਝ ਵੀ ਨਹੀਂ ਰੱਖਦੇ ਸਨ। ਹਮੇਸ਼ਾਂ ਵਾਸਤੇ ਕੇਵਲ ਨਾਮ ਨਾਲ ਜੁੜਨ ਦੀ ਹੀ ਵੀਚਾਰ ਕਰਦੇ ਰਹਿੰਦੇ ਸਨ। ਆਪ ਸਾਰੀ ਸਾਰੀ ਰਾਤ ਬੰਦਗੀ ਕਰਦੇ ਰਹਿੰਦੇ ਸਨ। ਨਾਮ ਅਭਿਆਸ ਨੂੰ ਹੀ ਤਰਜੀਹ ਦਿੰਦੇ ਸਨ। ਐਸੇ ਸਾਂਈ ਵਾਲੇ ਲੋਕਾਂ ਬਾਬਤ ਚੂਹੜ ਕਵੀ ਨੇ ਬਹੁਤ ਸੁੰਦਰ ਕਿਹਾ ਹੈ:-

**ਸਾਂਈ ਵਾਲੇ ਸੁਖ ਨ ਸੌਂਦੇ ਅਤੇ ਰੱਜ ਨਾ ਖਾਂਦੇ ਰੋਟੀ॥**
**ਔਰਤ ਵੇਖ ਉਹ ਨਹੀਂ ਲੁਭੀਵਨ ਚਾੜ੍ਹੀ ਅਸਲ ਲੰਗੋਟੀ॥**
**ਮਨ ਤੋਂ ਸਭ ਮਨਵਾਵਣ ਅਪਣੀ ਸੱਚ ਦੀ ਮਾਰ ਕਸੌਟੀ॥**
**ਚੂਹੜ ਸਾਂਈ ਵਾਲਾ ਕੋਈ ਹੋਰ ਸਗਲੀ ਖਲਕਤ ਖੋਟੀ॥**

ਐਸੇ ਦੁਨੀਆਂ ਤੇ ਵਿਰਲੇ ਹੀ ਹੁੰਦੇ ਹਨ। ਆਪ ਦਾ ਇਲਾਕੇ ਅੰਦਰ ਬਹੁਤ ਸਨਮਾਨ ਸੀ। ਆਪ ਜੀ ਪਾਸ ਜਦੋਂ ਭਾਈ ਹਰਚਰਨ ਸਿੰਘ ਬਾਬਤ ਭਾਈ ਹਜ਼ੂਰਾ ਸਿੰਘ ਨੇ ਬੇਨਤੀ ਕੀਤੀ। ਸੰਤ ਬਾਬਾ ਦਿਆਲ ਸਿੰਘ ਜੀ ਦਇਆਲਤਾ ਦੇ ਘਰ ਵਿਚ ਆਏ ਅਤੇ ਪ੍ਰਸੰਨ ਚਿਤ ਹੋ ਕੇ ਆਖਣ ਲੱਗੇ। ਜਿਥੋਂ ਇਸ ਜੀਵਨ ਨੇ ਜਿਸ ਕਾਰਜ ਦੇ ਯੋਗ ਬਣਨਾ ਹੈ। ਉਸ ਸਿਧਾਂਤ ਦੀ ਕੁੰਜੀ, ਸੇਵਾ ਅਤੇ ਸਿਮਰਨ ਦੀ ਮੂਰਤ ਸੰਤ ਬਾਬਾ ਅਮਰ ਸਿੰਘ ਕ੍ਰਿਤੀ ਜੀ ਕੋਲ ਹੈ। ਤੁਸੀਂ ਇਹਨਾਂ

ਨੂੰ ਕਿਰਤੀ ਜੀ ਪਾਸ ਲੈ ਜਾਉ। ਜਿਸ ਪ੍ਰਕਾਰ ਜਿਹੜਾ ਬੂਟਾ ਚੰਦਨ ਦੇ ਦਰੱਖਤ ਕੋਲ ਹੈ। ਉਹ ਹੀ ਚੰਦਨ ਦੀ ਸੁਗੰਧੀ ਗ੍ਰਹਿਣ ਕਰੇਗਾ। ਪਾਰਸ ਨਾਲ ਲੱਗਣ ਵਾਲਾ ਹੀ ਸੋਨਾ ਬਣੇਗਾ। ਗਿਰਧਰ ਕਵੀ ਨੇ ਬਹੁਤ ਸੁੰਦਰ ਕਿਹਾ ਹੈ:-

**ਸੰਗਤ ਕਰੀਏ ਸਾਧ ਕੀ ਬੰਦਿਓ ਕਰੇ ਖੁਦਾਇ॥**
**ਲੋਹਾ ਕੰਚਨ ਹੋਇ ਹੈ ਦੇਖੋ ਪਾਰਸ ਲਾਇ॥**
**ਦੇਖੋ ਪਾਰਸ ਲਾਇ ਮੂਲ ਨ ਜਾਣੋ ਹਾਸਾ॥**
**ਸਭ ਤਰ ਚੰਦਨ ਹੋਤ ਜਾਂਹਿ ਬਾਵਨ ਕਾ ਵਾਸਾ॥**
**ਕਹਿ ਗਿਰਧਰ ਕਵਿ ਰਾਇ ਨਦੀ ਸੰਸੇ ਕੀ ਤਰੀਏ॥**
**ਵਡੇ ਭਾਗ ਜਬ ਹੋਇ ਤਾਂ ਸੰਗਤ ਸਾਧ ਕੀ ਕਰੀਏ॥**

ਬਲਕਿ ਇੱਕ ਕਵੀ ਨੇ ਤਾਂ ਇਹਨਾਂ ਉਪਮਾਵਾਂ ਨੂੰ ਸਾਧੂ ਦੀ ਸੰਗਤ ਤੋਂ ਛੋਟਾ ਆਖਿਆ ਹੈ। ਇਹਨਾਂ ਦਾ ਅੰਤਰਾਲ ਬਹੁਤ ਜਿਆਦਾ ਹੈ:-

**ਪਾਰਸ ਮੇਂ ਅਰ ਸੰਤ ਮੇਂ ਵਡੋ ਅੰਤਰੋ ਜਾਨ॥**
**ਵਹਿ ਲੋਹਾ ਕੰਚਨ ਕਰੈ ਵਹਿ ਕਰ ਹੈ ਆਪ ਸਮਾਨ॥**

ਇਹ ਜੀਵਨ ਜਿਸ ਕਾਰਜ ਦੇ ਯੋਗ ਹੈ। ਉਹਨਾਂ ਗੁਣਾਂ ਨਾਲ ਭਰਪੂਰ ਕਰ ਦੇਣਗੇ। ਇਸ ਲਈ ਇਸ ਨੂੰ ਉਨ੍ਹਾਂ ਕੋਲ ਛੱਡ ਆਓ। ਅਗਲੇ ਦਿਨ ਹੀ ਭਾਈ ਕਸਮੀਰ ਸਿੰਘ ਜੀ ਭਾਈ ਹਰਚਰਨ ਸਿੰਘ ਨੂੰ ਫੱਤਾ ਮਾਲੋਕਾ ਵਿਖੇ ਸੰਤਾਂ ਪਾਸ ਲੈ ਆਏ। ਮਹਾਂਪੁਰਖ ਗੁਰੂ-ਘਰ ਦੀ ਮਰਿਆਦਾ ਪੂਰੀ ਕਰਕੇ ਕਮਰੇ ਵਿੱਚ ਬੈਠੇ ਸਨ। ਹਰ ਇਨਸਾਨ ਦਾ ਮਨ ਜਿੱਥੇ ਵੀ ਜਾਏ ਉਥੋਂ ਕੋਈ ਨਾ ਕੋਈ ਪ੍ਰਭਾਵ ਕਬੂਲਦਾ ਹੈ। ਮਨ ਦਾ ਸੁਭਾਅ ਹੈ ਜੈਸੀ ਸਰੀਰ ਦੀ ਪਰਵਿਰਤੀ ਹੋਵੇਗੀ, ਉਸ ਤਰ੍ਹਾਂ ਦਾ ਹੀ ਦੂਸਰੇ ਤੋਂ ਪ੍ਰਭਾਵ ਨੂੰ ਗ੍ਰਹਿਣ ਕਰੇਗਾ। ਇਸੇ ਪ੍ਰਕਾਰ ਜਦੋਂ ਤੋਂ ਗ੍ਰੰਥੀ ਸਾਹਿਬ ਬਾਬਾ ਮਿਹਰ ਸਿੰਘ ਜੀ ਲੈ ਕੇ ਤੁਰੇ ਹਨ, ਸਭ ਤੋਂ ਪਹਿਲਾਂ ਵਿਰਕਤ ਆਤਮਾ ਸੰਤ ਬਾਬਾ ਦਿਆਲ ਸਿੰਘ ਜੀ ਪ੍ਰਤੀ ਬਹੁਤ ਸਰਧਾ ਮਨ ਵਿਚ ਸੀ। ਸਾਫ ਮਨ ਉਪੱਰ ਇਹਨਾਂ ਵੀਚਾਰਾਂ ਦਾ ਵਿਸ਼ੇਸ ਅਸਰ ਹੁੰਦਾ ਹੈ। ਇਕ ਤਾਂ ਘਰੋਂ ਚਲਦਿਆਂ ਮਨ ਉਪਰ ਅਸਰ ਸੀ। ਜਦੋਂ ਉਸ ਤੋਂ ਅਗਾਂਹ ਮਹਾਂਪੁਰਖਾਂ ਨੇ ਰੱਬੀ ਨੂਰ, ਅਲਾਹੀ ਦਰਗਾਹ ਦੇ ਸਨਮਾਨੇ ਪਿਆਰੇ ਬਾਬਤ ਸੁਣਿਆਂ ਅਤੇ ਆਪਣੇ (ਹਰਚਰਨ ਸਿੰਘ) ਜ਼ਿੰਦਗੀ ਦੇ ਆਉਣ ਵਾਲੇ ਸਮੇਂ ਬਾਬਤ ਸੁਣਿਆਂ ਮਨ ਵਿਚ ਅਸਰ ਹੋਰ ਵੀ ਵਿਸਮਾਦ ਕਰਨ ਵਾਲਾ ਪਿਆ। ਅਥਾਹ ਸਰਧਾ ਸਮੇਤ ਗੁਰੂ ਘਰ ਦੇ ਦਰਸ਼ਨ ਕਰਕੇ ਉਸ ਸਮੇਂ ਸੰਗਤੀ ਰੂਪ ਭਾਈ ਹਰਚਰਨ ਸਿੰਘ ਜੀ ਨੇ ਜਾ ਕੇ ਸੰਤ ਬਾਬਾ ਅਮਰ ਸਿੰਘ ਕਿਰਤੀ ਜੀ ਦੇ ਦਰਸਨ ਕੀਤੇ। ਦਰਸ਼ਨ ਕਰਦਿਆਂ ਹੀ ਤਿਆਗ ਮੂਰਤਿ, ਸਾਦਾ ਜੀਵਨ, ਨਾਮ ਦੀ ਕਮਾਈ ਅਤੇ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਸੱਚੀ ਸੁਚੀ ਸੇਵਾ ਕਰਕੇ ਕਮਾਏ ਹੋਏ ਬੋਲਾਂ ਸਦਕਾ ਭਾਈ ਹਰਚਰਨ ਸਿੰਘ ਉਪਰ ਐਸਾ ਅਸਰ ਹੋਇਆ। ਆਪ ਨੂੰ ਮਹਾਂਪੁਰਖਾਂ ਦੇ ਦਰਸ਼ਨਾਂ ਵਿਚੋਂ ਇਲਾਹੀ ਦਰਸ਼ਨ ਹੋਏ। ਨਾਮ ਦੀ ਕਮਾਈ ਵਾਲਾ ਵਾਸਤਵਿਕ ਰੂਪ ਵਿਚ ਕਮਾਈ ਕਰਦਾ ਹੋਵੇ। ਇੱਕ-ਇੱਕ ਸਵਾਸ ਨਾਮ ਦੇ ਲੇਖੇ ਲਾਉਂਦਾ ਹੋਵੇ। ਧੰਨ ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਅੰਦਰ ਬਚਨ ਕਰਦੇ ਹਨ।

ਸਾਧ ਕੀ ਸੋਭਾ ਊਚ ਤੇ ਊਚੀ ॥
ਸਾਧ ਕੀ ਸੋਭਾ ਮੂਚ ਤੇ ਮੂਚੀ ॥
ਸਾਧ ਕੀ ਸੋਭਾ ਸਾਧ ਬਨਿਆਈ ॥
ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੨੭੨)

ਐਸੀ ਕਮਾਈ ਕਰਨ ਵਲਿਆਂ ਪ੍ਰਤੀ ਜਦੋਂ ਅਥਾਹ ਸਰਧਾ ਬਣ ਜਾਏ। ਤਾਂ ਮਨ ਅੰਦਰ ਇਕ ਭਾਵ ਬਣ ਜਾਂਦਾ ਹੈ। ਉਹ ਭਾਵ ਹੀ ਪ੍ਰੇਮ ਦਾ ਰੂਪ ਧਾਰਨ ਕਰ ਲੈਂਦਾਂ ਹੈ। ਪ੍ਰੇਮ ਵਾਲਾ ਹਿਰਦਾ ਹੀ ਆਪਣੇ ਪਿਆਰੇ ਦੇ ਬਚਨ ਉਪਰ ਪਹਿਰਾ ਦੇਣ ਵਾਲਾ ਬਣਦਾ ਹੈ। ਜਦੋਂ ਸੰਤ ਬਾਬਾ ਅਮਰ ਸਿੰਘ ਕਿਰਤੀ ਜੀ ਨੂੰ ਹਰਚਰਨ ਸਿੰਘ ਬਾਰੇ ਗੁਰੂ ਘਰ ਵਿਖੇ ਸੇਵਾ ਵਿਚ ਰੱਖਣ ਲਈ ਬੇਨਤੀ ਕੀਤੀ। ਕਿਰਤੀ ਜੀ ਨੇ ਗੁਰੂ ਨਾਨਕ ਸਾਹਿਬ ਜੀ ਦੇ ਘਰ ਦੀਆਂ ਸਿੱਖਿਆਵਾਂ ਬਾਬਤ ਜਾਣਕਾਰੀ ਦਿੱਤੀ ਅਤੇ ਭਾਈ ਹਰਚਰਨ ਸਿੰਘ ਨਾਲ ਵੀ ਕੁਝ ਬਚਨ ਕੀਤੇ। ਮਹਾਂਪੁਰਸ਼ਾਂ ਨੇ ਜਿਸ ਪ੍ਰਕਾਰ ਭਾਈ ਹਰਚਰਨ ਸਿੰਘ ਨੂੰ ਘਰ ਦੀ ਹਾਲਤ ਬਾਬਤ ਵੀ ਪ੍ਰਸ਼ਨ ਕਰਕੇ ਪੁੱਛਿਆ, ਉਸੇ ਪ੍ਰਕਾਰ ਘਰ ਦੇ ਹਾਲਾਤ ਨੂੰ ਦੱਸਿਆ। ਸੰਤਾਂ ਨੇ ਸਾਰੀ ਗੱਲਬਾਤ ਬੜੀ ਸੰਜੀਦਗੀ ਨਾਲ ਸੁਣੀ। ਹਰਚਰਨ ਸਿੰਘ ਜੀ ਨੇ ਜਦ ਦੱਸਿਆ ਕਿ ਪਿਤਾ ਜੀ ਅਕਾਲ ਚਲਾਣਾ ਕਰ ਗਏ ਤੇ ਘਰ ਦੀ ਜ਼ਿੰਮੇਵਾਰੀ ਮਾਤਾ ਜੀ 'ਤੇ ਹੀ ਹੈ। ਘਰ ਦੀ ਮਾਲੀ ਹਾਲਤ ਜਦ ਬੜਾ ਭਾਵੁਕ ਹੋ ਕੇ ਦੱਸੀ, ਤਾਂ ਸੰਤਾਂ ਨੇ ਗੁਰੂ ਨਾਨਕ ਸਾਹਿਬ ਜੀ ਦੇ ਦਰਬਾਰ ਵਿਚ ਪੁੱਜਣ ਵਾਲੇ ਦੇ ਦੁੱਖਾਂ ਦੀਆਂ ਚੀਸਾਂ ਨੂੰ ਸਮਝਦਿਆਂ ਆਖਿਆ, "ਭਲਿਆ! ਇਹ ਗੁਰੂ ਨਾਨਕ ਸਾਹਿਬ ਜੀ ਦਾ ਦਰ ਹੈ। ਇਥੇ ਤਾਂ ਕੋਈ ਵੀ ਆਵੇ; ਭਾਵੇਂ ਰੋਂਦਾ ਆਵੇ ਭਾਵੇਂ ਹਸਦਾ ਆਵੇ, ਸਭ ਦੀਆਂ ਸਤਿਗੁਰੂ ਜੀ ਝੋਲੀਆਂ ਭਰ ਦਿੰਦੇ ਹਨ। ਤੂੰ ਤਾਂ ਸਤਿਗੁਰੂ ਜੀ ਦੇ ਦਰ ਦੀ ਟਕਸਾਲ ਵਿਚ ਪਹੁੰਚ ਗਿਆ ਹੈ। ਜਿਥੇ ਜਿੰਦਗੀ ਦੀ ਘਾੜਤ ਘੜੀ ਜਾਂਦੀ ਹੈ। ਹੱਸਦੇ ਹੋਏ ਕਹਿਣ ਲੱਗੇ ਤੂੰ ਆਪਣੇ ਆਪ ਨੂੰ ਗਰੀਬ ਨਾ ਸਮਝੀਂ, ਕਲਗੀਆਂ ਵਾਲਾ ਤੇਰੀਆਂ ਭਾਵਨਾਵਾਂ ਨੂੰ ਸੰਪੂਰਨ ਕਰੇਗਾ। ਸਤਿਗੁਰੂ ਜੀ ਦੇ ਸਿੱਖ ਦੀ ਤਾਂ ਨਾ ਮੁੱਕਣ ਵਾਲੇ ਖਜਾਨੇ ਨਾਲ ਭਾਈਵਾਲਤਾ ਹੁੰਦੀ ਹੈ। ਗੁਰੂ ਕਿਰਪਾ ਨਾਲ ਤੂੰ ਕਈਆਂ ਦੀ ਗਰੀਬੀ ਦੂਰ ਕਰੇਂਗਾ।"

ਇਸ ਪ੍ਰਕਾਰ ਧੀਰਜ ਦੇ ਕੇ ਗੁਰੂ ਘਰ ਪ੍ਰਤੀ ਲਗਨ ਪੈਦਾ ਕਰ ਦਿੱਤੀ। ਬਾਬਾ ਹਰਚਰਨ ਸਿੰਘ ਦੇ ਮਨ ਵਿਚ ਪੂਰਨ ਸਰਧਾ ਹੋ ਗਈ। ਮਹਾਂਪੁਰਖਾਂ ਨੇ ਜਦੋਂ ਭਾਂਡਾ ਯੋਗ ਵੇਖਿਆ ਤਾਂ ਪਰਖਣ ਲਈ ਇੱਕ ਖੇਡ ਖੇਡੀ। ਇੱਕ ਦਿਨ ਆਖਿਆ ਤੂੰ ਪਿੰਡ ਮਿਲ ਕੇ ਆਵੀਂ। ਬਾਬਾ ਹਰਚਰਨ ਸਿੰਘ ਆਪਣੇ ਪਿੰਡ ਆਹਲੂਪੁਰ ਬੱਸ ਅੱਡੇ ਤੇ ਜਾ ਉਤਰੇ। ਇਕ ਦੋ ਸਿੰਘਾਂ ਨੂੰ ਮਿਲੇ ਫਤਹਿ ਸਾਂਝੀ ਕਰਕੇ ਵਾਪਿਸ ਫੱਤੇ ਪਹੁੰਚ ਗਏ। ਮਹਾਂਪੁਰਖ ਕਿਰਤੀ ਜੀ ਪੁਛਣ ਲੱਗੇ ? ਤੂੰ ਮਾਤਾ ਨੂੰ ਮਿਲ ਆਇਆ ? ਆਪ ਜੀ ਆਖਣ ਲੱਗੇ ਕਿ ਆਪ ਜੀ ਨੇ ਤਾਂ ਮਾਤਾ ਜੀ ਨੂੰ ਮਿਲਣ ਦਾ ਹੁਕਮ ਹੀ ਨਹੀਂ ਸੀ ਕੀਤਾ। ਇਕ ਦੋ ਮਹੀਨੇ ਬਾਦ ਮਹਾਂਪੁਰਸ਼ਾਂ ਨੇ ਫਿਰ ਬਚਨ ਕੀਤਾ। ਆਹਲੂਪੁਰੀਆ ਪਿੰਡ ਵਿਚਰ ਆ। ਬਾਬਾ ਜੀ ਪਿੰਡ ਦੇ ਅੱਡੇ ਵਿੱਚ ਬੱਸ ਉਤਰ ਕੇ ਸਿੱਧੇ ਗੁਰਦੁਆਰਾ ਸਾਹਿਬ ਗਏ ਸਤਿਗੁਰਾਂ ਨੂੰ ਨਮਸਕਾਰ ਕੀਤੀ। ਉਥੇ ਕੁਝ ਸਮਾਂ ਬੈਠ ਕੇ ਸਤਿਗੁਰਾਂ ਦਾ ਧਿਆਨ ਧਰ ਕੇ ਬਾਣੀ ਪੜ੍ਹੀ ਤੇ ਫਿਰ ਵਾਪਿਸ ਆ ਗਏ। ਮਹਾਂਪੁਰਖਾਂ ਦੇ ਫਿਰ ਪੁੱਛਣ ਆਪ ਜੀ ਨੂੰ ਸਾਰਾ ਹਾਲ ਸੁਣਾ ਦਿਤਾ। ਮਹਾਂਪੁਰਖ ਬਹੁਤ ਖੁਸ਼ ਹੋਏ।

ਆਖਣ ਲੱਗੇ ਹਰਚਰਨ ਸਿੰਘ ਅੱਜ ਤੋਂ ਬਾਦ ਜਦ ਵੀ ਪਿੰਡ ਜਾਵੀਂ ਆਪਣੇ ਮਾਤਾ ਜੀ ਨੂੰ ਜਰੂਰ ਮਿਲ ਕੇ ਆਉਣਾ।

ਸੰਤਾਂ ਪਾਸ ਰਹਿੰਦਿਆਂ ਭਾਈ ਹਰਚਰਨ ਸਿੰਘ ਨੇ ਜਿੱਥੇ ਵੀ ਮਹਾਂਪੁਰਖਾਂ ਨੇ ਸੇਵਾ ਲਗਾਉਣੀ ਬਹੁਤ ਹੀ ਭਾਵਨਾ ਨਾਲ ਬਾਕੀ ਸਿੰਘਾਂ ਨਾਲ ਮਿਲ ਕੇ ਕਰਨੀ। ਜਥੇ ਦੇ ਨਿਯਮ ਮੁਤਾਬਕ ਅੰਮ੍ਰਿਤ ਵੇਲੇ ਉਠਣਾ, ਸੰਥਿਆ ਕਰਨੀ, ਗੁਰੂ ਕੇ ਲੰਗਰ ਦੀ ਸੇਵਾ ਕਰਨੀ ਸਵੇਰ ਸ਼ਾਮ ਦਾ ਨਿਤਨੇਮ ਪ੍ਰਪੱਕ ਰੂਪ ਵਿਚ ਕਰਨਾ ਇਹਨਾਂ ਦਾ ਨਿੱਤ ਕਰਮ ਸੀ। ਜਿਸ ਸਦਕਾ ਰੰਗ ਲਾਗਤ ਲਾਗਤ ਲਾਗਤ ਹੈ, ਐਸਾ ਗੁਰੂ ਘਰ ਦੀ ਸੇਵਾ ਦਾ ਰੰਗ ਲਗਿਆ ਜਿਹੜਾ ਹੌਲੀ-ਹੌਲੀ ਇਕ ਜੀਵਨ ਦਾ ਰੂਪ ਬਣ ਗਿਆ। ਨਾਲ ਦੇ ਸਾਥੀਆਂ ਨਾਲ ਪੜ੍ਹਨ ਵੇਲੇ ਜਦ ਹਾਸ ਬਿਲਾਸ ਨਾਲ ਇੱਕ ਦੂਜੇ ਨਾਲ ਗੱਲਾਂ ਕਰਦਿਆਂ ਕਿਸੇ ਨੇ ਆਖਣਾ ਮੈਂ ਗਿਆਨੀ ਬਣਾਂਗਾ ਦੂਜੇ ਨੇ ਆਖਣਾ ਮੈਂ ਤਾਂ ਕੇਵਲ ਪਾਠੀ ਹੀ ਬਣਾਂਗਾ। ਤਾਂ ਇਹਨਾਂ ਨੇ ਹੱਸਦਿਆਂ ਆਖਣਾ ਮੈਂ ਤਾਂ ਗੁਰੂ ਘਰ ਦਾ ਸੇਵਾਦਾਰ ਬਣਾਂਗਾ। ਧੰਨ ਗੁਰੂ ਨਾਨਕ ਸਾਹਿਬ ਜੀ ਸਭ ਦੀਆਂ ਭਾਵਨਾਵਾਂ ਨੂੰ ਪੂਰਨ ਕਰਨ ਵਾਲੇ ਹਨ।

੧੯੬੧ ਈ. ਵਿੱਚ ਟਿੱਬੀ ਨਗਰ ਦੀ ਸੰਗਤ ਫੱਤੇ ਸੰਤਾਂ ਕੋਲ ਗੁਰੂ-ਘਰ ਦਾ ਨੀਂਹ ਪੱਥਰ ਰਖਾਉਣ ਲਈ ਸੰਤਾਂ ਨੂੰ ਲੈਣ ਆਈ। ਸਿੰਘਾਂ ਦੀਆਂ ਦੋ ਗੱਡੀਆਂ ਭਰ ਗਈਆਂ। ਹਰਚਰਨ ਸਿੰਘ ਖੜ੍ਹੇ ਤੱਕ ਰਹੇ ਸਨ। ਦੇਖ ਕੇ ਮਹਾਂਪੁਰਸ਼ ਪੁੱਛਣ ਲੱਗੇ, "ਤੂੰ ਵੀ ਜਾਣਾ ਹੈ?" ਤਾਂ ਇਨ੍ਹਾਂ ਨੇ ਨਿਮਰਤਾ ਨਾਲ ਜਵਾਬ ਦਿੱਤਾ ਕਿ ਚਿੱਤ ਤਾਂ ਕਰਦਾ ਹੈ, ਪਰ ਗੱਡੀ ਉਤੇ ਚੜ੍ਹਣ ਲਈ ਥਾਂ ਨਹੀਂ ਹੈ। ਮਹਾਂਪੁਰਖਾਂ ਨੇ ਆਪਣੇ ਨਾਲ ਹੀ ਸੀਟ 'ਤੇ ਬਿਠਾ ਲਿਆ। ਗੁਰਦੁਆਰਾ ਸਾਹਿਬ ਦਾ ਨੀਂਹ ਪੱਥਰ ਰੱਖਣ ਲਈ ਮੀਰਪੁਰ ਨਗਰ ਤੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਲਿਆ ਕੇ ਅਰਦਾਸ ਕਰਕੇ ਨੀਂਹ ਵਿੱਚ ਖੜ੍ਹ ਕੇ ਆਪ ਇੱਟ ਰੱਖ ਕੇ ਜਦ (ਬਾਬਾ) ਹਰਚਰਨ ਸਿੰਘ ਨੂੰ ਇੱਟ ਰੱਖਣ ਲਈ ਕਿਹਾ, ਤਾਂ ਹਰਚਰਨ ਸਿੰਘ ਨੇ ਸਹਿਜ ਸੁਭਾ ਬੇਨਤੀ ਕੀਤੀ, "ਮੈਨੂੰ ਗੁਰੂ ਘਰ ਦੀ ਨੀਂਹ ਦਾ ਪਤਾ ਨਹੀ ਕਿਵੇਂ ਰੱਖੀ ਦੀ ਹੈ। ਤੀਜੀ ਵਾਰ ਸੰਤਾਂ ਨੇ ਉਚੀ ਆਵਾਜ਼ ਵਿੱਚ ਕਿਹਾ ਕਿ ਇਹ ਤਾਂ ਅਜੇ ਸ਼ੁਰੂਆਤ ਹੈ, ਤੂੰ ਤਾਂ ਕਈ ਗੁਰੂ ਘਰਾਂ ਦੀ ਸੇਵਾ ਕਰਾਉਣੀ ਹੈ। ਇਹ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਗਰੀਬ ਨਿਵਾਜੀ ਹੈ। ਉਹ ਆਪਣੇ ਪਿਆਰੇ ਦੀ ਰਸਨਾ ਰਾਹੀਂ ਯੋਗ ਸਮਾਂ ਵੇਖ ਕੇ ਐਸੀ ਬਖਸ਼ਸ਼ ਕਰ ਦਿੰਦੇ ਹਨ। ਜਿਹੜੀ ਜ਼ਿੰਦਗੀ ਵਿਚ ਵਰ ਰੂਪ ਸਾਬਤ ਹੋ ਜਾਂਦੀ ਹੈ। ਮਹਾਂਪੁਰਖਾਂ ਦੀ ਰਸਨਾ ਤੋਂ ਐਸੇ ਪਿਆਰ ਭਰੇ ਬੋਲ ਨਿਕਲਣ ਤਾਂ ਜਿਸ ਸੰਗਤ ਨੂੰ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਪ੍ਰਾਪਤ ਹੁੰਦੀ ਹੈ। ਉਹਨਾਂ ਲਈ ਇੱਕ ਵਿਸ਼ੇਸ ਖਿੱਚ ਦਾ ਕੇਂਦਰ ਬਣ ਜਾਂਦੀ ਹੈ। ਇਸੇ ਕਰਕੇ ਇਲਾਕੇ ਦੀ ਸੰਗਤ ਦਾ ਪ੍ਰੇਮ ਵਿਸ਼ੇਸ ਰੂਪ ਸੰਤ ਬਾਬਾ ਹਰਚਰਨ ਸਿੰਘ ਨਾਲ ਬਣ ਗਿਆ ਸੀ। ਫਰਵਰੀ ੧੯੬੧ ਨੂੰ ਬਾੜੇ ਨਗਰ ਦੀ ਸੰਗਤ ਸੰਤ ਬਾਬਾ ਅਮਰ ਸਿੰਘ ਕਿਰਤੀ ਜੀ ਪਾਸ ਗੁਰਦੁਆਰੇ ਸਾਹਿਬ ਜੀ ਦੀ ਬੇਨਤੀ ਕਰਨ ਲਈ ਆਈ। ਸੰਤਾਂ ਨੇ ਸੰਗਤ ਦੀ ਬੇਨਤੀ ਸਵੀਕਾਰ ਕਰਕੇ ਗੁਰੂ ਘਰ ਦੀ ਸੇਵਾ ਬਾਬਾ ਹਰਚਰਨ ਸਿੰਘ ਜੀ ਨੂੰ ਸੰਭਾਲ ਦਿੱਤੀ। ਆਪ ਜੀ ਨੇ ਮਹਾਂਪੁਰਖਾਂ ਦੇ ਬਚਨਾਂ ਨੂੰ ਸਤ ਕਰਕੇ ਮੰਨ ਲਿਆ। ਸੰਤ ਕਿਰਤੀ ਜੀ ਨੇ ਨਵੇਂ ਦਰਬਾਰ ਸਾਹਿਬ ਦਾ ਨੀਂਹ ਪੱਥਰ ਪੰਜ ਪਿਆਰੇ ਸਾਹਿਬਾਨ ਦੇ ਸਰੂਪ ਵਿਚ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਅਰਦਾਸ ਕਰਕੇ ਰੱਖਿਆ। ਮਹਾਂਪੁਰਖ ਆਪਣੇ ਮਾਲਕ ਉਪਰ ਪੂਰਨ

ਭਰੋਸਾ ਰੱਖਣ ਵਾਲੇ ਹੁੰਦੇ ਹਨ। ਸੰਤ ਬਾਬਾ ਅਮਰ ਸਿੰਘ ਕਿਰਤੀ ਜੀ ਨੇ ਸਤਿਗੁਰੂ ਜੀ ਦੇ ਚਰਨਾਂ ਵਿਚ ਐਸੀ ਇਕਾਗਰਤਾ ਨਾਲ ਅਰਦਾਸ ਕੀਤੀ, ਕਿ ਅੱਠ ਮਹੀਨਿਆਂ ਵਿੱਚ ਹੀ ਸੇਵਾ ਮੁਕੰਮਲ ਹੋ ਗਈ। ਨਗਰ ਵਾਲੀਆਂ ਸੰਗਤਾਂ ਨਾਲ ਸਲਾਹ ਕਰਕੇ ਬਾਬਾ ਹਰਚਰਨ ਸਿੰਘ ਜੀ ਨੇ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠਾਂ ਦਾ ਇਕੋਤਰੀ ਸਮਾਗਮ ਪ੍ਰਾਰੰਭ ਕਰਨ ਲਈ ਸੰਤਾਂ ਨੂੰ ਬੇਨਤੀ ਕੀਤੀ, ਤਾਂ ਸੰਤ ਕਹਿਣ ਲੱਗੇ, "ਆਹਲੂਪੁਰੀਆ, ਤੂੰ ਤਾਂ ਕਈ ਇਕੋਤਰੀਆਂ ਕਰਵਾਉਣੀਆਂ ਹਨ, ਤੇਰੇ ਉਪੱਰ ਗੁਰੂ ਸਹਿਬ ਜੀ ਦੀ ਰਹਿਮਤ ਹੈ।" ਬਾਬਾ ਹਰਚਰਨ ਸਿੰਘ ਜੀ ਨੇ ਇਕੋਤਰੀ ਸ਼ੁਰੂ ਕਰਨ ਲਈ ਅਰਦਾਸ ਕਰਨ ਵਾਸਤੇ ਬੇਨਤੀ ਕੀਤੀ। ਸੰਤ ਕਿਰਤੀ ਜੀ ਆਖਣ ਲੱਗੇ ਭਾਈ ਹੁਣ ਅਸਾਡਾ ਸਰੀਰ ਬਿਰਧ ਹੈ। ਤੁਸੀਂ ਆਪ ਹੀ ਅਰਦਾਸ ਕਰ ਲਿਆ ਕਰੋ ਆਪ ਨੇ ਸਤ ਬਚਨ ਆਖ ਕੇ ਨਗਰ ਵਿਚ ਆਕੇ ਇਕੋਤਰੀ ਅਰੰਭ ਕਰ ਦਿੱਤੀ। ਭੋਗ ਨਜ਼ਦੀਕ ਆਉਣ 'ਤੇ ਫਿਰ ਭੋਗਾਂ ਦੀ ਅਰਦਾਸ ਸਮੇਂ ਪਹੁੰਚਣ ਲਈ ਬੇਨਤੀ ਕਰਨ ਆਏ, ਤਾਂ ਸੰਤ ਕਹਿਣ ਲੱਗੇ ਕਿ ਭਾਈ ਦੀਦਾਰ ਸਿੰਘ ਆਪੇ ਵਿਚਰਦੇ ਆ ਜਾਂਦੇ ਹੁੰਦੇ ਐ। ਉਹ ਇਕੋਤਰੀ ਦੇ ਭੋਗ ਦੀ ਅਰਦਾਸ ਕਰਨਗੇ। ਇਧਰ ਗਿਆਨੀ ਦੀਦਾਰ ਸਿੰਘ ਸੁਤੇ ਸਿੱਧ ਹੀ ਬਾੜੇ ਨਗਰ ਪਹੁੰਚੇ, ਤਾਂ ਪਤਾ ਲੱਗਾ ਕਿ ਕੱਲ੍ਹ ਨੂੰ ਇਕੋਤਰੀ ਦਾ ਭੋਗ ਹੈ। ਬਾਬਾ ਹਰਚਰਨ ਸਿੰਘ ਵੇਖ ਕੇ ਬੜੇ ਖੁਸ਼ ਹੋਏ ਤੇ ਕਹਿਣ ਲੱਗੇ ਕਿ ਸੰਤਾਂ ਨੇ ਆਪ ਤੁਹਾਡੇ ਮਨ ਨੂੰ ਪ੍ਰੇਰ ਕੇ ਭੋਗ 'ਤੇ ਹਾਜ਼ਰੀ ਲਵਾਉਣ ਲਈ ਭੇਜਿਆ ਹੈ। ਸਾਰੀਆਂ ਸੰਗਤਾਂ ਦੇ ਸੀਸ ਮਹਾਂਪੁਰਸ਼ਾਂ ਦੀ ਦੂਰ ਦ੍ਰਿਸ਼ਟੀ ਤੱਕ ਕੇ ਅਦਬ ਨਾਲ ਝੁਕ ਗਏ। ਅਗਲੇ ਦਿਨ ਗੁਰ ਮਰਯਾਦਾ ਨਾਲ ਇਕੋਤਰੀ ਦੀ ਨਿਰਵਿਘਨਤਾ ਸਹਿਤ ਸੰਪੂਰਨਤਾ ਹੋਈ।

ਸੰਤਾਂ ਦੇ ਬਚਨਾਂ ਅਨੁਸਾਰ ਨਗਰ ਕਮਾਣੇ ਦੇ ਗੁਰੂ ਘਰ ਦੀ ਸੇਵਾ ਵੀ ਬਾਬਾ ਹਰਚਰਣ ਸਿੰਘ ਜੀ ਨੇ ਕਰਵਾਈ, ਜੋ ਇਲਾਕੇ ਵਿੱਚ ਆਪਣੀ ਨਿਵੇਕਲੀ ਦਿੱਖ ਰੱਖਦਾ ਹੈ ਤੇ ਸ਼ਰਧਾਲੂ ਸੰਗਤਾਂ ਵਿੱਚ ਖਿੱਚ ਦਾ ਕਾਰਣ ਹੈ। ਸੰਤ ਬਾਬਾ ਅਮਰ ਸਿੰਘ ਜੀ ਕਿਰਤੀ 'ਫੱਤਾ ਮਾਲੋਕਾ' ਵਾਲਿਆਂ ਦੀ ਯਾਦ ਵਿੱਚ, ਜਿਸ ਦੀ ਉਸਾਰੀ ਹੋਈ ਹੈ। ਜਿੱਥੇ ਆਪਣਾ ਮੁੱਖ ਕੇਂਦਰ ਅਸਥਾਪਨ ਕਰਕੇ ਬਾਬਾ ਹਰਚਰਨ ਸਿੰਘ ਜੀ ਕਈ ਅਸਥਾਨਾਂ ਦੀ ਸੇਵਾ ਕਰਵਾ ਰਹੇ ਹਨ। ਇਸ ਦਰਬਾਰ ਸਾਹਿਬ ਦਾ ਨੀਂਹ ਪੱਥਰ ਸੰਤ ਬਾਬਾ ਧਮਧਾਨ ਸਾਹਿਬ ਵਾਲਿਆਂ ਨੇ ੧੫ ਜਨਵਰੀ ੧੯੯੭ ਦਿਨ ਬੁੱਧਵਾਰ (੩ ਮਾਘ ਪੋਹ ਸੁਦੀ ਸਤਮੀ) ਨੂੰ ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਆਗਮਨ ਦਿਹਾੜੇ 'ਤੇ ਰੱਖਿਆ। ਬਾਬਾ ਹਰਚਰਨ ਸਿੰਘ ਜੀ ਵਿਸ਼ੇਸ਼ ਕਰਕੇ ਕ੍ਰਿਪਾ ਦੇ ਪਾਤਰ ਬਣੇ। ੧੯੬੪ ਦੇ ਲਗਭਗ ਭਾਈ ਨਛੱਤਰ ਸਿੰਘ ਨੰਗਲ ਵਾਲੇ ਸੰਤਾਂ ਦੇ ਪਾਸ ਆ ਗਏ ਸਨ। ਇਹਨਾਂ ਨੂੰ ਨੰਗਲ ਪਿੰਡ ਦੇ ਗਿਆਨੀ ਕਰਤਾਰ ਸਿੰਘ ਜੀ ਮਹਾਂਪੁਰਖਾਂ ਦੇ ਪਾਸ ਛੱਡ ਕੇ ਗਏ ਸਨ। ਗਿਆਨੀ ਕਰਤਾਰ ਸਿੰਘ ਜੀ ਨੇ ਇਹਨਾਂ ਦੀ ਸੰਥਿਆ ਪੰਜ ਗ੍ਰੰਥੀ ਤੋਂ ਸ਼ੁਰੂ ਕਰਵਾ ਦਿੱਤੀ ਸੀ। ਬਾਕੀ ਸਾਰੀ ਸੰਥਿਆ, ਗੁਰ ਪ੍ਰਤਾਪ ਸੂਰਜ ਗ੍ਰੰਥ, ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਸੰਥਿਆ ਆਪ ਨੇ ਸੰਤ ਬਾਬਾ ਅਮਰ ਸਿੰਘ ਕਿਰਤੀ ਜੀ ਪਾਸੋਂ ਹੀ ਪ੍ਰਾਪਤ ਕੀਤੀ ਸੀ। ਗਿਆਨੀ ਇਕਬਾਲ ਸਿੰਘ ਤੁਗਲ ਵਾਲੇ ਵੀ ਇਹਨਾਂ ਦਿਨਾਂ ਵਿੱਚ ਹੀ ਕਿਰਤੀ ਜੀ ਪਾਸ ਆਏ ਸਨ। ਇਸੇ ਪ੍ਰਕਾਰ ਇਹਨਾਂ ਦੇ ਸਮੇਂ ਵਿੱਚ ਵੀ ਕਰੀਬਨ ੫੦-੬੦ ਵਿਦਿਆਰਥੀ ਸੰਤਾਂ ਪਾਸ ਰਹਿ ਕੇ ਗੁਰਮਤਿ ਦੀ ਵਿੱਦਿਆ ਪ੍ਰਾਪਤ ਕਰਦੇ ਸਨ।

ਸੰਤ ਕਿਰਤੀ ਜੀ ਰਾਜਨੀਤੀ ਤੋਂ ਬਹੁਤ ਦੂਰ ਰਹਿੰਦੇ ਸਨ, ਭਾਵੇਂ ਕਿ ਰਾਜਨੀਤੀ ਤੋਂ ਬੜੀ ਚੰਗੀ ਤਰ੍ਹਾਂ ਜਾਣੂ ਸਨ। ਜਦ ਕਦੇ ਲੋੜ ਪੈਂਦੀ, ਤਾਂ ਰਾਜਨੀਤੀ ਵਰਤ ਵੀ ਲੈਂਦੇ ਸਨ, ਪਰ ਫਿਰ ਵੀ ਕਿਸੇ ਨੂੰ ਅਨੁਭਵ ਨਹੀਂ ਸੀ ਹੋਣ ਦਿੰਦੇ ਕਿ ਰਾਜਨੀਤੀ ਜਾਣਦੇ ਹਨ। ਇੱਕ ਵਾਰ ਮਲੇਰ ਕੋਟਲੇ ਤੋਂ ਸੰਤਾਂ ਦੇ ਭਾਣਜ ਜਵਾਈ ਭਾਈ ਮਨੀ ਸਿੰਘ ਸੰਤਾਂ ਕੋਲ ਉਹਨਾਂ ਦੀ ਪਿਛਲੀ ਟਿੱਬੇ ਵਾਲੀ ਜ਼ਮੀਨ ਦੇ ਕਾਗਜ਼ ਲੈ ਕੇ ਆਏ। ਉਹ ਆ ਕੇ ਕਹਿਣ ਲੱਗੇ ਕਿ ਤੁਸੀਂ ਤਾਂ ਮਹਾਂਪੁਰਖ ਹੋ। ਅਸੀਂ ਤੁਹਾਡੀ ਟਿੱਬੇ ਵਾਲੀ ਜ਼ਮੀਨ ਦੇ ਕਾਗਜ਼ ਲਿਆਏ ਹਾਂ। ਇਹ ਜ਼ਮੀਨ ਸਾਡੇ ਨਾਂ ਲਗਾ ਦੇਵੋ। ਸੰਤ ਕਹਿਣ ਲੱਗੇ, "ਭਾਈ ਮਨੀ ਸਿੰਘ, ਜਾਇਦਾਦ ਤਾਂ ਤੁਹਾਡੀ ਤੇ ਸਾਰੇ ਪਰਿਵਾਰ ਦੀ ਹੀ ਹੈ, ਪਰ ਇਸ ਥਾਂ 'ਤੇ ਕਾਰੋਬਾਰ ਬਹੁਤ ਵਧ ਗਿਆ ਹੈ। ਸਾਡਾ ਚਿੱਤ ਕਰਦਾ ਹੈ ਕਿ ਟਿੱਬੇ ਵਾਲੀ ਜ਼ਮੀਨ 'ਤੇ ਕੋਠਾ ਪਾ ਕੇ ਬੰਦਗੀ ਕਰਨ ਲੱਗ ਜਾਈਏ।" ਇੰਨੀ ਗੱਲ ਸੁਣ ਕੇ ਉਹ ਸੰਭਲ ਗਏ ਅਤੇ ਫਿਰ ਕੁਝ ਨਹੀਂ ਬੋਲੇ। ਫਤਹਿ ਬੁਲਾ ਕੇ ਚਲੇ ਗਏ। ਬਾਅਦ ਵਿੱਚ ਵੀ ਸੰਤਾਂ ਨੂੰ ਮਿਲਣ ਆਉਂਦੇ ਰਹੇ, ਪਰ ਫਿਰ ਜ਼ਮੀਨ ਦੀ ਗੱਲ ਨਾ ਕੀਤੀ।

ਸੰਤ ਕਿਰਤੀ ਜੀ ਦਾ ਗਿਆਨ ਅਨੁਭਵੀ ਗਿਆਨ ਸੀ। ਕੋਈ ਵੀ ਗੱਲ ਕਰਨ ਤੋਂ ਪਹਿਲਾਂ ਉਸ ਦੇ ਵਿਸ਼ੇ ਨੂੰ ਸਮਝਦੇ ਸਨ। ਇਨਸਾਨ ਦੀਆਂ ਗੱਲਾਂ ਵਿੱਚੋਂ ਹੀ ਉਸ ਦੇ ਅੰਦਰ ਦੀ ਭਾਵਨਾ ਸਮਝ ਲੈਂਦੇ ਸਨ। ਇੱਕ ਵਾਰ ਸਰਦੂਲਗੜ੍ਹ ਨਗਰ ਦੀ ਸੰਗਤ ਨੇ ਆ ਕੇ ਬੇਨਤੀ ਕੀਤੀ ਕਿ ਬਾਬਾ ਜੀ ਗੁਰਦੁਆਰਾ ਸਰੋਵਰ ਸਾਹਿਬ ਦੇ ਦਰਬਾਰ ਸਾਹਿਬ ਦੀ ਛੱਤ ਪਾਉਣੀ ਹੈ, ਇਸ ਲਈ ਆਪ ਜੀ ਸੰਗਤਾਂ ਨੂੰ ਕਹੋ ਕਿ ਮਾਇਆ ਦੀ ਮਦਦ ਕਰਨ। ਸੰਤ ਕਹਿਣ ਲੱਗੇ ਕਿ ਭਾਈ :-

**ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ॥**
**ਦੇਵਨ ਕਉ ਏਕੈ ਭਗਵਾਨੁ॥**

ਇਹ ਸੁਣ ਕੇ ਸਾਰੀ ਸੰਗਤ ਚੁੱਪ ਕਰ ਗਈ। ਸੰਤ ਫਿਰ ਕਹਿਣ ਲੱਗੇ ਕਿ ਭਾਈ ਕੋਈ ਗੱਲ ਨਹੀਂ, ਸੰਗਤ ਨੂੰ ਸੰਗ੍ਰਾਂਦ ਵਾਲੇ ਦਿਨ ਬੇਨਤੀ ਕਰ ਦਿਆਂਗੇ। ਸੰਗ੍ਰਾਂਦ ਵਾਲੇ ਦਿਨ ਬੇਨਤੀ ਕਰਨ 'ਤੇ ਬਹੁਤ ਮਾਇਆ ਇਕੱਠੀ ਹੋ ਗਈ। ਫਿਰ ਇਸੇ ਤਰ੍ਹਾਂ ਜਦ ਨਗਰ 'ਫੱਤਾ ਮਾਲੋਕਾ' ਦੀਆਂ ਸੰਗਤਾਂ ਨੇ ਬੇਨਤੀ ਕੀਤੀ ਕਿ ਬਾਬਾ ਜੀ, ਪੁਰਾਣੇ ਦਰਬਾਰ ਸਾਹਿਬ ਦੀ ਛੱਤ ਬਦਲਣ ਵਾਲੀ ਹੋ ਗਈ ਹੈ, ਇਸ ਦੀ ਸੇਵਾ ਕਰਵਾਈ ਜਾਵੇ, ਸੰਤ ਕਹਿਣ ਲੱਗੇ, "ਭਾਈ ਸਾਡੇ ਕੋਲ ਤਾਂ ਇਤਨੇ ਕੁ ਪੈਸੇ ਹਨ, ਮੰਗਣ ਕਿਸੇ ਕੋਲ ਜਾਣਾ ਨਹੀਂ। ਆਪ ਸੰਗਤਾਂ ਦੀ ਮਰਜ਼ੀ ਹੈ। ਉਸ ਵੇਲੇ ਸੰਗਤਾਂ ਨੇ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੇਵਾ ਕੀਤੀ, ਜਿਸ ਸਦਕਾ ਦਰਬਾਰ ਸਾਹਿਬ ਦੀ ਨਵੀਂ ਇਮਾਰਤ ਤਿਆਰ ਹੋ ਗਈ। ਇਸ ਤੋਂ ਬਾਅਦ ਸੰਗਤਾਂ ਦੀ ਬੇਨਤੀ ਪਰਵਾਨ ਕਰਕੇ ਇੱਥੇ ੧੦੧ ਸ੍ਰੀ ਅਖੰਡ ਪਾਠ ਸਾਹਿਬ ਕਰਵਾਏ ਗਏ।"

ਕਾਫ਼ੀ ਸਮਾਂ ਬੀਤ ਜਾਣ ਮਗਰੋਂ ਸੰਤਾਂ ਦਾ ਸਰੀਰ ਬੁਖਾਰ ਆਦਿ ਨਾਲ ਬਹੁਤ ਢਿੱਲਾ ਜਿਹਾ ਰਹਿਣ ਲੱਗ ਪਿਆ। ਸੰਤਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁਰੂ ਕੀਤੀ ਚੌਥੀ ਕਥਾ ਭਗਤ ਕਬੀਰ ਜੀ ਦੇ ਸਲੋਕ :-

**ਕਬੀਰ ਸਤੀ ਪੁਕਾਰੈ ਚਿਹ ਚੜੀ ਸੁਨਹੁ ਬੀਰ ਮਸਾਨ ॥**

**ਲੋਗ ਸਬਾਇਆ ਚਲਿ ਗਇਓ ਹਮ ਤੁਮ ਕਾਮ ਨਿਦਾਨਿ ॥**

ਦੀ ਕਥਾ ਚਲ ਰਹੀ ਸੀ। ਸੰਤਾਂ ਦੇ ਚੜ੍ਹਾਈ ਕਰ ਜਾਣ ਤੋਂ ਬਾਦ ਸੰਗਤਾਂ ਦੇ ਬੇਨਤੀ ਕਰਨ ਤੇ ਸੰਤਾਂ ਵਲੋਂ ਸ਼ੁਰੂ ਕੀਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਚੌਥੀ ਕਥਾ ਦੀ ਸੰਪੂਰਨਤਾ ਦਾ ਭੋਗ ਗਿਆਨੀ ਦੀਦਾਰ ਸਿੰਘ ਜੀ ਹਾਂਸਪੁਰ ਵਾਲਿਆਂ ਨੇ ਇਸ ਅਸਥਾਨ ਤੇ ਰਹਿ ਕੇ ਪਾਇਆ।

ਪਿੰਡ ਰੱਲੀ ਤੋਂ ਭਾਈ ਦਰਸ਼ਨ ਸਿੰਘ ਬਾਬਾ ਜੀ ਕੋਲ ਪੜ੍ਹਨ ਲਈ ਆਏ ਹੋਏ ਸਨ, ਉਨ੍ਹਾਂ ਨੇ ਵੀ ਆਪਣੀ ਪੜ੍ਹਾਈ ਵਿਚਾਲੇ ਹੀ ਛੱਡ ਦਿੱਤੀ ਅਤੇ ਸੰਤਾਂ ਦੀ ਸੇਵਾ ਵਿੱਚ ਹੀ ਤੱਤਪਰ ਹੋ ਗਏ। ਦਿਨ-ਰਾਤ ਸੰਤਾਂ ਕੋਲ ਹਾਜ਼ਰ ਰਹਿੰਦੇ, ਬਸਤਰ ਧੋਣ ਅਤੇ ਜਲ ਪਾਣੀ ਦੀ ਸੇਵਾ ਕਰਦੇ ਰਹਿੰਦੇ। ਸੰਤ ਜਦ ਠੀਕ ਹੋਇਆ ਕਰਨ, ਉਸ ਵੇਲੇ ਵਿਦਿਆਰਥੀਆਂ ਨੂੰ ਪੜ੍ਹਾਉਣਾ ਸ਼ੁਰੂ ਕਰ ਦਿੰਦੇ ਸਨ। ਮਾਮੂਲੀ ਬਿਮਾਰੀ ਨੂੰ ਤਾਂ ਕੁਝ ਨਹੀਂ ਸਨ ਸਮਝਦੇ। ਜੇ ਕੋਈ ਪੁੱਛੇ ਕਿ ਆਪ ਜੀ ਦਾ ਸਰੀਰ ਕੁਝ ਢਿੱਲਾ ਜਿਹਾ ਮਹਿਸੂਸ ਹੁੰਦਾ ਹੈ ਤਾਂ ਸੰਤ ਬੜੀ ਚੜ੍ਹਦੀ ਕਲਾ ਵਿੱਚ ਜਵਾਬ ਦਿਆ ਕਰਨ ਕਿ ਅਸੀਂ ਤਾਂ ਟਾਹਲੀ ਦੇ ਪੋਰੇ ਵਰਗੇ ਹਾਂ। ਫਿਰ ਜਦ ਬਾਬਾ ਜੀ ਜ਼ਿਆਦਾ ਬਿਮਾਰ ਹੋ ਗਏ, ਤਾਂ ਪਟਿਆਲੇ ਵਿਖੇ ਦਾਖਲ ਕਰਵਾਇਆ ਗਿਆ। ਉੱਥੇ ਡਾ.ਤਰਲੋਕ ਸਿੰਘ ਦੇ ਘਰ ਵਿੱਚ ਰਹੇ। ਡਾ ਸਾਹਿਬ ਆਪ ਹੀ ਸਾਰੇ ਟੈਸਟ ਕਰਵਾ ਕੇ ਲਿਆਉਂਦੇ ਸਨ ਅਤੇ ਹੋਰ ਡਾਕਟਰਾਂ ਦੀ ਰਾਇ ਨਾਲ ਦਵਾਈ ਵੀ ਦਿੰਦੇ ਸਨ। ਇੱਥੇ ਡਾ. ਸਾਹਿਬ ਅਤੇ ਉਹਨਾਂ ਦੀ ਪਤਨੀ ਨੇ ਬਾਬਾ ਜੀ ਦੀ ਬੜੀ ਸੇਵਾ ਕੀਤੀ। ਇਸੇ ਸੇਵਾ ਦੇ ਦੌਰਾਨ ਇਸ ਦੰਪਤੀ ਨੇ ਕਈ ਪ੍ਰਕਾਰ ਦੇ ਕ੍ਰਿਸ਼ਮੇ ਗੁਰੂ ਘਰ ਦੀ ਸੇਵਾ ਵਿੱਚ ਦੇਖੇ।

ਇੱਕ ਦਿਨ ਪਿੰਡ ਫੱਤਾ ਮਾਲੋਕਾ ਤੋਂ ਸੰਗਤ ਪਤਾ ਲੈਣ ਲਈ ਇੱਥੇ ਆਈ, ਤਾਂ ਸਿਲੰਡਰ ਵੀ ਖਤਮ ਹੋ ਗਏ ਤੇ ਬਿਜਲੀ ਵੀ ਕਿਸੇ ਕਾਰਨ ਬੰਦ ਹੋ ਗਈ। ਡਾ. ਸਾਹਿਬ ਦੀ ਧਰਮ ਸੁਪਤਨੀ ਨੇ ਮਨ ਵਿੱਚ ਸੋਚਿਆ ਕਿ ਅੱਜ ਸੰਗਤ ਦੀ ਸੇਵਾ ਕਿਵੇਂ ਹੋਵੇਗੀ। ਜੇ ਕੋਈ ਆਪਣੇ ਆਪ ਸਿਲੰਡਰ ਛੱਡ ਜਾਵੇ, ਮੈਂ ਲੰਗਰ ਤਿਆਰ ਕਰਕੇ ਛਕਾਵਾਂ। ਬਸ ਇੰਨੀ ਹੀ ਦੇਰ ਸੀ ਕਿ ਇੱਕ ਗੁਆਂਢਣ ਨੇ ਆ ਕੇ ਪੁੱਛਿਆ ਕਿ ਭੈਣ ਜੇ ਸਿਲੰਡਰ ਦੀ ਲੋੜ ਹੋਵੇ ਤਾਂ ਸਾਡੇ ਘਰ ਵਿੱਚ ਇੱਕ ਵਾਧੂ ਸਿਲੰਡਰ ਪਿਆ ਹੈ। ਤੁਹਾਡੇ ਘਰ ਸੰਗਤ ਬਹੁਤ ਆਉਂਦੀ ਹੈ। ਜੇ ਲੋੜ ਹੈ ਤਾਂ ਮੈਂ ਸਿਲੰਡਰ ਭੇਜ ਦੇਵਾਂ। ਬੀਬੀ ਉਸ ਵੇਲੇ ਮਨ ਵਿੱਚ ਸਤਿਗੁਰੂ ਜੀ ਦਾ ਧੰਨਵਾਦ ਕਰਦੀ ਹੋਈ ਕਹਿਣ ਲੱਗੀ ਕਿ ਭੇਜ ਦਿਓ। ਅੱਜ ਹੀ ਤਾਂ ਜ਼ਰੂਰੀ ਲੋੜ ਹੈ। ਫਿਰ ਪਹਿਲਾਂ ਨਾਲੋਂ ਵੀ ਜ਼ਿਆਦਾ ਸ਼ਰਧਾ ਨਾਲ ਖੁਸ਼ੀ-ਖੁਸ਼ੀ ਸੇਵਾ ਕਰਨ ਲੱਗੀ। ਫਿਰ ਪਟਿਆਲੇ ਤੋਂ ਛੁੱਟੀ ਮਿਲ ਗਈ, ਤਾਂ ਬਾਬਾ ਜੀ ਪਿੰਡ ਆ ਗਏ।

ਡਾ. ਤਰਲੋਕ ਸਿੰਘ ਪਤਾ ਲੈਣ ਆਏ, ਤਾਂ ਬਾਬਾ ਜੀ ਕੋਲ ਇੱਛਾ ਜ਼ਾਹਿਰ ਕੀਤੀ ਕਿ ਮੈਂ ਚਾਹੁੰਦਾ ਹਾਂ ਕਿ ਮੈਨੂੰ ਮਾਨਸਾ ਡਿਊਟੀ ਮਿਲ ਜਾਵੇ, ਤਾਂ ਕਿ ਨੇੜੇ ਰਹਿ ਕੇ ਸੇਵਾ ਕਰ ਸਕਾਂ। ਸੰਤ ਕਹਿਣ ਲੱਗੇ, "ਡਾ. ਸਾਹਿਬ, ਚਿੰਤਾ ਨਾ ਕਰੋ। ਮਾਨਸਾ ਵੀ ਡਿਊਟੀ ਮਿਲ ਜਾਵੇਗੀ।" ਕੁਝ ਸਮੇਂ ਬਾਅਦ ਉਹ ਮਾਨਸਾ ਵਿੱਚ ਆ ਗਏ। ਇਸੇ ਤਰ੍ਹਾਂ ਜਦ ਭਾਈ ਗੁਰਚੇਤ ਸਿੰਘ ਪੱਤਰਕਾਰ (ਅਜੀਤ ਅਖ਼ਬਾਰ) ਬਾਰੇ ਵੀ ਸੁਤੇ ਸਿੱਧ ਹੀ ਬਚਨ ਹੋਏ ਸਨ, ਜਿਨ੍ਹਾਂ ਸਦਕਾ ਸਹੀ ੧੦ ਸਾਲਾਂ ਬਾਅਦ ਉਸ ਦੀ ਕੋਠੀ ਬਣ ਗਈ ਸੀ।

ਜਦ ਸੰਤਾਂ ਦਾ ਸਰੀਰ ਬਹੁਤ ਜ਼ਿਆਦਾ ਹੀ ਢਿੱਲਾ ਹੋ ਗਿਆ, ਤਾਂ ਫਰੀਦਕੋਟ ਦੇ ਡਾ. ਧਰਮੰਗਤ

ਨੂੰ ਦਿਖਾਇਆ। ਉਸ ਨੇ ਦੱਸਿਆ ਕਿ ਇਨ੍ਹਾਂ ਦੀ ਅੰਨ ਪਚਾਉਣ ਸ਼ਕਤੀ ਕਮਜ਼ੋਰ ਹੋ ਗਈ ਹੈ। ਇਸ ਕਰਕੇ ਸਿੰਘ ਜੀ ਇਲਾਜ ਕਰਵਾ ਲਵੋ। ਬਾਬਾ ਜੀ ਨੂੰ ਨਗਰ ਲਿਆਂਦਾ ਗਿਆ। ਨੌਂ ਮਹੀਨੇ ਅੰਨ, ਜਲ, ਪਾਣੀ ਆਦਿਕ 'ਤੇ ਰਹੇ। ੧੯੮੪ ਵਿੱਚ ਵਿਸਾਖੀ ਦੇ ਸਮੇਂ ਗਿਆਨੀ ਹਰਭਜਨ ਸਿੰਘ ਜੀ ਢੁੱਡੀਕੇ ਦਰਸ਼ਨਾਂ ਲਈ ਆਏ। ਸਰੀਰ ਕਾਫ਼ੀ ਕਮਜ਼ੋਰ ਦੇਖ ਕੇ ਬੇਨਤੀ ਕੀਤੀ ਕਿ ਜੇ ਆਪ ਜੀ ਹੁਕਮ ਕਰੋ, ਤਾਂ ਇਸ ਦੁੱਖ ਦੀ ਨਵਿਰਤੀ ਲਈ ਭਜਨ ਪਾਠ ਕਰ ਲਈਏ। ਮਹਾਂਪੁਰਖ ਕਹਿਣ ਲੱਗੇ ਕਿ ਗਿਆਨੀ ਜੀ ਹੁਣ ਸਮਾਂ ਨਜ਼ਦੀਕ ਆ ਗਿਆ ਹੈ। ਸਰੀਰ ਨੇ ਜਾਣਾ ਹੀ ਹੈ। ਤਾਂ ਗਿਆਨੀ ਜੀ ਕਹਿਣ ਲੱਗੇ-

**ਸਰਬ ਰੋਗ ਕਾ ਅਉਖਦੁ ਨਾਮੁ ॥**

ਤਾਂ ਸੰਤ ਕਹਿਣ ਲੱਗੇ ਕਿ ਜਿਵੇਂ ਤੁਹਾਡੀ ਇੱਛਾ ਹੈ, ਕਰ ਲਵੋ। ਗਿਆਨੀ ਜੀ ਨੇ ਪੁਰਾਣੇ ਵਿਦਿਆਰਥੀ ਇਕੱਠੇ ਕਰ ਕੇ ਵਿਚਾਰ ਕੀਤੀ ਕਿ ਸੰਤਾਂ ਨਮਿਤ ਸੰਪਟ ਪਾਠ ਕਰਨਾ ਹੈ। ਮਰਿਯਾਦਾ ਵਿੱਚ ਰਹਿ ਕੇ ੩੩ ਸਿੰਘਾਂ ਦੀ ਸੁਧਾਈ ਕਰਵਾਈ। ਪੰਜ ਪਾਠੀ, ਪੰਜ ਜਾਪੀਏ, ਪੰਜ ਧੂਪੀਏ, ਪੰਜ ਪਹਿਰੇਦਾਰ ਬਾਕੀ ਸਿੰਘ ਸੇਵਾ ਲਈ। ਪ੍ਰੇਮ ਨਾਲ ਸੰਪਟ ਪਾਠ ਕੀਤਾ। ਪ੍ਰਾਰੰਭਤਾ ਦੀ ਅਰਦਾਸ ਕਰਨ ਸਮੇਂ ਸੰਤਾਂ ਦੇ ਸਰੀਰ ਨੂੰ ਕਾਫ਼ੀ ਤਕਲੀਫ਼ ਸੀ ਤੇ ਮੱਧ ਦੀ ਅਰਦਾਸ ਸਮੇਂ ਕਾਫ਼ੀ ਹੱਦ ਤੱਕ ਰੋਗ ਦੀ ਨਵਿਰਤੀ ਹੋ ਗਈ ਸੀ। ਭੋਗ ਪੈਣ ਉਪਰੰਤ ਸੰਤ ਬਿਲਕੁਲ ਤੰਦਰੁਸਤ ਹੋ ਗਏ। ਸੰਤਾਂ ਨੇ ਆਪ ਇਹ ਗੱਲ ਕਹੀ ਕਿ ਤੁਸੀਂ ਜੋ ਸੰਪਟ ਲਾਇਆ ਹੈ-

**ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥**

ਇਸ ਬਾਣੀ ਨੇ ਸਾਡੀ ਉਮਰ ਇੱਕ ਮਹੀਨਾ ਵਧਾ ਦਿੱਤੀ ਤੇ ਰੋਗ ਦੀ ਵੀ ਨਵਿਰਤੀ ਕਰ ਦਿੱਤੀ। ਉਪਰੰਤ ਇੱਕ-ਡੇਢ ਮਹੀਨਾ ਸੰਤ ਸਰੀਰ ਵਿੱਚ ਬਿਲਕੁਲ ਤੰਦਰੁਸਤ ਰਹੇ।

ਸੰਤ ਬਾਬਾ ਅਮਰ ਸਿੰਘ ਜੀ ਕਿਰਤੀ ਜੀ ਦਾ ਜੀਵਨ ਸੰਸਾਰਿਕ ਨਿਰਲੇਪਤਾ ਅਤੇ ਵਿੱਦਿਆ ਦੇ ਦਾਨ ਦੀ ਮੂਰਤ ਸੀ। ਆਪ ਜੀ ਸੰਸਾਰ ਦੇ ਮਾਇਕੀ ਪਦਾਰਥਾਂ ਤੋਂ ਸਦਾ ਹੀ ਨਿਰਲੇਪ ਰਹਿੰਦੇ ਸਨ। ਆਪ ਜੀ ਨੇ ਆਪਣਾ ਸਾਰਾ ਜੀਵਨ ਦੁੱਖਾਂ-ਸੁੱਖਾਂ ਵਿਚ ਇੱਕ ਸਮਾਨ ਅਵਸਥਾ ਵਿਚ ਰਹਿੰਦੇ ਹੋਏ ਬਤੀਤ ਕੀਤਾ। ਕਿਉਂਕਿ ਸੰਤ ਲੋਕ ਬ੍ਰਹਮ ਗਿਆਨ ਦੀ ਅਵਸਥਾ ਨੂੰ ਪ੍ਰਾਪਤ ਹੁੰਦੇ ਹਨ ਅਤੇ ਇਸ ਅਟੱਲ ਸੱਚਾਈ ਤੋਂ ਜਾਣੂ ਹੁੰਦੇ ਹਨ ਕਿ ਜੇ ਸੂਰਜ ਨੇ ਚੜ੍ਹਨਾ ਹੈ ਤਾਂ ਇਸ ਨੇ ਡੁੱਬਣਾ ਵੀ ਹੈ। ਜੇ ਸੂਰਜ ਦੇ ਚੜ੍ਹਣ ਨਾਲ ਦਿਨ ਚੜ੍ਹਨਾ ਹੈ ਤਾਂ ਰਾਤ ਵੀ ਪੈਣੀ ਹੈ ਅਤੇ ਫਿਰ ਦਿਨ ਨੇ ਚੜ੍ਹਣਾ ਹੈ। ਕਾਲ ਦੇ ਸਮੇਂ ਦੀ ਗਤੀ ਦਾ ਚੱਕਰ ਇਸੇ ਤਰ੍ਹਾਂ ਚੱਲਦਾ ਰਹਿੰਦਾ ਹੈ। ਜੀਵਨ ਦੇ ਚੱਕਰਵਿਊ ਵਿਚ ਦੁੱਖ-ਸੁੱਖ ਵੀ ਲੜੀਬੱਧਤਾ ਨਾਲ ਚੱਲਦੇ ਰਹਿੰਦੇ ਹਨ। ਜੀਵਨ ਵਿਚ ਨਾ ਹਮੇਸ਼ਾ ਦੁੱਖ ਰਹਿੰਦੇ ਹਨ ਅਤੇ ਨਾ ਹਮੇਸ਼ਾ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ। ਸੁੱਖ-ਦੁੱਖ ਤਾਂ ਜੀਵਨ ਰੂਪੀ ਸਿੱਕੇ ਦੇ ਦੋ ਪਾਸੇ ਹਨ ਜਿਹੜੇ ਕਦੇ ਵੱਖਰੇ ਨਹੀਂ ਹੋ ਸਕਦੇ। ਜੋ ਵਿਅਕਤੀ ਇਹਨਾਂ ਦੁੱਖਾਂ-ਸੁੱਖਾਂ ਤੋਂ ਉਪਰ ਉੱਠ ਕੇ ਬ੍ਰਹਮ ਗਿਆਨ ਦੀ ਅਵਸਥਾ ਵਿਚ ਵਿਚਰਦਾ ਹੈ ਉਸਨੂੰ ਹੀ ਸੰਤ ਪਦ ਦੀ ਪ੍ਰਾਪਤੀ ਹੁੰਦੀ ਹੈ। ਸੰਤ ਬਾਬਾ ਅਮਰ ਸਿੰਘ ਜੀ ਕਿਰਤੀ ਵੀ ਦੁੱਖਾਂ ਸੁੱਖਾਂ ਵਿੱਚ ਇੱਕ ਸਮਾਨ ਜੀਵਨ ਬਤੀਤ ਕਰਦੇ ਹੋਏ ਉਸ ਸੱਚੇ ਪਰਵਦਗਾਰ ਦੇ ਹੁਕਮ ਵਿੱਚ ਰਹਿੰਦੇ ਸਨ। ਆਪ ਜੀ ਦੁੱਖਾਂ ਵਿੱਚ ਕਦੇ ਘਬਰਾਏ ਨਹੀਂ ਅਤੇ ਸੁੱਖਾਂ

ਵਿੱਚ ਕਦੇ ਪ੍ਰਭੂ ਨੂੰ ਵਿਸਾਰਿਆ ਨਹੀਂ। ਆਪ ਜੀ ਹਮੇਸ਼ਾ ਹੀ ਪ੍ਰਮਾਤਮਾ ਦੇ ਸਿਮਰਨ ਵਿਚ ਇੱਕ ਰਸ ਲੱਗੇ ਰਹਿੰਦੇ ਸਨ। ਆਪ ਜੀ ਨੇ ਸਦਾ ਹੀ ਮਸਤ ਹੋ ਕੇ ਗੁਰੂ ਘਰ ਦੀ ਸੇਵਾ ਵਿਚ ਲੱਗੇ ਹੋਏ, ਵਿਦਿਆ ਪੜ੍ਹਾਉਂਦੇ ਹੋਏ ਅਤੇ ਸੰਗਤ ਨੂੰ ਗੁਰੂ ਘਰ ਨਾਲ ਜੋੜਦੇ ਹੋਏ ਜੀਵਨ ਦੀਆਂ ਸਾਰੀਆਂ ਅਵਸਥਾਂਵਾਂ ਇੱਕ ਰਸ ਨਿਡਰ ਅਤੇ ਅਡੋਲ ਹੋ ਕੇ ਬਤੀਤ ਕੀਤੀਆਂ।

ਹਰ ਮਨੁੱਖ ਨੂੰ ਸੰਸਾਰ ਦੀਆਂ ਸਾਰੀਆਂ ਅਵਸਥਾਵਾਂ ਵਿਚੋਂ ਗੁਜ਼ਰਨਾ ਪੈਂਦਾ ਹੈ। ਸੰਸਾਰ ਦੀ ਚਾਲ ਹੀ ਇਸੇ ਤਰ੍ਹਾਂ ਦੀ ਹੈ। ਜੋ ਵਿਅਕਤੀ ਸੰਸਾਰਕ ਚਾਲ ਵਿਚ ਚੱਲਦਾ ਹੋਇਆ ਕੰਮਾਂ ਨੂੰ ਉਸ ਪਰਮਾਤਮਾ ਦੀ ਲਗਾਈ ਹੋਈ ਡਿਊਟੀ ਸਮਝ ਕੇ ਨਿਸ਼ਕਾਮ ਹੋ ਕੇ ਪਰਮਾਤਮਾ ਦੀ ਮਿੱਠੀ ਯਾਦ ਨੂੰ ਹਿਰਦੇ ਵਿਚ ਵਸਾ ਕੇ ਕਰਦਾ ਹੈ; ਕਦੇ ਵੀ ਕੰਮਾਂ ਦੇ ਬੰਧਨਾਂ ਵਿਚ ਫਸ ਕੇ ਆਪਣੇ ਪਿਆਰੇ ਪ੍ਰੀਤਮ ਨੂੰ ਨਹੀਂ ਵਿਸਾਰਦਾ ਉਸ ਨੂੰ ਹੀ ਮੌਤ ਦੀ ਮੰਜ਼ਿਲ ਤੋਂ ਬਾਅਦ ਸੱਚੇ ਪ੍ਰੀਤਮ ਦੀ ਪ੍ਰਾਪਤੀ ਹੁੰਦੀ ਹੈ। ਪਰ ਜੋ ਵਿਅਕਤੀ ਸੰਸਾਰ ਨੂੰ ਹੀ ਸੱਚ ਜਾਣ ਲੈਂਦਾ ਹੈ ਅਤੇ ਮੌਤ ਨੂੰ ਭੁਲਾ ਕੇ ਪਰਮਾਤਮਾ ਨੂੰ ਯਾਦ ਨਹੀਂ ਕਰਦਾ। ਸੰਸਾਰ ਦੇ ਬੰਧਨਾਂ ਵਿਚ ਫਸ ਜਾਂਦਾ ਹੈ। ਉਹ ਜੀਵ ਪਰਮਾਤਮਾ ਦੀ ਪ੍ਰਾਪਤੀ ਦੇ ਪਰਮਾਨੰਦ ਤੋਂ ਵਾਂਝਾ ਰਹਿ ਜਾਂਦਾ ਹੈ। ਉਸਦੀ ਰੂਹ ਨੂੰ ਫਿਰ ਨਿਖਿਧ ਜੂਨੀਆਂ ਦੇ ਰੂਪ ਵਿਚ ਪਰਮਾਤਮਾ ਦਾ ਵਿਛੋੜਾ ਝੱਲਣਾ ਪੈਂਦਾ ਹੈ। ਸੰਤ ਲੋਕ ਆਪਣੀ ਮੌਤ ਦੀ ਮੰਜਿਲ ਤੋਂ ਪਹਿਲਾਂ ਹੀ ਜਾਣੂ ਹੁੰਦੇ ਹਨ। ਉਹ ਇਸ ਸੱਚਾਈ ਨੂੰ ਜਾਣਦੇ ਹਨ ਕਿ ਇੱਕ ਦਿਨ ਮੌਤ ਦੇ ਗਲ ਲੱਗਣਾ ਹੀ ਹੈ। ਕਿਉਂਕਿ ਸੰਤ ਸ਼ਬਦ ਸ + ਅੰਤ ਦਾ ਸੁਮੇਲ ਹੈ ਜਿਸ ਤੋਂ ਭਾਵ ਹੈ ਸਹਿਤ ਅੰਤ ਦੇ। ਸੰਤ ਹਮੇਸ਼ਾਂ ਹੀ ਆਪਣੇ ਅੰਤ ਭਾਵ ਮੌਤ ਦੇ ਸਹਿਤ ਹੋ ਕੇ ਆਪਣੇ ਜੀਵਨ ਨੂੰ ਬਤੀਤ ਕਰਦੇ ਹਨ। ਸੰਤ ਬਾਬਾ ਅਮਰ ਸਿੰਘ ਜੀ ਕਿਰਤੀ ਵੀ ਆਪਣੇ ਅੰਤਿਮ ਸਮੇਂ ਦੇ ਜਾਣਕਾਰ ਸਨ। ਇਸ ਲਈ ਸੰਤ ਬਾਬਾ ਅਮਰ ਸਿੰਘ ਜੀ ਕਿਰਤੀ ਅਖੀਰੀ ਸਮੇਂ ਵਿਚ ਬੀਮਾਰ ਹੋ ਗਏ ਸਨ ਤਾਂ ਗਿਆਨੀ ਹਰਭਜਨ ਸਿੰਘ ਜੀ ਢੁੱਡੀਕੇ ਵਾਲਿਆਂ ਨੇ ਆਪ ਜੀ ਦੀ ਕਮਜ਼ੋਰ ਸਿਹਤ ਵੇਖ ਕੇ ਬੇਨਤੀ ਕੀਤੀ ਕਿ ਆਪ ਜੀ ਦੇ ਦੁੱਖ ਦੀ ਨਵਿਰਤੀ ਲਈ ਭਜਨ ਪਾਠ ਕਰ ਦਈਏ ਤਾਂ ਆਪ ਜੀ ਨੇ ਕਿਹਾ ਕਿ ਹੁਣ ਤਾਂ ਸਮਾਂ ਨੇੜੇ ਆ ਚੁੱਕਾ ਹੈ। ਕਿਉਂਕਿ ਆਪ ਜੀ ਆਪਣੇ ਅੰਤ ਸਮੇਂ ਤੋਂ ਪਹਿਲਾਂ ਹੀ ਜਾਣਕਾਰ ਸਨ। ਆਪ ਜੀ ਇਹ ਜਾਣਦੇ ਸਨ ਕਿ ਇਹ ਸਰੀਰ ਇਕ ਗੱਡੀ ਦੀ ਤਰ੍ਹਾਂ ਹੈ ਅਤੇ ਮਨੁੱਖ ਸੰਸਾਰ ਵਿਚ ਸਰੀਰ ਰੂਪੀ ਗੱਡੀ ਰਾਹੀਂ ਸਫਰ ਕਰਨ ਲਈ ਆਇਆ ਹੈ। ਅੰਤ ਵਿਚ ਇਸਨੂੰ ਮੌਤ ਰੂਪੀ ਸਟੇਸ਼ਨ ਉੱਤੇ ਉਤਰਨਾ ਹੀ ਪੈਣਾ ਹੈ। ਕਿਉਂਕਿ ਜ਼ਿੰਦਗੀ ਇੱਕ ਸਫਰ ਹੈ ਅਤੇ ਮੌਤ ਇਕ ਟਿਕਾਣਾ ਜਾਂ ਪੜ੍ਹਾਉ ਹੈ। ਜਿਹੜਾ ਵਿਅਕਤੀ ਜੀਵਨ ਨੂੰ ਸਫਰ ਸਮਝਦਾ ਹੈ ਅਤੇ ਆਪਣੇ ਮੌਤ ਰੂਪੀ ਸਟੇਸ਼ਨ 'ਤੇ ਉਤਰਨ ਲਈ ਪਹਿਲਾਂ ਹੀ ਤਿਆਰੀ ਕਰ ਲੈਂਦਾ ਹੈ, ਉਸ ਨੂੰ ਵਿਛੋੜੇ ਦਾ ਦੁੱਖ ਕਦੇ ਨਹੀਂ ਝੱਲਣਾ ਪੈਂਦਾ। ਜਿਵੇਂ ਕੋਈ ਮਨੁੱਖ ਗੱਡੀ ਵਿਚ ਸਫਰ ਕਰਨ ਲਈ ਚੜ੍ਹਦਾ ਹੈ ਤਾ ਉਹ ਇਹ ਸੋਚ ਕੇ ਸਫਰ ਕਰਦਾ ਹੈ ਕਿ ਮੈਂ ਅਖੀਰ ਆਪਣੀ ਮੰਜ਼ਿਲ 'ਤੇ ਉਤਰ ਜਾਣਾ ਹੈ। ਇਸ ਤਰ੍ਹਾਂ ਸੰਤ ਲੋਕ ਵੀ ਅਖੀਰੀ ਮੰਜ਼ਿਲ ਦੇ ਜਾਣਕਾਰ ਹੁੰਦੇ ਹਨ ਕਿ ਇਕ ਸਮੇਂ ਇਸ ਸਰੀਰ ਨੇ ਮੌਤ ਨੂੰ ਮਿਲਣਾ ਹੈ ਤਾਂ ਕਿਉਂ ਨਾ ਅਪਣੇ ਜੀਵਨ ਨੂੰ ਪਰਮਾਤਮਾ ਦੀ ਬੰਦਗੀ ਕਰਦੇ ਹੋਏ ਪਰਉਪਕਾਰ ਅਤੇ ਸੇਵਾ ਰਾਹੀਂ ਬਿਤਾਉਣਾ ਕਰੀਏ। ਜਿਵੇਂ ਆਮ ਮਨੁੱਖ ਆਪਣੇ ਗੱਡੀ ਦੇ ਸਫਰ ਨੂੰ ਹੱਸਦਾ ਖੇਡਦਾ ਬਤੀਤ ਕਰਦਾ ਹੈ। ਉਸੇ ਪ੍ਰਕਾਰ ਸੰਤ ਲੋਕ ਵੀ ਆਪਣੇ ਜੀਵਨ ਰੂਪੀ

ਮਰਨ ਨੂੰ ਪ੍ਰਮੇਸ਼ਵਰ ਦੀ ਬੰਦਗੀ ਕਰਦੇ ਹੋਏ ਉਥਾ ਜਿਆਂ ਵਿਚ ਇਸ ਸਮਾਨ ਪੰਜ ਤੱਤ ਕੇ ਮਹੀਤ ਕਰਦੇ ਹਨ।

ਪਰ ਜਿਹੜੇ ਜੀਵ ਇਸ ਮਰਨ ਨੂੰ ਸਹੀ ਢੰਗ ਸਾਥ ਲੈਂਦੇ ਹਨ ਆਪਣੀ ਆਤਮ ਸ਼ਕਤੀ ਨੂੰ ਮਨ ਵਿਚੋਂ ਭੁਲਾ ਬੈਠਦੇ ਹਨ ਉਹਨਾ ਨੂੰ ਝੂਠੇ ਸੰਸਾਰ ਦਾ ਵਿਛੋੜਾ ਔਖਾ ਲਗਦਾ ਹੈ। ਜਿਵੇਂ ਸਮੁੰਦਰੀ ਬੇੜੀ ਵਿਚ ਸਫ਼ਰ ਕਰਦਾ ਨਾਲ ਦੇ ਯਾਤਰੀਆਂ ਨਾਲ ਹੀ ਘੁਲ ਮਿਲ ਜਾਵੇ ਅਤੇ ਆਪਣੇ ਸਟੇਸ਼ਨ ਨੂੰ ਭੁੱਲ ਜਾਵੇ ਤਾਂ ਉਸਨੂੰ ਇਕ ਦਮ ਸਟੇਸ਼ਨ 'ਤੇ ਉਤਰਨ ਸਮੇਂ ਬਹੁਤ ਦੁੱਖ ਹੁੰਦਾ ਹੈ। ਇਸ ਤਰ੍ਹਾਂ ਇਸ ਝੂਠੇ ਸੰਸਾਰ ਵਿਚ ਆਪਣੀ ਮੌਤ ਤੋਂ ਭੁੱਲੇ ਹੋਏ ਜੀਵ ਨੂੰ ਵੀ ਮੌਤ ਸਮੇਂ ਬਹੁਤ ਦੁੱਖ ਹੁੰਦਾ ਹੈ। ਪਰ ਜੋ ਆਪਣੀ ਮੌਤ ਨੂੰ ਉਡੀਕਦਾ ਹੈ ਉਸਨੂੰ ਕੋਈ ਵੀ ਦੁੱਖ ਨਹੀਂ ਹੁੰਦਾ ਭਾਵੇਂ ਨਾਲ ਸਾਥੀਆਂ ਨੂੰ ਵਿਛੋੜੇ ਦਾ ਕਿੰਨਾ ਵੀ ਦੁੱਖ ਕਿਉਂ ਨਾ ਹੋਵੇ। ਅਜਿਹੇ ਮਹਾਂਪੁਰਖਾਂ ਨੂੰ ਮੌਤ ਤੋਂ ਉਪਰੰਤ ਪਰਮਾਨੰਦ ਦੀ ਪ੍ਰਾਪਤੀ ਹੁੰਦੀ ਹੈ। ਭਗਤ ਕਬੀਰ ਜੀ ਦਾ ਫ਼ੁਰਮਾਨ ਹੈ:

**ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥**
**ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥**
**(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੧੩੬੫)**

ਜੇ ਵਿਚਾਰ ਕੀਤੀ ਜਾਵੇ ਤਾਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਅੱਜ ਇਕ ਅਗਿਆਨੀ ਜੀਵ ਨੂੰ ਛੱਡ ਕੇ ਸਭ ਹੀ ਆਪਣੇ ਕੇਂਦਰ (ਆਪਣੀ ਉਪਜ) ਵੱਲ ਜਾ ਰਹੇ ਹਨ। ਜਿਵੇਂ ਪਾਣੀ ਦੀਆਂ ਬੂੰਦਾਂ ਪਾਣੀ ਵਿਚ ਹੀ ਜਾ ਕੇ ਸਮਾਉਂਦੀਆਂ ਹਨ ਅਤੇ ਮਿੱਟੀ ਦੇ ਕਣ ਮਿੱਟੀ ਵਿਚ। ਪਰ ਅਗਿਆਨਤਾ ਦੇ ਹਨ੍ਹੇਰੇ ਦੇ ਕਾਰਨ ਜੀਵ ਨੂੰ ਆਪਣਾ ਕੇਂਦਰ ਦਿਖਾਈ ਨਹੀਂ ਦਿੰਦਾ। ਉਹ ਸੰਸਾਰ ਦੇ ਭਰਮ ਵਿਚ ਹੀ ਭੁੱਲਿਆ ਫਿਰਦਾ ਹੈ ਕਿ ਮੈ ਇਸ ਸੰਸਾਰ ਵਿਚ ਕੀ ਕਰਨ ਲਈ ਆਇਆ ਸਾਂ। ਅਗਿਆਨਤਾ ਦੇ ਹਨ੍ਹੇਰੇ ਨੂੰ ਵਿਦਿਆ ਦੇ ਚਾਨਣ ਨਾਲ ਹੀ ਦੂਰ ਕੀਤਾ ਜਾ ਸਕਦਾ ਹੈ। ਸੰਤ ਬਾਬਾ ਅਮਰ ਸਿੰਘ ਜੀ ਕਿਰਤੀ ਨੇ ਵਿਦਿਆ ਦਾ ਵੱਧ ਤੋਂ ਵੱਧ ਪਸਾਰ ਕੀਤਾ। ਆਪ ਜੀ ਨੇ ਵਿੱਦਿਆ ਹਾਸਿਲ ਕਰਕੇ ਪਹਿਲਾ ਕਾਰਜ ਹੀ ਵਿੱਦਿਆ ਵੰਡਣ ਦਾ ਕੀਤਾ। ਆਪ ਜੀ ਨੇ ਆਪਣੇ ਸਾਰੇ ਵਿਦਿਆਰਥੀਆਂ ਨੂੰ ਯੋਗ ਵਿਦਿਆ ਦਿੱਤੀ ਤਾਂ ਕਿ ਅਗਿਆਨਤਾ ਦਾ ਹਨ੍ਹੇਰਾ ਦੂਰ ਹੋ ਸਕੇ ਅਤੇ ਉਹ ਆਪਣੇ ਪਰਮਾਰਥ ਨੂੰ ਸੰਭਾਲ ਸਕਣ। ਕਿਉਂਕਿ ਮਨੁੱਖ ਜੂਨੀ ਹੀ ਸਾਨੂੰ ਬੰਦਗੀ ਕਰਨ ਵਾਸਤੇ ਮਿਲੀ ਹੈ ਤਾਂ ਕਿ ਸਾਨੂੰ ਉਸ ਸੱਚੇ ਪ੍ਰੀਤਮ ਦੀ ਪ੍ਰਾਪਤੀ ਹੋ ਸਕੇ। ਜੇ ਅਸੀਂ ਸੋਚੀਏ ਤਾਂ ਸਾਡੀ ਮੌਤ ਉਪਰੰਤ ਸਾਡਾ ਜੋ ਪੰਜ-ਭੂਤਕ ਸਰੀਰ ਹੈ ਇਸਦੇ ਸਾਰੇ ਤੱਤ ਆਪੋ ਆਪਣੀ ਉਪਜ ਵਿਚ ਸਮਾ ਜਾਂਦੇ ਹਨ। ਪਾਣੀ ਪਾਣੀ ਵਿਚ, ਅੱਗ ਅੱਗ ਵਿਚ, ਧਰਤੀ ਧਰਤੀ ਵਿਚ, ਅਕਾਸ਼ ਅਕਾਸ਼ ਵਿਚ ਅਤੇ ਵਾਯੂ ਵਾਯੂ ਵਿਚ। ਪਰ ਪ੍ਰਮੇਸ਼ਵਰ ਦੀ ਪ੍ਰੇਮਾ ਭਗਤੀ ਤੋਂ ਬਿਨਾਂ ਕੇਵਲ ਸਾਡਾ ਆਤਮ ਹੀ ਬ੍ਰਹਮ ਵਿਚ ਲੀਨ ਨਹੀਂ ਹੁੰਦਾ। ਹੋਰ ਨਿਖਿੱਧ ਜੂਨੀਆਂ ਵਿਚ ਭਟਕਣ ਲਗ ਜਾਂਦਾ ਹੈ। ਜਿਸ ਮਨੁੱਖ ਨੂੰ ਗਿਆਨ ਦੀ ਪ੍ਰਾਪਤੀ ਹੁੰਦੀ ਹੈ; ਉਹ ਪਰਮਾਤਮਾ ਦੇ ਧਿਆਨ ਵਿਚ ਆਪਣੇ ਜੀਵਨ ਨੂੰ ਲਗਾ ਲੈਂਦਾ ਹੈ। ਉਸਦਾ ਆਤਮ ਵੀ ਬ੍ਰਹਮ ਵਿਚ ਲੀਨ ਹੋ ਜਾਂਦਾ ਹੈ ਅਤੇ ਉਸਨੂੰ ਮੁਕਤੀ ਦੀ ਪ੍ਰਾਪਤੀ ਹੋ ਜਾਂਦੀ ਹੈ। ਸੰਤ ਬਾਬਾ ਅਮਰ ਸਿੰਘ ਜੀ ਕ੍ਰਿਤੀ ਨੇ ਪੁਰਾਣੇ ਮਹਾਂਪੁਰਖਾਂ ਅਤੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂਵਾਲਿਆਂ

ਦੁਆਰਾ ਪ੍ਰਾਪਤ ਸਿੱਖਿਆ ਰਾਹੀਂ ਵਿੱਦਿਆ ਦੇ ਮਾਰਗ 'ਤੇ ਚੱਲਦੇ ਹੋਏ ਅਨੇਕ ਵਿਦਿਆਰਥੀਆਂ ਅਤੇ ਗੁਰਮੁੱਖਾਂ ਨੂੰ ਗਿਆਨ ਦੀ ਰੌਸ਼ਨੀ ਦਿਖਾ ਕੇ ਅਗਿਆਨਤਾ ਦੇ ਹਨ੍ਹੇਰੇ ਨੂੰ ਦੂਰ ਕੀਤਾ।

ਆਪਣੇ ਪਰਮਾਰਥ ਦੀ ਸੰਭਾਲ ਅਤੇ ਸੱਚੇ ਪ੍ਰੀਤਮ ਦੀ ਪ੍ਰਾਪਤੀ ਲਈ ਜੀਵ ਨੂੰ ਹਮੇਸ਼ਾਂ ਇੱਕ ਇਸ਼ਟ ਦੀ ਉਪਾਸ਼ਨਾ ਹੀ ਕਰਨੀ ਚਾਹੀਦੀ ਹੈ। ਬਹੁਤੀਆਂ ਥਾਵਾਂ 'ਤੇ ਭਟਕਣਾ ਨਹੀਂ ਚਾਹੀਦਾ ਕਿਉਂਕਿ ਬਹੁਤੀਆਂ ਥਾਵਾਂ 'ਤੇ ਭਟਕਣ ਨਾਲ ਉਸਨੂੰ ਕੋਈ ਲਾਭ ਪ੍ਰਾਪਤ ਨਹੀਂ ਹੋ ਸਕਦਾ। ਮਾਇਆ ਨੇ ਥਾਂ-ਥਾਂ 'ਤੇ ਭੋਗ ਪਦਾਰਥਾਂ ਰੂਪੀ ਜਾਲ ਵਿਛਾਇਆ ਹੋਇਆ ਹੈ ਜਿਸ ਕਰਕੇ ਥਾਂ-ਥਾਂ ਤੇ ਭਟਕਣ ਨਾਲ ਸਾਡਾ ਮਨ ਰੂਪੀ ਪੰਛੀ ਜਾਲ ਵਿਚ ਫਸ ਜਾਂਦਾ ਹੈ। ਜਿਸ ਕਰਕੇ ਮਨੁੱਖ ਦੀ ਸੁਰਤ ਬਹੁਤ ਕਮਜ਼ੋਰ ਹੋ ਜਾਂਦੀ ਹੈ। ਫਿਰ ਇਹੋ ਜਿਹੀ ਦੁਖਦਾਈ ਹਾਲਤ ਸਤਿਗੁਰ ਦੀ ਕ੍ਰਿਪਾ ਨਾਲ ਸੰਤ ਬਾਬਾ ਅਮਰ ਸਿੰਘ ਜੀ ਕ੍ਰਿਤੀ ਵਰਗੇ ਮਹਾਂਪੁਰਖਾਂ ਦੇ ਮਿਲਾਪ ਹੋਣ ਨਾਲ ਹੀ ਸੁਧਰ ਸਕਦੀ ਹੈ। ਇਹੋ ਜਿਹੇ ਮਹਾਂਪੁਰਖ ਜੀਵ ਨੂੰ ਪਰਮਾਤਮਾ ਨਾਲ ਮਿਲਣ ਦਾ ਗਿਆਨ ਦੇਣ ਦਾ ਸਾਧਨ ਹੁੰਦੇ ਹਨ। ਮਹਾਂਪੁਰਖ ਮਨੁੱਖ ਦੇ ਅਗਿਆਨ ਅਤੇ ਵਿਕਾਰਾਂ ਰੂਪੀ ਅੱਗ ਤੇ ਗਿਆਨ ਰੂਪੀ ਪਾਣੀ ਦਾ ਛੱਟਾ ਦੇ ਦਿੰਦੇ ਹਨ। ਜਿਸ ਸਦਕਾ ਵਿਕਾਰਾਂ ਰੂਪੀ ਅੱਗ ਬੁਝ ਜਾਂਦੀ ਹੈ। ਸੰਸਾਰ ਦੇ ਸਾਰੇ ਬੰਧਨ ਕੱਟੇ ਜਾਂਦੇ ਹਨ ਅਤੇ ਮਨ ਨੂੰ ਜਿੱਤ ਲਿਆ ਜਾਂਦਾ ਹੈ। ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫੁਰਮਾਨ ਹੈ:-

**ਫਾਹੇ ਕਾਟੇ ਮਿਟੇ ਗਵਨ ਫਤਹਿ ਭਈ ਮਨਿ ਜੀਤ ॥**

**(ਸ਼੍ਰੀ ਗੁਰੂ ਗ੍ਰੰਥ ਸਾਹਿਬ ਅੰਗ ੨੫੮)**

ਸੰਤ ਬਾਬਾ ਅਮਰ ਸਿੰਘ ਜੀ ਕਿਰਤੀ ਦੀ ਸੰਗਤ ਕਰਕੇ ਕਈ ਗੁਰਮੁੱਖਾਂ ਨੇ ਆਪਣੇ ਜੀਵਨ ਨੂੰ ਸਵਾਰਿਆ। ਆਪ ਜੀ ਦੀ ਸੰਗਤ ਨਾਲ ਗੁਰਮੁਖਾਂ ਨੂੰ ਸੱਚਾਈ ਦਾ ਪਤਾ ਲੱਗਾ ਅਤੇ ਸੰਸਾਰ ਦੇ ਸੁੱਖ ਤੁਛ ਭਾਸ਼ਣ ਲੱਗੇ। ਉਹਨਾਂ ਨੇ ਆਪਣੇ ਜੀਵਨ ਨੂੰ ਪਰਮਾਨੰਦ ਦੀ ਘਾਟੀ ਤੇ ਖੜ੍ਹਾ ਕੀਤਾ। ਸੰਤ ਬਾਬਾ ਅਮਰ ਸਿੰਘ ਜੀ ਕਿਰਤੀ ਨੇ ਗੁਰੂ ਘਰ ਦੀ ਸੇਵਾ, ਵਿਦਿਆ ਦੀ ਲਗਨ ਅਤੇ ਨਾਮ ਸਿਮਰਨ ਸਦਕਾ ਸਹਿਜੇ ਹੀ ਸੰਤ ਪਦਵੀ ਨੂੰ ਪ੍ਰਾਪਤ ਕੀਤਾ ਅਤੇ ਪਰਮਾਨੰਦ ਦੀ ਘਾਟੀ ਤੇ ਖੜ੍ਹੇ ਹੋ ਕੇ ਹੋਰਨਾਂ ਨੂੰ ਵੀ ਇਸ ਘਾਟੀ ਦਾ ਆਨੰਦ ਮਾਨਣ ਲਈ ਹੋਕਾ ਦਿੱਤਾ। ਜਿਸ ਨੂੰ ਵੀ ਇਹ ਅਨਮੋਲ ਖਜ਼ਾਨਾ ਪ੍ਰਾਪਤ ਹੋ ਜਾਂਦਾ ਹੈ। ਉਹ ਸੰਸਾਰਿਕ ਸੁੱਖਾਂ, ਤਖਤਾਂ ਤਾਜਾਂ, ਹੀਰੇ ਜਵਾਹਰਾਤਾਂ ਅਤੇ ਦੌਲਤ ਸ਼ੁਹਰਤ ਨੂੰ ਨਾਸ਼ਵੰਤ ਜਾਣ ਲੈਂਦਾ ਹੈ। ਉਹ ਇਹਨਾਂ ਵੱਲੋਂ ਉਪਰਾਮ ਹੋ ਕੇ ਪਰਮਾਤਮਾ ਦੇ ਧਿਆਨ ਵਿਚ ਆਪਣਾ ਜੀਵਨ ਬਤੀਤ ਕਰਨ ਲੱਗ ਪੈਂਦਾ ਹੈ। ਸੰਤ ਬਾਬਾ ਅਮਰ ਸਿੰਘ ਜੀ ਕਿਰਤੀ ਨੇ ਜੀਵਾਂ ਨੂੰ ਇਸ ਅਨਮੋਲ ਖਜ਼ਾਨੇ ਪ੍ਰਤੀ ਜਾਗਰੂਕ ਕਰਨ ਲਈ ਆਪਣਾ ਸਾਰਾ ਜੀਵਨ ਹੀ ਲਗਾ ਦਿੱਤਾ।

ਹਜ਼ੂਰ ਬਾਣੀ ਵਿਚ ਕਥਨ ਕਰਦੇ ਹਨ ਕਿ ਇਹ ਮਨੁੱਖਾ ਜੀਵਨ ਵਾਹਿਗੁਰੂ ਜੀ ਦੀ ਪ੍ਰਾਪਤੀ ਲਈ ਹੀ ਮਿਲਿਆ ਹੈ। ਇਹ ਜੀਵਨ ਸੱਚੇ ਪ੍ਰੀਤਮ ਨੂੰ ਮਿਲਣ ਦੀ ਵਾਰੀ ਹੈ:-

**ਭਈ ਪਰਾਪਤਿ ਮਾਨੁਖ ਦੇਹੁਰੀਆ॥**

**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥**

ਮਨੁੱਖ ਆਪਣੇ ਪਰਮਾਰਥ ਨੂੰ ਭੁਲਾ ਕੇ ਸਰੀਰ ਦੇ ਸੰਬੰਧ ਕਰਕੇ ਲੋੜਾਂ ਅਤੇ ਲੋੜਾਂ ਤੋਂ ਵੱਧ ਖਾਹਿਸ਼ਾ ਵਿਚ ਪੈ ਜਾਂਦਾ ਹੈ। ਜਿਸ ਕਰਕੇ ਆਪਣੇ ਅਸਲ ਮਨੋਰਥ ਤੋਂ ਬਹੁਤ ਦੂਰ ਪਹੁੰਚ ਜਾਂਦਾ ਹੈ।

ਮਨੁੱਖ ਆਪਣੀਆਂ ਖਾਹਿਸ਼ਾਂ ਦੀ ਪੂਰਤੀ ਲਈ ਬਹੁਤ ਦੌੜ ਭੱਜ ਕਰਦਾ ਹੈ ਪਰ ਲੱਖਾਂ ਕੁਝ ਮਿਲਣ ਦੇ ਬਾਅਦ ਵੀ ਖਾਹਿਸ਼ਾਂ ਦੀ ਪੂਰਤੀ ਨਹੀਂ ਹੁੰਦੀ। ਉਹ ਵਿਸ਼ੇ ਵਿਕਾਰਾਂ ਵਿਚ ਗਲਤਾਨ ਹੋਇਆ ਜਦੋਂ ਅਜਿਹੇ ਰਸਤੇ ਵਿਚ ਭਟਕਦਾ ਰਹਿੰਦਾ ਹੈ ਤਾਂ ਕਿਸੇ ਸਮੇਂ ਜੇ ਉਸਦੇ ਪੂਰਬਲੇ ਕਰਮ ਹੋਣ ਤਾਂ ਉਸਦਾ ਮਿਲਾਪ ਸੰਤ ਬਾਬਾ ਅਮਰ ਸਿੰਘ ਜੀ ਕਿਰਤੀ ਵਰਗੇ ਸਤਪੁਰਸ਼ਾਂ ਨਾਲ ਹੋ ਜਾਂਦਾ ਹੈ। ਜਿਸ ਸਦਕਾ ਮਨ ਵਿਚ ਵੈਰਾਗ ਪੈਦਾ ਹੋ ਜਾਂਦਾ ਹੈ। ਸੰਤਾਂ ਦੁਆਰਾ ਦਿੱਤੇ ਗਿਆਨ ਦੀ ਰੌਸ਼ਨੀ ਦੇ ਸਦਕਾ ਵਿਕਾਰਾਂ, ਖਾਹਿਸ਼ਾਂ ਰੂਪੀ ਹਨੇਰਾ ਦੂਰ ਹੋ ਜਾਂਦਾ ਹੈ। ਜੀਵ ਨੂੰ ਸੱਚ ਦੇ ਮਾਰਗ ਤੇ ਚਲਣ ਦੀ ਪ੍ਰੇਰਨਾ ਮਿਲਦੀ ਹੈ। ਜਿਸ ਨਾਲ ਉਸ ਦਾ ਸਰੀਰਕ ਸਫਰ ਬਹੁਤ ਵਧੀਆ ਢੰਗ ਨਾਲ ਪਰਮਾਤਮਾ ਦੀ ਬੰਦਗੀ ਕਰਦੇ ਹੋਏ ਬਤੀਤ ਹੁੰਦਾ ਹੈ। ਉਸ ਨੂੰ ਜੀਵਨ ਦੀ ਸੱਚਾਈ ਦਾ ਪਤਾ ਲਗ ਜਾਂਦਾ ਹੈ ਕਿ :-

**ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜ ਕੈ ਕਾਲਿ॥**

ਤੱਤ ਬੇਤੇ ਮਹਾਂਪੁਰਖਾਂ ਦਾ ਸੂਖਮ ਸਰੀਰ ਅੰਤ ਸਮੇਂ ਕਿਸੇ ਦੇਸ਼ ਨੂੰ ਗਮਨ ਨਹੀਂ ਕਰਦਾ। ਸੰਤ ਬਾਬਾ ਅਮਰ ਸਿੰਘ ਜੀ ਕਿਰਤੀ ਦੀ 'ਮਨ ਨਾਸ਼, ਵਾਸ਼ਨਾ ਖੈ, ਤੱਤ ਗਿਆਨ' ਵਿਚ ਨੇਸ਼ਟਾ ਹੋਣ ਕਰਕੇ ਆਪ ਜੀ ਨੇ ਸਰੀਰ ਦੇ ਹੁੰਦਿਆਂ ਵੀ ਜੀਵਨ ਮੁਕਤੀ ਦੇ ਆਨੰਦ ਨੂੰ ਮਾਣਿਆ। ਸੰਸਾਰ ਤੇ ਜਨਮ ਲੈਣਾ ਹੀ ਮਰਨ ਦੀ ਨਿਸ਼ਾਨੀ ਹੈ। ਮਨੁੱਖ ਦਾ ਜਨਮ ਹੀ ਮਰਣ ਵਾਸਤੇ ਹੋਇਆ ਹੈ। ਸਮਾਂ ਆਏ ਤੋਂ ਕੋਈ ਵੀ ਸ਼ਕਤੀ ਕਾਲ ਤੋਂ ਬਚਾ ਨਹੀਂ ਸਕਦੀ। ਭਗਤ ਕਬੀਰ ਜੀ ਬਚਨ ਕਰਦੇ ਹਨ

**ਅਨਿਕ ਜਤਨ ਕਰਿ ਇਹੁ ਤਨੁ ਰਾਖਹੁ ਰਹੈ ਅਵਸਥਾ ਪੂਰੇ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੧੧੨੪)

ਮਨੁੱਖ ਦਾ ਆਦਿ ਮਾਤਾ ਦੀ ਗੋਦ ਅਤੇ ਅੰਤ ਸ਼ਮਸ਼ਾਨ ਭੂਮੀ ਹੈ। ਭਾਵੇਂ ਆਮ ਲੋਕੀਂ ਸੰਸਾਰ ਸਮੁੰਦਰ ਵਿਚ ਮੌਤ ਨੂੰ ਇਕ ਬੜੀ ਸਖਤ ਚੱਟਾਨ ਮੰਨਦੇ ਹਨ। ਜਿਸ ਨਾਲ ਟਕਰਾ ਕੇ ਅਨੇਕਾਂ ਜ਼ਿੰਦਗੀ ਰੂਪੀ ਬੇੜੀਆਂ ਪਾਸ਼ ਪਾਸ਼ ਹੋ ਗਈਆਂ। ਪਰ ਮਹਾਂਪੁਰਖਾਂ ਦੀ ਮੌਤ ਵੱਖਰੀ ਹੁੰਦੀ ਹੈ। ਉਹਨਾ ਦੇ ਮਨ ਵਿਚ ਸਦਾ ਮੌਤ ਦਾ ਚਾਅ ਬਣਿਆ ਰਹਿੰਦਾ ਹੈ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਫੁਰਮਾਨ ਕਰਦੇ ਹਨ:-

**ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੫੭੯)

ਭਾਵ ਕਿ ਉਹਨਾਂ ਬਾਹਰੀ ਤੌਰ 'ਤੇ ਧਰਮ ਦੀ ਖਾਤਰ ਲੜ ਮਰਨ ਵਾਲੇ ਸੂਰਮਿਆਂ ਅਤੇ ਉਹਨਾ ਸੂਰਮਿਆਂ ਦਾ ਜਿੰਨ੍ਹਾਂ ਬਾਰੇ ਸਤਿਗੁਰੂ ਜੀ ਦਾ ਫੁਰਮਾਨ ਹੈ:-

**ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥**
**ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ॥**

ਮਰਣਾ ਹੀ ਸਫਲਾ ਹੈ ਜੋ ਪ੍ਰਮਾਣੀਕ ਹੋ ਕੇ ਮਰਦੇ ਹਨ ਭਾਵ ਆਪਣਾ ਜੀਵਨ ਸਫਲਾ ਕਰਕੇ ਮਰਦੇ ਹਨ। ਇਸ ਤਰ੍ਹਾਂ ਸਿਮਰਨ-ਸੇਵਾ ਦੁਆਰਾ ਆਪਣਾ ਜੀਵਨ ਸਫਲ ਕਰਦੇ ਹੋਏ ਸੰਤ ਬਾਬਾ ਅਮਰ ਸਿੰਘ ਜੀ ਕਿਰਤੀ ਨੇ ੨੪ ਜੁਲਾਈ ੧੯੯੪ ਈ ਨੂੰ ਸ਼ਾਮ ਦੇ ੮ ਵਜੇ ਭਾਈ ਦਰਸ਼ਨ ਸਿੰਘ ਸੇਵਾਦਾਰ ਨੂੰ ਅਵਾਜ਼ ਮਾਰੀ ਕਿ ਭਾਈ ਦਰਸ਼ਨ ਸਿੰਘ ਅਸੀਂ ਚੱਲੇ ਹਾਂ। ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥ ਇਸ ਤਰ੍ਹਾਂ ਸੰਤ ਬਾਬਾ ਅਮਰ ਸਿੰਘ ਜੀ ਕ੍ਰਿਤੀ ੨੪ ਜੁਲਾਈ ੧੯੯੪

ਈ. ਨੂੰ ਦੇਹ ਦੀ ਕੈਦ ਤੋਂ ਅਜ਼ਾਦ ਹੋ ਕੇ ਆਪਣੇ ਸੱਚੇ ਪ੍ਰੀਤਮ ਵਿਚ ਪੂਰਨ ਅਭੇਦ ਹੋ ਗਏ। ਸੰਤ ਬਾਬਾ ਅਮਰ ਸਿੰਘ ਜੀ ਕਿਰਤੀ ਨੇ ਗੁਰਮਤਿ ਰਹਿਤ ਵਿਚ ਪਰਪੱਕ ਰਹਿ ਕੇ ਹਮੇਸ਼ਾ ਕਾਲ ਨੂੰ ਚੇਤੇ ਰੱਖਿਆ ਅਤੇ ਵਿਕਾਰਾਂ ਤੋਂ ਬਚ ਕੇ ਜੀਵਨ ਨੂੰ ਸੱਚੇ ਪਰਮਾਤਮਾ ਦੀ ਭਗਤੀ ਵਿਚ ਲਗਾਇਆ। ਜ਼ਿੰਦਗੀ ਦਾ ਬਹੁਤ ਲੰਮਾ ਸਮਾਂ ਸਤਿਗੁਰੂ ਜੀ ਦੀਆਂ ਸਿੱਖਿਆਵਾਂ ਉਪੱਰ ਪਹਿਰਾ ਦਿੰਦਿਆਂ ਬਤੀਤ ਕੀਤਾ। ਆਪਣੀ ਆਯੂ ਵਿਚ ਜਿੰਨੀ ਸਤਿਗੁਰੂ ਜੀ ਨੇ ਕਿਰਪਾ ਕੀਤੀ ਵੱਧ ਤੋਂ ਵੱਧ ਸਿੰਘਾਂ ਨੂੰ ਵਿਦਿਆ ਪੜਾਈ। ਮਹਾਂਪੁਰਖਾਂ ਦੇ ਪਰਉਪਕਾਰ ਹਮੇਸ਼ਾਂ ਵਾਸਤੇ ਦੁਨੀਆਂ ਵਿਚ ਚੰਗੀ ਸੋਚ ਵਾਲਿਆਂ ਲਈ ਪ੍ਰੇਰਨਾ ਸਰੋਤ ਬਣੇ ਰਹਿਣਗੇ।

ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ॥
ਗੁਰਮੁਖਿ ਕ੍ਰਿਪਾ ਕਰੇ ਭਗਤਿ ਕੀਜੈ ਬਿਨੁ ਗੁਰ ਭਗਤਿ ਨ ਹੋਇ ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੬੪)
ਕਾਲੁ ਜਾਲੁ ਜਮੁ ਜੋਹਿ ਨ ਸਾਕੈ ਭਾਇ ਭਗਤਿ ਭੈ ਤਰਣਾ ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੭੬)
ਗੁਰ ਤੇ ਸਾਤਿ ਭਗਤਿ ਕਰੇ ਦਿਨੁ ਰਾਤੀ ਗੁਣ ਕਹਿ ਗੁਣੀ ਸਮਾਵਣਿਆ ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੧੧੭)
ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ
ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ ॥
ਤਿਨ ਕੀ ਸੰਗਤਿ ਦੇਹਿ ਪ੍ਰਭ ਮੈ ਜਾਚਿਕ ਕੀ ਅਰਦਾਸਿ ॥
ਕਹਤ ਕਬੀਰ ਛੋਡਿ ਬਿਖਿਆ ਰਸ
ਇਤੁ ਸੰਗਤਿ ਨਿਹਚਉ ਮਰਣਾ ॥
ਇਤੁ ਸੰਗਤਿ ਨਾਹੀ ਮਰਣਾ ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੯੨)
ਬਗੁਲਾ ਕਾਗ ਨੀਚ ਕੀ ਸੰਗਤਿ
ਜਾਇ ਕਰੰਗ ਬਿਖੂ ਮੁਖਿ ਲਾਈਐ ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੮੯੧)
ਕਬੀਰ ਸੰਗਤਿ ਕਰੀਐ ਸਾਧ ਕੀ
ਅੰਤਿ ਕਰੈ ਨਿਰਬਾਹੁ ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੧੩੬੯)
ਕਰਹੁ ਜਾਚਨਾ ਤੁਮਤੇ ਸੋਈ ॥
ਮਮ ਇੱਛਾ ਭੀ ਪੂਰਨ ਹੋਈ ॥
ਗੁਰੂ ਨਾਨਕ ਸੁਖ ਅੰਤਰਜਾਮੀ ॥
ਕਰਹਿ ਸਹਾਇ ਹਰ ਥਾਂ ਸੁਆਮੀ ॥
ਇਕ ਪਲ ਨਹਿ ਰਿਦੈ ਵਿਸਾਰਹੁ ॥

Online TV Channel

# ਸਚ ਕੀ ਬੇਲਾ

## ਅਖ਼ਬਾਰ ਦੀ ਇਕ ਹੋਰ ਪੁਲਾਂਘ

## ਆਨਲਾਈਨ ਟੀ.ਵੀ. ਚੈਨਲ ਨਾਲ

**ਪ੍ਰੋਗਰਾਮਾਂ ਦਾ ਵੇਰਵਾ**

ਨਿੱਤਨੇਮ : ਸਵੇਰੇ 4.00 ਵਜੇ

ਗੁਰਬਾਣੀ ਸ਼ੁੱਧ ਪਾਠਬੋਧ ਸਮਾਗਮ : ਸਵੇਰੇ 6.00 ਵਜੇ, ਮੁੜ ਪ੍ਰਸਾਰਣ ਸ਼ਾਮੀਂ 6.00 ਵਜੇ

ਭਾਈ ਗੁਰਇਕਬਾਲ ਸਿੰਘ ਜੀ ਦਾ ਕੀਰਤਨ : ਸਵੇਰੇ 7.00 ਵਜੇ, ਮੁੜ ਪ੍ਰਸਾਰਣ ਸ਼ਾਮੀਂ 7.00 ਵਜੇ

ਭਾਈ ਗੁਰਦਾਸ ਜੀ ਦੀਆਂ ਵਾਰਾਂ ਦੀ ਕਥਾ : ਸਵੇਰੇ 7.30 ਵਜੇ ਮੁੜ ਪ੍ਰਸਾਰਣ ਸ਼ਾਮੀਂ 7.30 ਵਜੇ

ਕਥਾਵਾਚਕ ਭਾਈ ਮਨਦੀਪ ਸਿੰਘ

ਗੁਰਦੁਆਰਾ ਦਮਦਮਾ ਸਾਹਿਬ ਛਾਉਣੀ ਨਿਹੰਗ ਸਿੰਘਾਂ, ਪਿੰਡ ਰਕਬਾ

ਕਥਾ ਸ੍ਰੀ ਜਾਪ ਸਾਹਿਬ : ਸਵੇਰੇ 8.30 ਵਜੇ, ਮੁੜ ਪ੍ਰਸਾਰਣ ਸ਼ਾਮੀਂ 8.30 ਵਜੇ

ਢਾਡੀ ਵਾਰਾਂ : ਸਵੇਰੇ 9.30 ਵਜੇ, ਮੁੜ ਪ੍ਰਸਾਰਣ ਸ਼ਾਮੀਂ 9.30 ਵਜੇ


ਕਲਿਕ ਕਰੋ www.suchkibela.com. www.sachkibela.org

**ਫਿਰ ਤੁਸੀਂ ਆਪਣਾ ਕੋਈ ਵੀ ਪ੍ਰੋਗਰਾਮ 'ਸਚ ਕੀ ਬੇਲਾ' ਦੇ ਮਾਧਿਅਮ ਰਾਹੀਂ ਪੂਰੀ ਦੁਨੀਆ ਵਿਚ ਲਾਈਵ ਦਿਖਾ ਸਕੋਗੇ।**

ਤੁਹਾਡੀਆਂ ਅਸੀਸਾਂ ਅਤੇ ਭਰਵੇਂ ਹੁੰਗਾਰੇ ਦੀ ਆਸ ਵਿਚ

**ਅਦਾਰਾ ਸਚ ਕੀ ਬੇਲਾ**

ਮੋਬਾ. : 98762-04624, E-mail : asdiwana@gmail.com



# ਗੁਰਦੁਆਰਾ ਨਾਨਕਸਰ ਠਾਠ (ਛਾਂਗਾ) ਫਿਰੋਜ਼ਪੁਰ



ਮਹੰਤ ਰਾਮ ਸਿੰਘ ਜੀ



ਸੰਤ ਦਰਸ਼ਨ ਸਿੰਘ



ਬਾਬਾ ਹਰਚਰਨ ਸਿੰਘ ਜੀ
ਕਮਾਣੇ ਵਾਲੇ



ਗਿਆਨੀ ਦੀਦਾਰ ਸਿੰਘ ਜੀ
ਹਾਂਸਪੁਰ



ਗਿਆਨੀ ਕੌਰ ਸਿੰਘ ਜੀ



ਗਿਆਨੀ ਇਕਬਾਲ ਸਿੰਘ ਜੀ
ਤੁਗਲਵਾਲੇ




ਪ੍ਰਕਾਸ਼ਕ

**ਸਚ ਕੀ ਬੇਲਾ**

ਪਿੰਡ ਦੀਵਾਨਾ, ਜ਼ਿਲ੍ਹਾ ਬਰਨਾਲਾ

ਫੋਨ : 98762-04624

asdiwana@gmail.com www.suchkibela.com



ਲੇਖਕ

# ਸ਼ਹੀਦ ਬਾਬਾ ਦੀਪ ਸਿੰਘ ਜੀ ਗ੍ਰੰਥੀ ਸਭਾ ਆਲਇੰਡੀਆ



ਗੁਰੂ ਗ੍ਰੰਥ ਸਾਹਿਬ ਜੀ ਦੇ ਦੋਸ਼ੀਆਂ ਨੂੰ ਸਜ਼ਾ
ਦਿਵਾਉਣ ਲਈ ਅਤੇ ਇਨਸਾਫ਼ ਲੈਣ ਲਈ
ਕਾਨੂੰਨੀ ਕਾਰਵਾਈ ਕਰਨ ਲਈ ਰਾਸ਼ਟਰਪਤੀ ਨੂੰ
ਮੰਗ ਪੱਤਰ ਦੇਣ ਲਈ ਸੰਗਤਾਂ ਫ਼ਾਰਮ ਉੱਤੇ
ਆਪੋ ਆਪਣੇ ਦਸਤਖਤ ਜ਼ਰੂਰ ਕਰੋ ਜੀ ਅਤੇ
ਅੱਗੇ ਸੰਗਤਾਂ ਨੂੰ ਜਾਗਰੂਪ ਕਰੋ ਜੀ ਧੰਨਵਾਦ ਜੀ,
ਦਰਦ ਰੱਖਣ ਵਾਲੇ ਜ਼ਰੂਰ ਬੇਨਤੀ ਪ੍ਰਵਾਨ ਕਰਨਗੇ ਜੀ।



